# 'ਓਅੰਕਾਰ' ਚੋਂ ਮਾਣਕ ਮੋਤੀ

"ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ"
ਮਾਝ ਮਹਲਾ ੫

[illegible] ਸਿੰਘ
26, ਸ਼ਿਵਾਲਾ ਰੋਡ, ਅੰਮ੍ਰਿਤਸਰ


ਪ੍ਰਕਾਸ਼ਕ :-

ਭਗਤ ਪੂਰਨ ਸਿੰਘ ਪਿੰਗਲਵਾੜਾ
ਤਹਿਸੀਲਪੁਰਾ ਜੀ. ਟੀ. ਰੋਡ, ਅੰਮ੍ਰਿਤਸਰ



Sri Satguru Jagjit Singh Ji eLibrary NamdhariElibrary@gmail.com

੧ ੴ ਸਤਿਗੁਰ ਪ੍ਰਸਾਦਿ ॥

# 'ਓਅੰਕਾਰੁ' 'ਚੋਂ ਮਾਣਕ ਮੋਤੀ

"ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ"

(ਮਾਝ ਮਹਲਾ ੫, ਪੰਨਾ ੧੩੪)


–ਕ੍ਰਿਤ–

**ਨਰੈਣ ਸਿੰਘ**



ਪ੍ਰਕਾਸ਼ਕ :–

1924 ਦੀ ਵੀਹਾਂ ਸਾਲਾਂ ਦੀ ਉਮਰ ਤੋਂ 18 ਅਗਸਤ 1947 ਤਕ 24 ਸਾਲ ਦਾ ਸਮਾਂ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੇ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਛਤਰ-ਛਾਇਆ ਹੇਠ ਰਹਿ ਚੁਕਿਆ ਪ੍ਰਾਣੀ-ਮਾਤਰ ਦਾ ਸੇਵਾਦਾਰ

**ਭਗਤ ਪੂਰਨ ਸਿੰਘ**

ਸੰਸਥਾਪਕ ਪਿੰਗਲਵਾੜਾ, ਤਹਿਸੀਲਪੁਰਾ ਜੀ. ਟੀ. ਰੋਡ,

ਸ੍ਰੀ ਅੰਮ੍ਰਿਤਸਰ



Sri Satguru Jagjit Singh Ji eLibrary NamdhariElibrary@gmail.com

# ਰਾਧਾ ਸੁਆਮੀ ਭੰਨ-ਤੋੜ ਦਾ ਅਨੂਪਮ ਇਲਾਜ : ਗੁਰਮਤਿ ਦੇ ਮਾਣਕ ਮੋਤੀ ਪਛਾਣੋ !

ਇਹ ਅਮੋਲਕ ਪੁਸਤਕ ਪ੍ਰਕਾਸ਼ਤ ਕਰ ਕੇ ਮੈਨੂੰ ਬੇ-ਹੱਦ ਖ਼ੁਸ਼ੀ ਹੋ ਰਹੀ ਹੈ। ਸਤਿਗੁਰੂ ਜੀ ਦੀ ਇਹ ਅਪਾਰ ਕ੍ਰਿਪਾ ਹੈ ਕਿ ਮੇਰੇ ਜੈਸੇ ਗ਼ਰੀਬ, ਨਿਮਾਣੇ, ਨਿਤਾਣੇ, "ਰੂਪ ਹੀਨ, ਬੁਧਿ ਬਲ ਹੀਨ", ਜਿਸ ਦਾ ਟੱਬਰ ਵੀ ਅਨਾਥਾਂ, ਅਪਾਹਜਾਂ, ਅੰਗ-ਹੀਨਾਂ ਤੇ ਦੁਰਕਾਰਿਆਂ ਹੋਇਆਂ ਦਾ ਹੀ ਬਣਿਆ ਹੋਇਆ ਹੈ, ਤੋਂ ਅਜਿਹੀ ਮਹਾਨ ਸੇਵਾ ਲਈ ਜਾ ਰਹੀ ਹੈ, ਜਿਸ ਦਾ ਮੈਨੂੰ ਕਦੇ ਸੁਪਨਾ ਵੀ ਨਹੀਂ ਸੀ ਹੋ ਸਕਦਾ। ਗੁਰੂ ਅਰਜਨ ਦੇਵ ਜੀ ਦੇ ਇਹ ਬਚਨ ਮੈਨੂੰ ਹਰ ਸਮੇਂ ਯਾਦ ਆਉਂਦੇ ਰਹਿੰਦੇ ਹਨ :—

"ਨਾ ਮੈ ਕੁਲੁ ਨਾ ਸੋਭਾਵੰਤ ॥
ਕਿਆ ਜਾਨਾ ਕਿਉ ਭਾਨੀ ਕੰਤ ॥
ਮੋਹਿ ਅਨਾਥ ਗਰੀਬ ਨਿਮਾਨੀ ॥
ਕੰਤ ਪਕਰਿ ਹਮ ਕੀਨੀ ਰਾਨੀ ॥" (ਪੰਨਾ ੩੯੪)

ਵੇਖੋ, ਮੈਂ ਗ਼ਰੀਬ ਅੱਜ ਗੁਰੂ ਨਾਨਕ ਦੇਵ ਜੀ ਦੀ ਮਹਾਨ ਰਚਨਾ 'ਓਅੰਕਾਰ' ਦੇ ਮਾਣਕ ਮੋਤੀ, ਹੀਰੇ, ਲਾਲ, ਜਵਾਹਰ, ਛਣਕਾਰਾਂ ਦੇਂਦੇ ਤੇ ਜਗਤ ਨੂੰ ਅਮੀਰ ਹੋ ਜਾਣ ਲਈ ਵੰਗਾਰਦੇ, ਵਿਖਾਲ ਰਿਹਾ ਹਾਂ। ਇਸ ਤੋਂ ਵੱਧ ਮੈਨੂੰ ਹੋਰ ਕੀ ਚਾਹੀਦਾ ਹੈ? ਇਹ ਪੁਸਤਕ ਪੜ੍ਹ ਕੇ ਹੀ ਪਤਾ ਲੱਗ ਸਕੇਗਾ ਕਿ ਸਿੱਖੀ ਦਾ ਸਹੀ ਸਰੂਪ ਕੀ ਹੈ ਤੇ ਕੀ ਨਹੀਂ ਹੈ ? ਇਸ ਸਬੰਧ ਵਿਚ ਹੀ ਮੈਂ ਦੋ ਟਰੈਕਟ (ਇਕ ਪੰਜਾਬੀ ਵਿਚ ਤੇ ਇਕ ਅੰਗਰੇਜ਼ੀ ਵਿਚ) ਅੱਗੇ



Sri Satguru Jagjit Singh Ji eLibrary NamdhariElibrary@gmail.com

ਪ੍ਰਕਾਸ਼ਤ ਕਰ ਚੁਕਾ ਹਾਂ—ਇਹ ਦੋਵੇਂ ਹੀ ਰਾਧਾ-ਸੁਆਮੀਆਂ ਦੇ ਕੱਚੇ ਪ੍ਰਚਾਰ ਨੂੰ ਨੰਗਾ ਕਰਨ ਲਈ ਪ੍ਰਕਾਸ਼ਤ ਹੋਏ ਸਨ। ਪਹਿਲੇ ਵਿਚ ਬਾਬਾ ਚਰਨ ਸਿੰਘ ਜੀ ਨੂੰ, ਜੋ ਉਸ ਸਮੇਂ ਡੇਰਾ ਬਾਬਾ ਜੈਮਲ ਸਿੰਘ ਦੇ ਗੱਦੀਦਾਰ ਹਨ, ਆਦਰ ਸਹਿਤ ਬੇਨਤੀ ਕੀਤੀ ਗਈ ਸੀ ਕਿ ਸਿੱਖੀ ਨੂੰ ਸਿੱਖਾਂ ਦੇ ਆਪਣੇ ਆਪ ਉਤੇ ਹੀ ਛੱਡ ਦਿੱਤਾ ਜਾਏ ਤੇ ਇਸ ਦੀ ਰੂਪ-ਰੇਖਾ ਨੂੰ ਵਿਗਾੜਿਆ ਨਾ ਜਾਏ। ਦੂਜੇ ਟਰੈਕਟ ਵਿਚ 'ਨਾਮ ਤੇ ਸ਼ਬਦ' ਦੀ ਵਿਆਖਿਆ ਕਰਕੇ ਦੱਸਿਆ ਗਿਆ ਸੀ ਕਿ ਇਨ੍ਹਾਂ ਦੋਹਾਂ ਸੰਕਲਪਾਂ ਦਾ ਰਾਧਾ ਸੁਆਮੀ ਸੰਕਲਪਾਂ ਨਾਲ ਕੋਈ ਸਬੰਧ ਨਹੀਂ ਹੈ। ਬਾਬਾ ਸਾਹਿਬ ਨੂੰ ਅਪੀਲ ਵੀ ਕੀਤੀ ਗਈ ਸੀ ਕਿ ਰਾਧਾ ਸੁਆਮੀ ਪੁਸਤਕਾਂ ਵਿਚ ਗੁਰਮਤਿ ਨੂੰ ਬਹੁਤ ਬੁਰੀ ਤਰ੍ਹਾਂ ਵਿਗਾੜਿਆ ਜਾ ਰਿਹਾ ਹੈ ਤੇ ਉਹ ਕ੍ਰਿਪਾ ਕਰਕੇ ਉਨ੍ਹਾਂ ਪੁਸਤਕਾਂ ਵਿਚ ਜ਼ਰੂਰੀ ਸੋਧਾਂ ਕਰਾ ਦੇਣ ਤੇ ਗੁਰਮਤਿ ਦੇ ਸਬੰਧ ਵਿਚ, ਅਗੋਂ ਕੁਝ ਵੀ ਨਾ ਲਿਖਿਆ ਕਰਨ, ਕਿਉਂਕਿ ਉਨ੍ਹਾਂ ਨੂੰ ਗੁਰਮਤਿ ਦਾ ਬਹੁਤਾ ਪਤਾ ਵੀ ਨਹੀਂ ਹੈ। ਇਨ੍ਹਾਂ ਦੋਹਾਂ ਟਰੈਕਟਾਂ ਨੂੰ, ਇਕ ਚਿੱਠੀ ਸਮੇਤ, ਬਾਬਾ ਜੀ ਦੇ ਵਾਚਨ ਤੇ ਮੁਨਾਸਬ ਸੋਧਕਾਰੀ ਲਈ ਭੇਜਿਆ ਵੀ ਗਿਆ ਸੀ। ਚਿੱਠੀ ਦਾ ਉੱਤਰ ਤਾਂ ਆਇਆ ਸੀ ਪਰ ਉਸ ਵਿਚ ਜਿੰਦ ਕੋਈ ਨਹੀਂ ਸੀ, ਜਿਸ ਦਾ ਸਾਨੂੰ ਅਫ਼ਸੋਸ ਹੀ ਹੋਇਆ ਸੀ। ਇਸ ਲਈ ਅਸਾਂ ਉਹਨਾਂ ਨੂੰ ਲਿਖ ਦਿੱਤਾ ਸੀ ਕਿ ਸਿੱਖੀ ਨਾਲ ਏਨਾ ਅਨਿਆਇ ਕਰਕੇ ਵੀ ਉਹਨਾਂ ਨੂੰ ਨਾ ਕੋਈ ਪਛਤਾਵਾ ਹੈ ਤੇ ਨਾ ਉਹ ਆਪਣੀਆਂ ਪੁਸਤਕਾਂ ਵਿਚ ਕੋਈ ਸੋਧ ਹੀ ਕਰਨ ਨੂੰ ਤਿਆਰ ਹਨ। ਅਸਾਂ ਉਹਨਾਂ ਨੂੰ ਇਹ ਵੀ ਮਸ਼ਵਰਾ ਦਿਤਾ ਸੀ ਕਿ ਉਹ ਇਸ ਮਾਮਲੇ ਦੀ ਨਜ਼ਾਕਤ ਨੂੰ ਸਮਝਣ ਤੇ ਹਠ-ਧਰਮੀ ਛੱਡ ਦੇਣ, ਵਿਗਾੜ ਵਧਾਈ ਜਾਣਾ ਚੰਗਾ ਨਹੀਂ ਹੁੰਦਾ। ਜੇ ਮੇਰੇ ਜਿਹੇ ਇਕ ਗ਼ਰੀਬ ਸਿੱਖ ਸੇਵਕ ਦੇ ਅੰਦਰ ਸਿੱਖੀ ਦੀ ਧੜਕਣ ਏਨੀ ਜ਼ੋਰ ਨਾਲ ਉਮਡ ਸਕੀ ਹੈ ਤਾਂ ਇਹ ਧੜਕਣ ਉਹ ਸਾਰੇ ਸਿੱਖ ਜਗਤ ਦੀ ਹੀ ਸਮਝਣ। ਸਿੱਖਾਂ ਦੀ ਚੁੱਪ



Sri Satguru Jagjit Singh Ji eLibrary NamdhariElibrary@gmail.com

ਅਸਲ ਵਿਚ ਉਹਨਾਂ ਦੀ ਆਪਣੀ ਬੇ-ਬਸੀ ਦਾ ਹੀ ਇਕ ਪ੍ਰਗਟਾਵਾ ਹੈ ਅਤੇ ਇਸ ਦੀ ਗੰਭੀਰਤਾ ਵਲੋਂ ਉਹ ਅੱਖਾਂ ਨਾ ਮੀਟ ਛੱਡਣ। ਇਸ ਚਿੱਠੀ ਦਾ ਉਨ੍ਹਾਂ ਵਲੋਂ ਕੋਈ ਉਤਰ ਨਹੀਂ ਸੀ ਆਇਆ।

ਹੁਣ ਅਸੀਂ ਇਹ ਨਵੀਂ ਪੁਸਤਕ ਪ੍ਰਕਾਸ਼ਤ ਕਰ ਰਹੇ ਹਾਂ, ਜਿਸ ਅੰਦਰ ਕਿਸੇ ਇਕ ਥਾਂ ਵੀ ਰਾਧਾ-ਸੁਆਮੀਆਂ ਦੇ ਭੰਨ-ਤੋੜ ਦਾ ਨਵਾਂ ਜ਼ਿਕਰ ਨਹੀਂ ਛੇੜਿਆ ਗਿਆ ਤੇ ਕੇਵਲ ਸਿੱਖੀ ਦਾ ਸਹੀ ਸਰੂਪ ਹੀ ਵਿਖਾਇਆ ਗਿਆ ਹੈ। ਪਾਠਕ ਦੇਖ ਸਕਣਗੇ ਕਿ ਇਸ ਵਿਚ ਗੁਰੂ ਨਾਨਕ ਸਾਹਿਬ ਦੀ ਇਕ ਬਹੁਤ ਵੱਡੀ ਬਾਣੀ ਲਈ ਗਈ ਹੈ, ਜਿਸ ਦੀਆਂ ਪਉੜੀਆਂ ਦੀ ਗਿਣਤੀ ਵੀ ੫੪ ਤੱਕ ਚਲੀ ਗਈ ਹੈ ਤੇ ਜਿਨ੍ਹਾਂ ਵਿਚ ਨਾਮ, ਬਾਣੀ, ਸ਼ਬਦ ਆਦਿਕ ਸੰਕਲਪਾਂ ਦੀ ਕਈ ਥਾਈਂ ਚੰਗੀ ਪੜਚੋਲ ਵੀ ਹੋਈ ਹੈ ਪਰ ਕਿਸੇ ਇਕ ਥਾਂ ਤੇ ਵੀ ਇਨ੍ਹਾਂ ਸੰਕਲਪਾਂ ਨੂੰ 'ਨਾਦ' ਨਾਲ ਨਹੀਂ ਜੋੜਿਆ ਗਿਆ, ਹਾਲਾਂਕਿ ਬਾਣੀ ਦਾ ਸਿਰਲੇਖ 'ਓਅੰਕਾਰ' ਹੈ ਜੋ ਪ੍ਰਮਾਤਮਾ ਦਾ ਧੁਨਾਤਮਕ ਨਾਮ ਮਿਥਿਆ ਗਿਆ ਹੋਇਆ ਹੈ। ਇਸ ਦੀ ਇਕ ਪਉੜੀ (ਪਉੜੀ ੨੨) ਵਿਚ ਤਾਂ ਸਗੋਂ ਸਪੱਸ਼ਟ ਸ਼ਬਦਾਂ ਵਿਚ ਸਮਝਾਇਆ ਗਿਆ ਹੈ ਕਿ ਸਿੱਖੀ ਵਿਚ 'ਨਾਦ' ਦੀ ਕੋਈ ਥਾਂ ਨਹੀਂ ਹੈ।

30,000 ਰੁਪਏ ਦੇ ਹਰ ਰੋਜ਼ ਦੇ ਖ਼ਰਚ ਨਾਲ 340 ਰੋਗੀਆਂ, ਅਪਾਹਜਾਂ ਦੀ ਸੇਵਾ ਸੰਭਾਲ ਕਰਨ ਵਾਲੀ ਸੰਸਥਾ ਪਿੰਗਲਵਾੜਾ ਵੱਲੋਂ ਇਹ ਪੁਸਤਕ ਮੁਫ਼ਤ ਵੰਡੀ ਜਾ ਰਹੀ ਹੈ। ਸੰਸਥਾ ਵਿਚ ਬਹੁਤੀ ਗਿਣਤੀ ਪਾਗਲ ਇਸਤਰੀਆਂ, ਪਾਗਲ ਕੁੜੀਆਂ, ਪਾਗਲ ਮੁੰਡਿਆਂ ਦੀ ਹੈ। ਦਸਵੰਧ ਕੱਢ ਕੇ ਹਰ ਮਹੀਨੇ ਮਨੀਆਰਡਰ ਭੇਜੋ ਤਾਂ ਜੋ ਵਧ ਤੋਂ ਵਧ ਅਧਿਕਾਰੀ ਵਿਅਕਤੀਆਂ ਨੂੰ ਇਹ ਪੁਸਤਕ ਮੁਫ਼ਤ ਵੰਡੀ ਜਾ ਸਕੇ ਤੇ ਪਿੰਗਲਵਾੜੇ ਦਾ ਖਰਚ ਵੀ ਚਲਦਾ ਰਹੇ।

—ਭਗਤ ਪੂਰਨ ਸਿੰਘ

---

ਹਰਦਾਸ ਪ੍ਰੈੱਸ, ਅੰਮ੍ਰਿਤਸਰ – ਦੂਜੀ ਵਾਰ ਛਪੀ 10,000/20-6-92

ਹੁਣ ਤਕ ਕੁਲ ਛਪੀ 15,000

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਅਰੰਭਕ ਸੇਧਾਂ ਦੀ ਪੜਚੋਲ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੯੨੯ ਤੋਂ ਇਕ ਬੜੀ ਮਹਾਨ ਰਚਨਾ ਦਾ ਅਰੰਭ ਹੁੰਦਾ ਹੈ। ਇਸ ਸੰਬੰਧ ਵਿਚ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਦਿਆਂ, ਛੋਟਾ ਮੂਲ ਮੰਤਰ ਤੇ ਕੁਝ ਸੇਧਾਂ ਇਉਂ ਦਿੱਤੀਆਂ ਸਨ :

**ੴ ਸਤਿਗੁਰ ਪ੍ਰਸਾਦਿ ॥**

**ਰਾਮਕਲੀ ਮਹਲਾ ੧ ਦਖਣੀ ਓਅੰਕਾਰੁ ॥**

ਇਹਨਾਂ ਸੇਧਾਂ ਤੋਂ ਦਿਸੇਗਾ ਕਿ ਬਾਣੀ ਦਾ ਸਿਰਲੇਖ 'ਓਅੰਕਾਰ' ਹੀ ਬਣਦਾ ਹੈ, ਜੋ 'ਮੂਲ ਮੰਤਰ' ਦਾ ਵੀ ਇਕ ਅੰਗ ਹੈ। ਮੂਲ ਮੰਤਰ ਦਾ ਅਰਥ ਹੈ 'ਬੁਨਿਆਦੀ ਸਿਧਾਂਤ'। ਇਸ ਵਿਚ ਪਾਰਬ੍ਰਹਮ ਦੇ ਸਰੂਪ ਬਾਰੇ ਬੁਨਿਆਦੀ ਸਿਧਾਂਤਾਂ ਦੇ ਕੁਝ ਪੱਖ ਤੇ ਪਾਰਬ੍ਰਹਮ ਦੀ ਪ੍ਰਾਪਤੀ ਦਾ ਵਿਸ਼ੇਸ਼ ਸਾਧਨ, ਸਭ ਬੁਨਿਆਦੀ ਸਿਧਾਂਤ ਹੀ ਹਨ ਤੇ ਇਨ੍ਹਾਂ ਨੂੰ ਗੁਰੂ ਸਾਹਿਬ ਬਹੁਤ ਮਹਾਨ ਸਮਝਦੇ ਸਨ ਤੇ ਪਹਿਲੀ ਥਾਂ ਦੇਣਾ ਚਾਹੁੰਦੇ ਸਨ। 'ਆਸਾ ਦੀ ਵਾਰ' ਵਾਂਗ 'ਓਅੰਕਾਰ' ਦੀ ਬਾਣੀ ਵੀ ਬਹੁਤ ਵੱਡੀ ਬਾਣੀ ਹੈ ਤੇ ਇਸ ਵਿਚ ਸਿੱਖ ਧਰਮ ਦੇ ਸਾਰੇ ਮੁਖ-ਸਿਧਾਂਤ–ਪਾਰਬ੍ਰਹਮ ਦਾ ਸਰੂਪ, ਨਾਮ ਸਿਮਰਨ ਦੁਆਰਾ ਉਸ ਦੀ ਪ੍ਰਾਪਤੀ, ਹਰੀ-ਗੁਰੂ, ਸ਼ਬਦ-ਗੁਰੂ, ਸ਼ਖ਼ਸੀ-ਗੁਰੂ, ਗੁਰਮੁਖਿ ਸਹਜ, ਕਰਮ, ਆਵਾਗਵਨ, ਧਰਮ, ਗ੍ਰਿਹਸਤ-ਉਦਾਸ ਦੀ ਮਹਾਨਤਾ, ਸੇਵਾ, ਪ੍ਰਾਰਥਨਾ, ਜੀਵਤ ਮਰਨਾ (ਸ਼ਹੀਦੀ), ਆਦਿਕ ਵਿਸ਼ਿਆਂ ਨੂੰ ਗੁਰੂ ਨਾਨਕ ਦੇਵ ਜੀ ਦੀ ਆਪਣੀ ਸੰਕੁਚਵੀ ਸ਼ੈਲੀ ਪਰ ਬੜੇ ਪ੍ਰਭਾਵਸ਼ਾਲੀ ਸ਼ਬਦਾਂ ਵਿਚ, ਬਿਆਨ ਕੀਤਾ

Sri Satguru Jagjit Singh Ji eLibrary NamdhariElibrary@gmail.com

ਗਿਆ ਹੈ। ਮਸਲਨ, ਅੱਖਰ 'ਠ', 'ਟ' ਜਾਂ 'ਚ' ਨੂੰ ਸਹਾਰਾ ਬਣਾ ਕੇ ਇਸ ਵਿਚ ਦਿਤੇ ਮਜ਼ਮੂਨ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਣ ਲਈ, ਅੱਖਰ ਦੀ ਬਾਰ ਬਾਰ ਵਰਤੋਂ ਨਾਲ ਹੀ ਮਾਨੋਂ ਖੜਕਾਇਆ ਤੇ ਸੰਗੀਤਕ ਰੂਪ ਦਿਤਾ ਗਿਆ ਲਗਦਾ ਹੈ। ਕੁਝ ਉਦਾਹਰਣਾਂ ਦਿੰਦੇ ਹਾਂ:

(i) : "ਠਾਕਹੁ ਮਨੂਆ ਰਾਖਹੁ ਠਾਇ ॥ ਠਹਕਿ ਮੁਈ ਅਵਗੁਣਿ ਪਛੁਤਾਇ ॥ ਠਾਕੁਰੁ ਏਕੁ ਸਬਾਈ ਨਾਰਿ ॥ ਬਹੁਤੇ ਵੇਸ ਕਰੇ ਕੂੜਿਆਰਿ ॥ ਪਰ ਘਰਿ ਜਾਤੀ ਠਾਕਿ ਰਹਾਈ ॥ ਮਹਲਿ ਬੁਲਾਈ ਠਾਕ ਨ ਪਾਈ॥ ਸਬਦਿ ਸਵਾਰੀ ਸਾਚਿ ਪਿਆਰੀ॥ ਸਾਈ ਸੋੁਹਾਗਣਿ ਠਾਕੁਰਿ ਧਾਰੀ॥" (ਪੰਨਾ ੯੩੩)

(ii) : "ਟੂਟੇ ਨੇਹੁ ਕਿ ਬੋਲਹਿ ਸਹੀ॥ ਟੂਟੈ ਬਾਹ ਦੁਹੂ ਦਿਸ ਗਹੀ॥
ਟੂਟਿ ਗੰਠਿ ਪੜੈ ਵੀਚਾਰਿ॥ ਗੁਰ ਸਬਦੀ ਘਰਿ ਕਾਰਜੁ ਸਾਰਿ॥"
(ਪੰਨਾ ੯੩੩)

(iii) : "ਚਿੰਤਤ ਹੀ ਦੀਸੈ ਸਭੁ ਕੋਇ॥
ਚੇਤਹਿ ਏਕੁ ਤਹੀ ਸੁਖੁ ਹੋਇ॥" (ਪੰਨਾ ੯੩੨)

ਕੀ ਇਹ ਹੈਰਾਨੀ ਦੀ ਗੱਲ ਨਹੀਂ ਕਿ 'ਆਸਾ ਦੀ ਵਾਰ' ਦੇ ਮੁਕਾਬਲੇ ਵਿਚ ਇਸ ਮਹਾਨ ਬਾਣੀ ਵਲ ਸਿਖ ਜਗਤ ਦਾ ਧਿਆਨ ਬਹੁਤ ਹੀ ਘਟ ਗਿਆ ਹੈ ? ਸਗੋਂ ਇਉਂ ਕਹਿ ਸਕਦੇ ਹਾਂ ਕਿ ਇਸ ਵਲ ਧਿਆਨ ਨਾ ਹੋਣ ਦੇ ਬਰਾਬਰ ਹੀ ਗਿਆ ਹੈ। 'ਆਸਾ ਦੀ ਵਾਰ' ਰੋਜ਼, ਨਿਤ ਨੇਮ ਦੇ ਤੌਰ ਤੇ, ਪੜ੍ਹੀ ਜਾਣ ਵਾਲੀ ਤਾਂ ਭਾਵੇਂ ਨਹੀਂ ਪਰ ਇਸ ਨੂੰ ਵਡੇ ਵਡੇ ਸਭ ਗੁਰਦੁਆਰਿਆਂ ਵਿਚ ਰੋਜ਼ ਹੀ ਪੜ੍ਹਿਆ, ਗਾਵਿਆ, ਸੁਣਿਆ ਜਾਂਦਾ ਹੈ, ਹਾਲਾਂਕਿ ਇਸ ਵਿਚ ਬਹੁਤ ਸਾਰੇ ਵਿਚਾਰ ਐਸੇ ਵੀ ਹਨ ਜਿਨ੍ਹਾਂ ਦਾ ਸੰਬੰਧ ਵਧੇਰੇ ਕਰਕੇ ਗੁਰੂ ਸਾਹਿਬ ਜੀ ਦੇ ਆਪਣੇ ਸਮੇਂ ਨਾਲ ਹੀ ਸੀ, ਜਿਵੇਂ : 'ਨੀਲ ਬਸਤ੍ਰ ਲੇ ਕਪੜੇ ਪਹਰੇ ਤੁਰਕ ਪਠਾਣੀ ਅਮਲੁ ਕੀਆ' ਜਾਂ 'ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ' ਜਾਂ 'ਗਊ ਬ੍ਰਹਮਣ ਕੋ ਕਰ ਲਾਵਹੁ ਗੋਬਰ ਤਰਣਿ ਨ ਜਾਈ', ਆਦਿਕ।



Sri Satguru Jagjit Singh Ji eLibrary NamdhariElibrary@gmail.com

ਇਹ ਠੀਕ ਹੈ ਕਿ ਰਿਵਾਜ ਤੇ ਮਰਯਾਦਾ ਦਾ ਵੀ ਆਪਣਾ ਅਸਥਾਨ ਹੁੰਦਾ ਹੈ ਪਰ 'ਓਅੰਕਾਰ' ਜਿਹੀ ਸੁੰਦਰ ਬਾਣੀ ਨੂੰ ਨਜ਼ਰੋਂ ਓਹਲੇ ਨਹੀਂ ਸੀ ਹੋਣ ਦਿਤਾ ਜਾਣਾ ਚਾਹੀਦਾ। ਇਸੇ ਖ਼ਿਆਲ ਨਾਲ ਹੀ ਅਸੀਂ ਏਥੇ ਇਸ ਦੀ, ਵਿਆਖਿਆ ਸਹਿਤ, ਵਿਚਾਰ ਦੇਣੀ ਜ਼ਰੂਰੀ ਸਮਝਿਆ ਹੈ।

'ਮੂਲ ਮੰਤਰ' ਕਿਸੇ ਵੀ ਬਾਣੀ ਦਾ ਅੰਗ ਨਹੀਂ ਹੈ, ਭਾਵੇਂ ਇਸ ਨੂੰ ਸਾਰੀਆਂ ਹੀ ਵੱਡੀਆਂ ਵੱਡੀਆਂ ਬਾਣੀਆਂ ਦੇ ਅਰੰਭ ਵਿਚ ਦਿੱਤਾ ਗਿਆ ਹੋਇਆ ਹੈ। ਇਸ ਨੂੰ ਸਾਰੇ ਰਾਗਾਂ ਦੇ ਆਰੰਭ ਵਿਚ ਵੀ ਦਿੱਤਾ ਗਿਆ ਹੋਇਆ ਹੈ। ਇਸ ਦਾ ਪੂਰਾ ਸਰੂਪ ਹੈ– ੧ ੳ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਇਸ ਦੇ ਦੋ ਹੋਰ ਛੋਟੇ ਸਰੂਪ ਇਹ ਹਨ : (i) ੧ ੳ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ਅਤੇ (ii) "੧ ੳ ਸਤਿਗੁਰ ਪ੍ਰਸਾਦਿ ॥" ਜਿਸ ਬਾਣੀ ਦਾ ਜ਼ਿਕਰ ਅਸਾਂ ਏਥੇ ਛੇੜਿਆ ਹੈ, ਉਸ ਨਾਲ ਇਸ ਦਾ ਸਭ ਤੋਂ ਛੋਟਾ ਸਰੂਪ ਹੀ ਦਿਤਾ ਗਿਆ ਹੈ ਤੇ ਇਸ ਦੇ ਕੇਵਲ ਦੋ ਅੰਗ ਹੀ ਬਣਦੇ ਹਨ–੧ ੳ ਅਤੇ ਸਤਿਗੁਰ ਪ੍ਰਸਾਦਿ॥ ਦੂਜੇ ਅੰਗ ਦਾ ਅਰਥ ਤਾਂ ਸਾਫ ਹੀ ਹੈ, ਅਰਥਾਤ 'ਸਤਿਗੁਰ ਦੀ ਕ੍ਰਿਪਾ ਨਾਲ ਹੀ ਪਾਰਬ੍ਰਹਮ ਨੂੰ ਪਾਈਦਾ ਹੈ' (ਸ਼ਬਦ 'ਸਤਿਗੁਰ' ਤੇ ਸ਼ਬਦ 'ਕ੍ਰਿਪਾ' ਦੇ ਭਾਵ ਅਸੀਂ ਅਗ੍ਹਾਂ ਬਾਣੀ ਦੇ ਅੰਦਰ ਜਾ ਕੇ ਚੰਗੀ ਤਰ੍ਹਾਂ ਵਿਚਾਰਾਂਗੇ)। ਪਹਿਲੇ ਅੰਗ ਦਾ ਅੰਕ '੧' ਅਤੇ ਅੱਖਰ ਓ ਦਾ ਬਦਲਿਆ ਸਰੂਪ 'ੳ' ਇਕੱਠੇ ਹੀ ਲਏ ਜਾਣੇ ਹਨ। ਭਾਈ ਗੁਰਦਾਸ ਜੀ ਨੇ ਇਨ੍ਹਾਂ ਦੋਹਾਂ ਨੂੰ ਇਕੱਠੇ ਹੀ ਲੈ ਕੇ ਆਪਣੀ ੩੯ਵੀਂ ਵਾਰ ਦੀ ਪਹਿਲੀ ਪਉੜੀ ਵਿਚ, ਇਨ੍ਹਾਂ ਦੀ ਵਿਆਖਿਆ ਇਉਂ ਕੀਤੀ ਹੈ :

'ਏਕੰਕਾਰੁ ਇਕਾਂਗ ਲਿਖਿ ਊੜਾ ਓਅੰਕਾਰੁ ਲਿਖਾਇਆ,'

ਅਰਥਾਤ "ਅੰਕ '੧' ਲਿਖ ਕੇ ਏਕੰਕਾਰ ਵਿਖਾਇਆ ਗਿਆ ਹੈ



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਅਤੇ ਊੜਾ ਲਿਖ ਕੇ ਓਅੰਕਾਰ ਦ੍ਰਿਸ਼ਟਾਇਆ ਗਿਆ ਹੈ।" ਹੁਣ, ਏਕੰਕਾਰ ਤੇ ਓਅੰਕਾਰ ਕੀ ਹਨ? ਇਨ੍ਹਾਂ ਦੀ ਵਿਆਖਿਆ ਅਸੀਂ ਅਗਾਂਹ ਜਾ ਕੇ ਹੀ ਕਰਾਂਗੇ। 'ਓਅੰਕਾਰ' ਬਾਣੀ ਦੇ ਆਰੰਭ ਤੋਂ ਪਹਿਲਾਂ ਮੂਲ ਮੰਤਰ ਦਾ ਛੋਟਾ ਰੂਪ ਦੇ ਕੇ 'ਰਾਮਕਲੀ ਮਹਲਾ ੧ ਦਖਣੀ ਓਅੰਕਾਰੁ' ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਰਾਮਕਲੀ ਰਾਗ ਦੀ ਇਕ ਕਿਸਮ 'ਦਖਣੀ' ਵੀ ਹੈ, ਜੋ ਹੋਰ ਰਾਗਾਂ ਨਾਲ ਵੀ ਸੰਬੰਧਤ ਹੈ, ਜਿਵੇਂ ਵਡਹੰਸ ਦਖਣੀ, ਬਿਲਾਵਲ ਦਖਣੀ, ਮਾਰੂ ਦਖਣੀ, ਪ੍ਰਭਾਤੀ ਦਖਣੀ, ਆਦਿਕ। ਐਨ ਇਸੇ ਤਰ੍ਹਾਂ ਹੀ ਪੂਰਬੀ ਕਿਸਮ ਦੀ ਗਉੜੀ ਹੈ; ਇਕ ਮਲਵਈ ਗਉੜੀ ਵੀ ਹੈ, ਜਿਸਨੂੰ ਗਉੜੀ ਮਾਲਵਾ ਕਰਕੇ ਆਖਿਆ ਗਿਆ ਹੁੰਦਾ ਹੈ। ਖ਼ੈਰ, ਸਾਡਾ ਭਾਵ ਕੇਵਲ ਇਹ ਹੈ ਕਿ ਸ਼ਬਦ 'ਦਖਣੀ' ਦਾ ਸੰਬੰਧ ਰਾਗ ਰਾਮਕਲੀ ਨਾਲ ਹੈ, ਓਅੰਕਾਰ ਨਾਲ ਨਹੀਂ, ਜਿਵੇਂ ਕਈ ਵਿਆਖਿਆਕਾਰ ਸਮਝ ਲੈਂਦੇ ਹਨ। ਇਸ ਦਾ ਕਾਰਣ ਸ਼ਾਇਦ ਇਹ ਹੀ ਹੋਣਾ ਹੈ ਕਿ 'ਦਖਣੀ' ਅਤੇ 'ਓਅੰਕਾਰ' ਸ਼ਬਦਾਂ ਦੇ ਵਿਚਾਲੇ ਦੋ ਡੰਡੀਆਂ ਨਹੀਂ ਪਈਆਂ, ਭਾਵੇਂ ਕਈ ਲਿਖਤੀ ਬੀੜਾਂ ਵਿਚ ਇਹ ਦਿੱਤੀਆਂ ਵੀ ਗਈਆਂ ਹਨ। ਸੋ ਬਾਣੀ ਦਾ ਨਾਮ 'ਓਅੰਕਾਰ' ਹੀ ਹੋਇਆ। ਇਸ ਦਾ ਭਾਵ ਇਹ ਹੀ ਹੈ ਕਿ ਇਸ ਵਿਚ 'ਓਅੰਕਾਰ' ਦੀ ਵਿਆਖਿਆ ਹੈ। ਯਾਦ ਰਖਣਾ ਚਾਹੀਦਾ ਹੈ ਗੁਰੂ ਗ੍ਰੰਥ ਸਾਹਿਬ ਅੰਦਰ ਦਿੱਤੀਆਂ ਕਈ ਬਾਣੀਆਂ ਦੇ ਆਰੰਭ ਤੋਂ ਪਹਿਲਾਂ ਕੁਝ ਟਿਪਣੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਗਹੁ ਨਾਲ ਵੇਖਿਆਂ ਕਈ ਮਹੱਤਵਪੂਰਨ ਸੇਧਾਂ ਜਾਂ ਸੰਕੇਤ ਮਿਲਦੇ ਹਨ। ਮਸਲਨ, ਜਿਸ ਰਚਨਾ ਦਾ ਨਾਮ 'ਆਸਾ ਦੀ ਵਾਰ' ਚਾਲੂ ਹੋ ਗਿਆ ਹੋਇਆ ਹੈ, ਉਸ ਦੇ ਆਰੰਭ ਤੋਂ ਪਹਿਲਾਂ ਪੂਰਾ 'ਮੂਲ ਮੰਤਰ' ਦੇ ਕੇ ਇਹ ਸ਼ਬਦ ਮਿਲਦੇ ਹਨ: 'ਵਾਰ ਸਲੋਕਾਂ ਨਾਲ ਸਲੋਕ ਭੀ ਮਹਲੇ ਪਹਲੇ ਕੇ ਲਿਖੇ, ਟੁੰਡੇ ਅਸਰਾਜੇ ਕੀ ਧੁਨੀ॥' ਇਸ ਟਿਪਣੀ ਤੋਂ, ਇਸ ਸੂਚਨਾ ਤੋਂ, ਇਹ ਸਮਝ ਆ ਜਾਂਦੀ ਹੈ ਕਿ

Sri Satguru Jagjit Singh Ji eLibrary NamdhariElibrary@gmail.com

ਇਹ ਰਚਨਾ ਗਾਈ ਜਾਣ ਵਾਲੀ ਵਾਰ ਹੈ। ਇਸ ਵਿਚ ਮਹਲੇ ਪਹਿਲੇ ਦੇ ਸਲੋਕ ਵੀ ਹਨ ਜਿਸ ਤੋਂ ਇਹ ਸਾਫ ਦਿਸ ਪੈਂਦਾ ਹੈ ਕਿ ਮਹਲੇ ਪਹਿਲੇ ਦੀ ਅਸਲ ਵਾਰ ਵਿਚ ਸਲੋਕ ਨਹੀਂ ਸਨ, ਕੇਵਲ ਪਉੜੀਆਂ ਹੀ ਸਨ, ਜਿਨ੍ਹਾਂ ਦੇ ਕਾਰਣ ਹੀ ਇਹ ਵਾਰ ਦੇ ਤੌਰ ਤੇ ਪੇਸ਼ ਕੀਤੀ ਗਈ ਸੀ । 'ਮਹਲਾ ੧' ਦੇ ਭਾਵ ਨੂੰ ਅਸੀਂ ਅਗਾਂਹ ਜਾ ਕੇ ਖੋਹਲਾਂਗੇ । ਖੈਰ ! ਵਾਰ ਹੁੰਦੀ ਹੀ ਪਉੜੀਆਂ ਦਾ ਸਮੁਦਾਇ ਹੈ । ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਤੋਂ ਆਪਣੀ ਨਿਗਰਾਨੀ ਵਿਚ ਸਾਰੀ ਬਾਣੀ ਨੂੰ ਤਰਤੀਬ ਦੁਆਈ ਸੀ । ਪਹਿਲਾਂ ਰਾਗਾਂ ਵਾਰ 'ਸ਼ਬਦ' ਦਿਤੇ ਸਨ । ਸ਼ਬਦਾਂ ਤੋਂ ਬਾਅਦ ਅਸਟਪਦੀਆਂ, ਛੰਤ ਤੇ ਵਾਰਾਂ ਲਿਖਾ ਕੇ ਭਗਤਾਂ ਦੇ ਸ਼ਬਦ ਸਭ ਤੋਂ ਪਿਛੋਂ ਪਾਏ ਸਨ । ਬਾਣੀਆਂ ਦੇ ਅਰੰਭ ਵਿਚ ਸੂਚਨਾ ਦੇ ਤੌਰ ਤੇ, ਸਿਰਲੇਖ ਭੀ ਭਾਈ ਗੁਰਦਾਸ ਜੀ ਨੇ, ਗੁਰੂ ਸਾਹਿਬ ਦੀ ਹਦਾਇਤ ਅਨੁਸਾਰ ਲਿਖ ਦਿਤੇ ਸਨ। ਗੁਰੂ ਸਾਹਿਬਾਨ ਦੇ ਸਲੋਕਾਂ ਨੂੰ ਵੀ ਵਾਰਾਂ ਦੀਆਂ ਪਉੜੀਆਂ ਦੇ ਨਾਲ ਨਾਲ, ਇਕ ਇਕ ਦੋ ਦੋ ਕਰ ਕੇ ਲਿਖਵਾਇਆ ਗਿਆ ਸੀ ਤੇ ਜਿਹੜੇ ਸਲੋਕ ਮੁੜ ਵੀ ਬਚ ਗਏ ਸਨ, ਉਨ੍ਹਾਂ ਨੂੰ 'ਸਲੋਕ ਵਾਰਾਂ ਤੋਂ ਵਧੀਕ' ਦਾ ਵੱਖਰਾ ਸਿਰਲੇਖ ਦੇ ਕੇ ਦਰਜ ਕਰਵਾਇਆ ਗਿਆ ਸੀ। ਯਾਦ ਰੱਖਣ ਵਾਲੀ ਗੱਲ ਇਹ ਵੀ ਹੈ ਕਿ ਸਲੋਕਾਂ ਦੀ ਚੋਣ ਕਰਦਿਆਂ ਗੁਰੂ ਸਾਹਿਬ ਨੇ ਉਸ ਪਉੜੀ ਦੇ ਖ਼ਿਆਲ ਨੂੰ ਸਾਹਮਣੇ ਰਖਿਆ ਸੀ ਜਿਸ ਨਾਲ ਸਲੋਕ ਜਾਂ ਸਲੋਕ ਨੂੰ ਜੋੜਿਆ ਜਾਣਾ ਸੀ। ਪਰ ਇਹ ਨਹੀਂ ਸੀ ਹੋ ਸਕਦਾ ਕਿ ਸਲੋਕ ਵਿਚ ਜੋ ਕੁਝ ਵੀ ਆਇਆ ਹੋਵੇ, ਉਹ ਪਉੜੀ ਦਾ ਵੀ ਮਜ਼ਮੂਨ ਬਣ ਜਾਵੇ। ਸਲੋਕਾਂ ਵਿਚ ਗੁਰੂ ਸਾਹਿਬ ਦੇ ਸਮੇਂ ਦੀਆਂ ਕਈ ਇਤਿਹਾਸਕ ਘਟਨਾਵਾਂ ਦਾ ਵੀ ਜ਼ਿਕਰ ਹੋਣਾ ਸੀ ਤੇ ਹੋਇਆ ਹੈ, ਜਿਨ੍ਹਾਂ ਦਾ ਪਉੜੀਆਂ ਨਾਲ ਪੂਰਾ ਸੰਬੰਧ ਹੋਣਾ ਜ਼ਰੂਰੀ ਨਹੀਂ । ਸੋ ਇਹ ਸਮਝਣਾ ਚਾਹੀਦਾ ਹੈ ਕਿ ਸਲੋਕਾਂ ਦੇ ਮਜ਼ਮੂਨ ਦਾ ਸਮੁੱਚਾ ਭਾਵ

Sri Satguru Jagjit Singh Ji eLibrary NamdhariElibrary@gmail.com

ਪਉੜੀ ਦੇ ਕਿਸੇ ਪੱਖ ਨਾਲ ਜ਼ਰੂਰ ਮਿਲਦਾ-ਜੁਲਦਾ ਹੈ। ਸਾਰੀ ਵਾਰ ਦਾ ਅਰਥਾਤ ਸਾਰੀਆਂ ਪਉੜੀਆਂ ਦਾ ਇਕ ਹੀ ਸਮੁੱਚਾ ਮਜ਼ਮੂਨ ਹੋਣਾ ਤਾਂ ਵਾਜਬੀ ਗੱਲ ਹੀ ਹੈ, ਕਿਉਂਕਿ ਸਾਰੀ ਦੀ ਸਾਰੀ ਵਾਰ ਇਕੋ ਸਮੇਂ ਉਚਾਰੀ ਜਾ ਸਕਦੀ ਸੀ ਪਰ ਸਲੋਕ ਕਿਸੇ ਇਕ ਸਮੇਂ ਦੇ ਉਚਾਰੇ ਹੋਏ ਨਹੀਂ ਸਨ, ਸਗੋਂ ਇਹ ਕਿਸੇ ਇਕ ਗੁਰ-ਵਿਅਕਤੀ ਦੇ ਵੀ ਨਹੀਂ ਸਨ। ਆਸਾ ਦੀ ਵਾਰ ਵਿਚ ਹੀ ਗੁਰੂ ਨਾਨਕ ਤੋਂ ਛੁੱਟ ਮਹਲਾ ੨ ਦੇ ਸਲੋਕ ਵੀ ਹਨ। ਮਹਲੇ ਪਹਿਲੇ ਦੇ ਆਪਣੇ ਸਲੋਕਾਂ ਤੋਂ ਵੀ ਪਤਾ ਲੱਗਦਾ ਹੈ ਕਿ ਇਹ ਵੱਖ ਵੱਖ ਸਮਿਆਂ ਤੇ ਵੱਖ ਵੱਖ ਸਾਖੀਆਂ ਦੇ ਸੰਬੰਧ ਵਿਚ ਵੱਖ ਵੱਖ ਵਿਸ਼ਿਆਂ ਤੇ ਉਚਾਰੇ ਗਏ ਸਨ; ਮਸਲਨ, ਜਨੇਊ ਪਾਣ ਸਮੇਂ ਪਾਂਧੇ ਨੂੰ ਉਚਾਰੇ ਉਪਦੇਸ਼, ਗੋਬਰ ਦੇ ਪੋਚੇ, ਰਾਸਾਂ, ਮੁਰਦੇ ਦਬਣ ਜਾਂ ਸਾੜਨ, ਇਸਤਰੀ ਜਾਤੀ ਨਾਲ ਵਿਤਕਰੇ ਆਦਿਕ ਭਿੰਨ ਭਿੰਨ ਮਜ਼ਮੂਨ ਹਨ। ਹਾਂ, 'ਆਸਾ ਦੀ ਵਾਰ' ਵਿਚ ਰਹਾਉ ਦੀ ਤੁਕ ਨਹੀਂ ਹੈ, ਜਿਵੇਂ ਵੱਡੀਆਂ ਰਚਨਾਵਾਂ–ਸਿਧ ਗੋਸਟਿ, ਸੁਖਮਨੀ, ਤੇ ਹੁਣ 'ਓਅੰਕਾਰ' ਆਦਿ ਵਿਚ ਹੈ। ਰਹਾਉ ਦੀ ਤੁਕ ਵਿਚ ਸਮੁੱਚੀ ਰਚਨਾ ਦਾ ਹੀ ਸਾਰ ਹੁੰਦਾ ਹੈ, ਇਸ ਲਈ ਇਥੇ ਕਿਸੇ ਇਕ ਪਉੜੀ ਤੋਂ ਸਾਰ ਨਹੀਂ ਮਿਲ ਸਕਦਾ। ਇਸ਼ ਦਾ ਇਹ ਅਰਥ ਹੋਇਆ ਕਿ ਪਉੜੀਆਂ ਵਿਚ ਖਿਆਲ ਦੀ ਲਗਾਤਾਰਤਾ ਹੈ ਤੇ ਸਮੁੱਚਾ ਖਿਆਲ ਸਭ ਪਉੜੀਆਂ ਦੇ ਅਧਿਐਨ ਤੋਂ ਹੀ ਲੱਭਦਾ ਹੈ। 'ਟੁੰਡੇ ਅਸਰਾਜੇ ਕੀ ਧੁਨੀ' ਸ਼ਬਦਾਂ ਤੋਂ ਤਾਂ ਕੇਵਲ ਇਹ ਸੰਕੇਤ ਹੀ ਮਿਲਦਾ ਹੈ ਕਿ ਟੁੰਡੇ 'ਅਸਰਾਜ' ਦੀ ਵਿਥਿਆ ਉਤੇ ਲਿਖੀ ਗਈ ਕਿਸੇ ਵਾਰ ਦੀ ਧੁਨੀ ਉਤੇ 'ਆਸਾ ਦੀ ਵਾਰ' ਨੂੰ ਵੀ ਗਾਣਾ ਹੈ ਤੇ ਬਸ; ਇਸ ਦਾ 'ਆਸਾ ਦੀ ਵਾਰ' ਬਾਣੀ ਨਾਲ ਹੋਰ ਕੋਈ ਵੀ ਸੰਬੰਧ ਨਹੀਂ ਹੈ। ਅਗਾਂਹ 'ਰਾਮਕਲੀ ਮਹਲਾ ੧' ਦੇ ਤਿੰਨਾਂ ਸ਼ਬਦਾਂ–'ਰਾਮਕਲੀ, 'ਮਹਲਾ', ਅਤੇ '੧' ਉਤੇ ਕੁਝ ਕਹਿਣਾ ਬਣਦਾ ਹੈ। ਰਾਮਕਲੀ ਤਾਂ ਰਾਗ ਦਾ ਹੀ ਨਾਮ ਹੈ; ਜਿਸ ਵਿਚ ਬਾਣੀ ਨੂੰ



Sri Satguru Jagjit Singh Ji eLibrary NamdhariElibrary@gmail.com

ਗਾਇਆ ਜਾਣਾ ਹੈ। ਸ਼ਬਦ 'ਮਹਲਾ' ਦੇ ਅਰਥ ਸਮਝਣ ਦਾ ਉਪਰਾਲਾ ਅਸੀਂ ਕੁਝ ਤੁਕਾਂ ਦੀ ਸਹਾਇਤਾ ਨਾਲ ਕਰਦੇ ਹਾਂ :

'ਨਿਜਘਰਿ ਮਹਲੁ ਅਪਾਰ ਕੋ ਅਪਰੰਪਰੁ ਸੋਈ ॥'

(ਗਉੜੀ ਮਹਲਾ ੧, ਪੰਨਾ ੨੨੮)

ਅਰਥਾਤ : "ਸਾਡੇ ਨਿਜ-ਘਰ (ਆਤਮ-ਘਰ) ਅੰਦਰ ਅਪਾਰ ਪਾਰਬ੍ਰਹਮ ਦਾ ਮਹਲ ਹੈ, ਇਹੋ ਪਾਰਬ੍ਰਹਮ ਅਪ੍ਰੰਪਰ ਹੈ (ਪਰੇ ਤੋਂ ਪਰੇ ਹੈ)।"

ਹੋਰ ; ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ ॥
ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥"

(ਸਿਰੀ ਰਾਗ ਮਹਲਾ ੧, ਪੰਨਾ ੧੮)

"ਇਕ ਸੋਹਣਾ, ਉੱਚਾ ਅਸਥਾਨ ਹੈ, ਜਿਸ ਉਪਰ ਪਾਰਬ੍ਰਹਮ ਦਾ ਮਹਲ ਹੈ। ਸੱਚ, ਸ਼ੁਭ ਕਰਨੀ ਹੈ ਤੇ ਪਿਆਰ ਦੀ ਭੇਟਾ ਦੇ ਕੇ, ਉਸ ਦਾ ਦਰ, ਘਰ, ਮਹਲ (ਪੱਕਾ ਸ਼ਾਨਦਾਰ ਥਾਂ) ਲੱਭਦਾ ਹੈ।"

ਤੁਕਾਂ ਦਸਦੀਆਂ ਹਨ ਕਿ ਸ਼ਬਦ 'ਮਹਲ' ਪਾਰਬ੍ਰਹਮ ਦੇ ਘਰ ਦਾ, ਪਾਰਬ੍ਰਹਮ ਦੇ ਰਹਿਣ ਦੀ ਥਾਂ ਦਾ ਹੀ ਨਾਮ ਹੈ। ਇਹੋ ਸਾਡਾ ਨਿਜ-ਘਰ ਅਰਥਾਤ ਸਾਡੀ ਆਤਮਾ ਦਾ ਵੀ ਅਸਥਾਨ ਹੈ, ਮਹਲ ਹੈ, ਦਰ ਹੈ, ਘਰ ਹੈ। ਪਰ ਇਹ ਅਸਥਾਨ ਹੈ ਕਿਥੇ, ਜਿਥੇ ਅਪੜਨ ਲਈ ਸੱਚ, ਪਿਆਰ ਤੇ ਸ਼ੁਭ ਕਰਨੀ ਦੀ ਭੇਟਾ ਲੈ ਕੇ ਜਾ ਸਕੀਦਾ ਹੈ ? ਇਸ ਦਾ ਉੱਤਰ ਆਮ ਬੋਲੀ ਵਿਚ ਦਿਤਾ ਹੀ ਨਹੀਂ ਜਾ ਸਕਦਾ, ਕਿਉਂਕਿ ਇਹ ਮਨ, ਇੰਦ੍ਰਿਆਂ ਦੀ ਸੋਝੀ ਤੋਂ ਹੀ ਪਰੇ ਹੈ। ਸਾਡੇ ਸਰੀਰ ਦੇ ਨੌਂ ਦਰਵਾਜ਼ੇ ਹਨ, ਇਹ ਉਨ੍ਹਾਂ ਸਾਰਿਆਂ ਤੋਂ ਹੀ ਪਰੇ ਹੈ। ਇਹ ਮਨ ਦੀ ਕਿਸੇ ਉਚੇਰੀ ਸੋਝੀ ਅਰਥਾਤ ਮਨ ਇੰਦ੍ਰਿਆਂ ਦੀ ਸੋਝੀ ਤੋਂ ਉਚੇਰੀ ਸੋਝੀ, ਨੌਂ ਗੋਲਕਾਂ ਤੋਂ ਵੱਖਰੀ ਕੋਈ ਦਸਵੀਂ ਗੋਲਕ (ਕੋਈ ਦਸਵੇਂ ਦਵਾਰ) ਵਿਚ ਹੋ ਕੇ ਅਪੜੀਦਾ ਹੈ। ਇਸ ਲਈ ਇਸ ਨੂੰ ਊਚਉ ਊਚਾ, ਸੂਚਉ ਸੂਚਾ, ਮੂਚਉ ਮੂਚਾ, ਅਪਰ ਅਪਾਰ, ਬਹੁਤ ਅਸਚਰਜ ਤੇ

Sri Satguru Jagjit Singh Ji eLibrary NamdhariElibrary@gmail.com

ਸੋਹਾਵਣਾ ਆਦਿਕ ਸ਼ਬਦਾਂ ਨਾਲ ਹੀ ਦੱਸਿਆ ਜਾ ਸਕਦਾ ਹੈ। ਫਿਰ ਵੀ ਇਹ ਸਾਡੇ ਅੰਦਰ ਹੈ, ਸਾਡੀ ਕਾਇਆਂ ਦੇ ਅੰਦਰ ਹੈ, ਅਰਥਾਤ ਅਸਾਂ ਆਪਣੇ ਹੀ ਮਨ, ਬੁਧ, ਸੁਰਤ ਅਤੇ ਮਤਿ ਦੀ ਵਰਤੋਂ ਕਰ ਕੇ ਇਸ ਨੂੰ ਲੱਭਣਾ ਹੁੰਦਾ ਹੈ। ਇਸੇ ਕਾਰਨ ਹੀ ਕਾਇਆਂ ਨੂੰ ਵੀ ਪਾਰਬ੍ਰਹਮ ਦਾ ਘਰ, ਮਹਲ, ਸਗੋਂ ਮੰਦਰ ਵੀ ਆਖਿਆ ਗਿਆ ਹੁੰਦਾ ਹੈ :

"ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸ ਮਹਿ
ਰਾਖੀ ਜੋਤਿ ਅਪਾਰ ॥" (ਮਲਾਰ ਮਹਲਾ ੧, ਪੰਨਾ ੧੨੫੬)

ਅਰਥਾਤ 'ਇਹ ਸਰੀਰ ਹਰੀ ਦਾ ਮਹਲ ਹੈ, ਮੰਦਰ ਹੈ, ਜਿਸ ਵਿਚ ਹਰੀ ਨੇ ਹੀ ਆਪਣੀ ਅਪਾਰ ਜੋਤੀ ਰਖੀ ਹੋਈ ਹੈ ।' 'ਮੰਦਰ' ਸ਼ਬਦ ਦੀ ਵਰਤੋਂ ਕਰ ਕੇ ਸਰੀਰ ਨੂੰ ਮੰਦਰ ਬਣਾਇਆ ਗਿਆ ਹੈ ਅਰਥਾਤ ਪੂਜਾ ਦਾ ਸੁੱਚਾ ਤੇ ਉੱਚਾ ਅਸਥਾਨ ਬਣਾ ਦਿਤਾ ਗਿਆ ਹੈ। ਪਰ ਇਹ ਕਾਇਆਂ, ਸੁੱਚੀ ਕਦੋਂ ਹੈ ? 'ਸੂਚੀ ਕਾਇਆ ਹਰਿ ਗੁਣ ਗਾਇਆ ॥" ਆਸਾ ਮਹਲਾ ੧; ਨਹੀਂ ਤਾਂ "ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ" ਵਾਲੀ ਬਾਤ ਹੋ ਜਾਂਦੀ ਹੈ। ਸੋ ਸਰੀਰ ਨੂੰ ਮਹਲ ਦਾ ਮਹਾਨ ਦਰਜਾ ਤਾਂ ਹੀ ਦਿਤਾ ਜਾ ਸਕਦਾ ਹੈ, ਜੇ ਇਸ ਨੂੰ ਐਸਾ ਯੋਗ ਬਣਾਇਆ ਜਾਵੇ ਕਿ ਇਹ ਉੱਚੇ, ਸੁੱਚੇ, ਮਹਾਨ ਤੇ ਸਰਬ ਕਲਾ ਭਰਪੂਰ, ਪਾਰਬ੍ਰਹਮ ਦੇ ਰਹਿਣ ਦੇ ਯੋਗ ਹੋਵੇ। ਇਸ ਗੱਲ ਨੂੰ ਇਕੋ ਸਤਰ ਵਿਚ ਇਉਂ ਵੀ ਵਿਖਾਇਆ ਗਿਆ ਹੈ :

'ਸਬਦੇ ਪਤੀਜੈ ਅੰਕੁ ਭੀਜੈ ਸੁ ਮਹਲੁ ਮਹਲਾ ਅੰਤਰੇ ॥'
(ਸੂਹੀ ਛੰਤ ਮਹਲਾ ੧, ਪੰਨਾ ੭੬੭)

ਅਰਥਾਤ 'ਜਿਸ ਮਨੁੱਖ ਦਾ ਅੰਕ (ਹਿਰਦਾ) ਸ਼ਬਦ ਦੁਆਰਾ ਹਰੀ ਦੇ ਪਿਆਰ ਨਾਲ ਭਿਜ ਜਾਂਦਾ ਹੈ, ਉਸ ਨੂੰ ਆਪਣੇ ਸਰੀਰ-ਮਹਲ ਅੰਦਰ ਹੀ ਹਰੀ-ਮਹਲ ਲੱਭ ਜਾਂਦਾ ਹੈ।' ਪਰ ਇਹ ਵੀ ਨਾ ਸਮਝ ਲਿਆ ਜਾਏ ਕਿ ਸਰੀਰ-ਮਹਲ ਦੇ ਕਿਸੇ



Sri Satguru Jagjit Singh Ji eLibrary NamdhariElibrary@gmail.com

ਖ਼ਾਸ ਅਸਥਾਨ ਵਿਚ ਹਰੀ-ਮਹਲ ਲੱਭਣਾ ਹੈ, ਕਿਉਂਕਿ ਉਹ ਤਾਂ ਲਾ-ਮਕਾਨ ਹੈ, ਗ਼ੈਰ-ਮਹਲ ਹੈ :

"ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ ॥"

(ਮਾਰੂ ਮਹਲਾ ੩ ਸੋਲਹੇ, ਪੰਨਾ ੧੦੫੮)

ਅਰਥਾਤ 'ਸਰੀਰ-ਮਹਲ ਅੰਦਰ ਗ਼ੈਰ-ਮਹਲ ਪਾਰਬ੍ਰਹਮ ਨੂੰ ਉਹ ਜੀਵ ਹੀ ਪਾਂਦਾ ਹੈ ਜੋ ਹਰੀ ਦੇ ਹੁਕਮ ਨੂੰ ਬੁਝ ਕੇ ਹਰੀ ਵਿਚ ਸਮਾਇਆ ਹੈ।

ਸੋ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ 'ਕਾਇਆ' ਸ਼ਬਦ ਦਾ ਲਫ਼ਜ਼ੀ ਅਰਥ ਤਾਂ ਭਾਵੇਂ 'ਮਹਲ' ਨਹੀਂ ਹੈ ਪਰ ਇਸ ਕਾਇਆ ਵਿਚ ਵਸਦੇ ਹਰੀ ਦੀ ਵਡਿਆਈ ਪ੍ਰਗਟਾਣ ਲਈ ਇਸ ਨੂੰ ਮਹਲ ਕਿਹਾ ਜਾ ਸਕਦਾ ਹੈ; ਪਰ ਸ਼ਰਤ ਇਹ ਹੈ ਕਿ ਇਸ ਕਾਇਆ ਅੰਦਰ ਉਸ ਨੂੰ ਪ੍ਰਾਪਤ ਕਰ ਲਿਆ ਗਿਆ ਹੋਵੇ, ਨਹੀਂ ਤਾਂ ਇਹੋ ਕਾਇਆ ਮਿੱਟੀ ਹੈ; ਨਾਸਵੰਤ ਹੈ ਤੇ ਤੁਛ ਹੈ। ਇਸ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਦੀ ਕਾਇਆ ਨੂੰ ਅਰਥਾਤ ਸ਼ਖ਼ਸੀਅਤ ਨੂੰ ਜਿਸ ਅੰਦਰ ਪਾਰਬ੍ਰਹਮ ਦਾ ਪੱਕਾ ਵਾਸਾ ਹੋ ਗਿਆ ਹੋਇਆ ਸੀ, ਪਾਰਬ੍ਰਹਮ ਦਾ ਮਹਲ ਹੀ ਸਮਝਿਆ ਜਾ ਸਕਦਾ ਹੈ ਤੇ ਗੁਰੂ ਅਰਜਨ ਦੇਵ ਜੀ ਨੇ ਡੂੰਘੇ ਪ੍ਰੇਮ, ਬੇਹੱਦ ਸ਼ਰਧਾ ਤੇ ਅਮਿਟ ਸਤਿਕਾਰ ਵਿਚ ਹੋ ਕੇ, ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਦਿਆਂ, ਗੁਰੂ ਨਾਨਕ ਸਾਹਿਬ ਦੀ ਰਚਨਾ ਲਈ ਸ਼ਬਦ 'ਮਹਲ' ਦੀ ਵਰਤੋਂ ਕਰ ਲਈ ਹੈ ਤੇ ਬਾਕੀ ਗੁਰੂਆਂ ਦੀਆਂ ਰਚਨਾਵਾਂ ਲਈ ਵੀ ਇਉਂ ਹੀ ਹੋਇਆ ਹੈ, ਕਿਉਂਕਿ ਸਾਰੇ ਗੁਰੂ ਸਾਹਿਬਾਨ ਗੁਰੂ ਨਾਨਕ ਦਾ ਹੀ ਰੂਪ ਗਿਣੇ ਗਏ ਸਨ ਤੇ ਉਹ ਆਪਣਾ ਨਾਮ ਵੀ ਆਪਣੀਆਂ ਬਾਣੀਆਂ ਵਿਚ 'ਨਾਨਕ' ਵਰਤਦੇ ਸਨ । ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ 'ਬਚਿਤ੍ਰ ਨਾਟਕ' ਵਿਚ ਲਿਖਿਆ ਹੈ :

"ਨਾਨਕ ਅੰਗਦ ਕੋ ਬਪੁ ਧਰਾ। ਧਰਮ ਪ੍ਰਚੁਰਿ ਇਹ ਜਗ ਮੋ ਕਰਾ। ਅਮਰ ਦਾਸ ਪੁਨਿ ਨਾਮ ਕਹਾਯੋ । ਜਨੁ ਦੀਪਕ ਤੇ



Sri Satguru Jagjit Singh Ji eLibrary NamdhariElibrary@gmail.com

ਦੀਪ ਜਗਾਯੋ ॥੭॥ ਅਮਰ ਦਾਸ ਰਾਮਦਾਸ ਕਹਾਯੋ । ਸਾਧਨ ਲਖਾ ਮੂੜ੍ਹ ਨਹਿ ਪਾਯੋ ॥੯॥ ਭਿੰਨ ਭਿੰਨ ਸਭ ਹੂੰ ਕਰਿ ਜਾਨਾ । ਏਕ ਰੂਪ ਕਿਨਹੂੰ ਪਹਿਚਾਨਾ । ਜਿਨ ਜਾਨਾ ਤਿਨ ਹੀ ਸਿਧਿ ਪਾਈ । ਬਿਨੁ ਸਮਝੇ ਸਿਧਿ ਹਾਥਿ ਨਾ ਆਈ ॥੧੦॥"

ਸ਼ਬਦ 'ਬਪ' ਦਾ ਅਰਥ ਹੀ ਸਰੀਰ ਹੈ। ਗੁਰੂ ਸਾਹਿਬ ਦੱਸ ਰਹੇ ਹਨ ਕਿ ਗੁਰੂ ਨਾਨਕ ਨੇ ਗੁਰੂ ਅੰਗਦ ਦਾ ਸਰੀਰ (ਜਾਮਾ) ਪਹਿਨ ਕੇ ਆਪਣੇ ਧਰਮ ਦਾ ਪ੍ਰਚਾਰ ਜਗਤ ਵਿਚ ਕੀਤਾ ਸੀ ਤੇ ਇਸੇ ਤਰ੍ਹਾਂ ਅਗੋਂ ਚਲਦਾ ਗਿਆ ਸੀ। ਅਗਲੀਆਂ ਤੁਕਾਂ ਤਾਂ ਭਿੰਨਤਾ ਜਾਂ ਵਿਖੇਵੇਂ ਦਾ ਖਿਆਲ ਹੀ ਤੋੜ ਦੇਣ ਲਈ ਸਨ।

'ਸਤੇ ਬਲਵੰਡ' ਦੀ ਵਾਰ ਵਿਚ ਇਹੋ ਬਾਤ ਇਉਂ ਆਖੀ ਗਈ ਹੈ:

'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥'(੯੬੬)

ਅਰਥਾਤ 'ਸਭ ਗੁਰੂਆਂ ਦੀ ਜੋਤ ਅਤੇ ਜੁਗਤੀ ਇਕੋ (ਭਿੰਨਤਾ ਰਹਤ) ਸਨ, ਮਾਲਕ ਕੇਵਲ ਆਪਣੀ ਕਾਇਆ ਬਦਲ ਲੈਂਦਾ ਸੀ।"

ਭਾਈ ਗੁਰਦਾਸ ਜੀ ਨੇ ਵੀ ਇਸੇ ਸੰਬੰਧ ਵਿਚ ਇਉਂ ਆਖਿਆ ਹੈ:

'ਅਰਜਨੁ ਕਾਇਆ ਪਲਟਿਕੈ ਮੂਰਤਿ ਹਰਿਗੋਬਿੰਦ ਸਵਾਰੀ ॥"

ਅਰਥਾਤ 'ਗੁਰੂ ਅਰਜਨ ਦੇਵ ਜੀ ਆਪਣਾ ਸਰੀਰ ਬਦਲ ਕੇ ਗੁਰੂ ਹਰਗੋਬਿੰਦ ਹੋਏ ਸੀ।' ਗੁਰੂ ਨਾਨਕ ਦੇਵ ਜੀ ਨੇ ਤਾਂ ਲਹਿਣਾ ਜੀ ਨੂੰ ਗੱਦੀ ਦੇਣ ਸਮੇਂ ਉਹਨਾਂ ਦਾ ਨਾਮ ਹੀ ਬਦਲ ਦਿਤਾ ਸੀ, ਉਹਨਾਂ ਨੂੰ ਅੰਗਦ ਬਣਾ ਦਿਤਾ ਸੀ, ਇਹ ਦੱਸਣ ਲਈ ਕਿ ਉਹ ਉਹਨਾਂ ਦੇ ਸਰੀਰ ਦੇ ਮਾਨੋਂ ਅੰਗ ਹਨ। ਇਨ੍ਹਾਂ ਸਭ ਹਵਾਲਿਆਂ ਤੋਂ ਰਤਾ ਵੀ ਸ਼ੱਕ ਨਹੀਂ ਰਹਿ ਜਾਂਦਾ ਕਿ ਸਭ ਗੁਰ-ਮਹਲਾਂ ਵਿਚ ਜੋਤਿ ਗੁਰੂ ਨਾਨਕ ਦੀ ਹੀ ਸੀ; ਕੇਵਲ ਕਾਇਆ ਬਦਲੀ ਜਾਂਦੀ ਸੀ। ਸੋ ਸ਼ਬਦ 'ਮਹਲਾ' ਨੂੰ ਕਾਇਆ ਦੇ ਅਰਥਾਂ ਵਿਚ ਹੀ ਲਿਆ ਗਿਆ ਸੀ। ਕਈ ਸਜਨ 'ਮਹਲਾ' ਨੂੰ ਇਸਤ੍ਰੀ ਦੇ ਅਰਥਾਂ ਵਿਚ ਵੀ ਲੈਂਦੇ ਹਨ, ਜੋ ਗ਼ਲਤ ਹੈ। ਇਸ ਦਾ ਨਿਰਣਾ ਤਾਂ ਗੁਰੂ ਅਰਜਨ ਦੇਵ ਜੀ ਨੇ ਆਪ ਵੀ ਕਈ ਥਾਈਂ ਕਰ ਦਿਤਾ ਹੋਇਆ

ਹੈ, 'ਮਹਲਾ ੧' ਦੇ ਅੰਕ '੧' ਨਾਲ 'ਪਹਿਲਾ' ਵੀ ਲਿਖ ਕੇ। 'ਪਹਿਲਾ' ਸ਼ਬਦ ਕਿਉਂਕਿ ਪੁਲਿੰਗ ਹੈ, ਇਸ ਲਈ 'ਮਹਲਾ' ਵੀ ਪੁਲਿੰਗ ਹੈ ਅਰਥਾਤ ਇਸਤ੍ਰੀ ਵਾਚਕ ਨਹੀਂ ਹੈ। ਇਕ ਥਾਂ 'ਵਡਹੰਸ ਮਹਲਾ ੩ ਤੀਜਾ' ਲਿਖਿਆ ਮਿਲਦਾ ਹੈ। ਸ਼ਬਦ 'ਤੀਜਾ' ਦੀ ਵਰਤੋਂ ਦੋ ਗੱਲਾਂ ਸਿਧ ਕਰਦੀ ਹੈ : (੧) 'ਮਹਲਾ' ਇਸਤ੍ਰੀ ਲਿੰਗ ਨਹੀਂ, (੨) ਅੰਕ '੩' ਨੂੰ ਤੀਜਾ ਪੜ੍ਹਨਾ ਹੈ ਤੇ ਇਸੇ ਤਰ੍ਹਾਂ '੧' ਨੂੰ 'ਪਹਲਾ' ਪੜ੍ਹਨਾ ਹੈ। ਸੋ 'ਮਹਲਾ ੧' ਦੇ ਅਰਥ ਹੋਏ 'ਗੁਰੂ ਨਾਨਕ ਦਾ ਪਹਲਾ ਜਾਮਾ'; 'ਮਹਲਾ ੨' ਦੇ ਅਰਥ ਹੋਏ 'ਗੁਰੂ ਨਾਨਕ ਦਾ ਦੂਜਾ ਜਾਮਾ'–ਗੁਰੂ ਅੰਗਦ; 'ਮਹਲਾ ੩' ਦੇ ਅਰਥ ਹੋਏ 'ਗੁਰੂ ਨਾਨਕ ਦਾ ਤੀਜਾ ਜਾਮਾ'–ਗੁਰੂ ਅਮਰਦਾਸ ਤੇ ਇਸੇ ਤਰ੍ਹਾਂ ਹੀ ਮਹਲਾ੪, ਮਹਲਾ ੫ ਦੇ ਅਰਥ ਹੋਣਗੇ।

ਹੁਣ ਸ਼ਬਦ 'ਮਹਲਾ' ਦੇ ਉਚਾਰਨ ਸੰਬੰਧੀ ਏਨਾ ਹੀ ਕਹਿਣਾ ਬਣਦਾ ਹੈ ਕਿ ਇਹ ਉਚਾਰਨ ਉਵੇਂ ਹੀ ਸਾਧਾਰਨ ਜੇਹਾ ਉਚਾਰਨ ਸਮਝਣਾ ਚਾਹੀਦਾ ਹੈ, ਜਿਵੇਂ 'ਮਹਲ', 'ਕਹਤਾ' ਆਦਿਕ ਦਾ ਹੁੰਦਾ ਹੈ, ਖਿਚ ਧੂਹ ਕੇ ਉਚੇਚੇ ਤੌਰ ਤੇ ਇਸ ਨੂੰ ਮਹਲਾ ਕਿਉਂ ਬਣਾਇਆ ਜਾਇ ? ਸੋ, 'ਰਾਮਕਲੀ ਮਹਲਾ ੧' ਦੇ ਅਰਥ ਇਹ ਹੋਏ ਕਿ ਇਹ ਬਾਣੀ ਰਾਮਕਲੀ ਰਾਗ ਵਿਚ ਗਾਈ ਜਾਣ ਵਾਲੀ ਹੈ ਤੇ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ। ਇਸ ਬਾਣੀ ਨੂੰ ਪਟੀ ਦੀ ਤਰਜ਼ ਤੇ ੫੨ ਅੱਖਰਾਂ ਦਾ ਸਹਾਰਾ ਦੇ ਕੇ ਲਿਖਿਆ ਗਿਆ ਹੈ ਤੇ ਅਰੰਭ ਵਿਚ ਭਾਵੇਂ ਨਹੀਂ ਪਰ ਅੰਤਲੀ ਪਉੜੀ ਵਿਚ ਸ਼ਬਦ 'ਪਟੀ' ਦੀ ਵਰਤੋਂ ਵੀ ਕੀਤੀ ਗਈ ਹੈ। ਪਟੀ ਦੀ ਮੁਹਾਰਨੀ ਵਿਚ ਪਹਿਲਾਂ ਓਅੰ, ਸਿਧਙ, ਇਈ, ਓਊ, ਰਿਰੀ, ਲਲੀ, ਬੋਲੀਦੇ ਹਨ। ਪਰ ਏਥੇ ਬਾਣੀ ਦਾ ਅਰੰਭ ਓਅੰ ਦੀ ਥਾਂ ਓਅੰਕਾਰ ਨਾਲ ਕੀਤਾ ਗਿਆ ਹੈ। ਇਸ ਦਾ ਕਾਰਨ ਓਅੰਕਾਰ ਦੇ ਅਰਥਾਂ ਦੀ ਪੜਚੋਲ ਕਰਦਿਆਂ ਲੱਭ ਜਾਏਗਾ। ਉਂਞ ਓਨਮ, ਜਿਸ ਦਾ ਅਰਥ ਹੈ ਓ ਨੂੰ ਨਮੋ, ਅਰਥਾਤ ਓਅੰਕਾਰ



Sri Satguru Jagjit Singh Ji eLibrary NamdhariElibrary@gmail.com

ਨੂੰ ਨਮਸਕਾਰ, ਦੀ ਵਰਤੋਂ ਅਰੰਭ ਦੀ ਪਉੜੀ ਵਿਚ ਕਰਕੇ ਹੀ ਅਗਾਂਹ ਹੋਰ ਹੋਰ ਅੱਖਰਾਂ ਨੂੰ ਲਿਆ ਗਿਆ ਹੈ। 'ਬਾਵਨ ਅਖਰੀ' ਤੇ 'ਪੈਂਤੀਸ ਅਖਰੀ' ਬਾਣੀਆਂ ਨਾਲ ਇਸ ਬਾਣੀ ਦਾ ਟਾਕਰਾ ਵੀ ਕੀਤਾ ਜਾ ਸਕਦਾ ਹੈ। ਮਸਲਨ, ਆਸਾ ਰਾਗ ਵਿਚ ਦਿਤੀ ਪੈਂਤੀਸ ਅਖਰੀ 'ਸ' ਅੱਖਰ ਨਾਲ ਇਉਂ ਅਰੰਭ ਹੁੰਦੀ ਹੈ :

'ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ॥
ਸੇਵਤ ਰਹੇ ਚਿਤੁ ਜਿਨ ਕਾ ਲਾਗਾ ਆਇਆ ਤਿਨ ਕਾ ਸਫਲੁ ਭਇਆ॥'
(ਆਸਾ ਮਹਲਾ ੧, ਪੰਨਾ ੪੩੨)

ਅਰਥਾਤ : 'ਸਸੇ' ਅੱਖਰ ਦੁਆਰਾ ਇਹ ਉਪਦੇਸ਼ ਹੈ ਕਿ ਸਭ ਦਾ ਸਾਹਿਬ ਹਰੀ ਆਪ ਹੈ, ਜਿਸ ਨੇ ਸ੍ਰਿਸਟੀ ਦੀ ਰਚਨਾ ਆਪ ਕੀਤੀ ਹੈ। ਉਹ ਮਨੁੱਖ ਜੋ ਉਸ ਦੀ ਸੇਵਾ ਵਿਚ ਲੱਗਦੇ ਹਨ ਤੇ ਉਸ ਨੂੰ ਹੀ ਸਦਾ ਆਪਣੇ ਚਿਤ ਵਿਚ ਟਿਕਾਈ ਰੱਖਦੇ ਹਨ, ਆਪਣੇ ਜੀਵਨ ਦਾ ਮਨੋਰਥ ਸਫ਼ਲ ਕਰ ਗਏ ਹਨ।'

ਇਸ 'ਓਅੰਕਾਰ' ਦੀ ਬਾਣੀ ਵਿਚ ਰਹਾਉ ਦੀ ਤੁਕ ਵੀ ਹੈ। 'ਰਹਾਉ' ਸ਼ਬਦ ਨਾਂਵ (noun) ਹੈ ਤੇ ਇਸ ਦਾ ਅਰਥ ਹੈ 'ਠਹਰਾਉ'। ਸੋ ਏਥੇ ਠਹਰਾਉ ਹੋਣਾ ਹੈ, ਠਹਰਨਾ ਹੈ, ਟਿਕ ਕੇ ਵਿਚਾਰ ਕਰਨਾ ਹੈ, ਕਿਉਂਕਿ ਇਸ ਵਿਚ ਸਾਰੀ ਬਾਣੀ ਦਾ ਸਮੁੱਚਾ ਸਾਰ ਮਿਲ ਸਕੇਗਾ। 'ਰਹਾਉ' ਦੇ 'ਠਹਰਾਉ' ਅਰਥ ਕਰਨ ਵਿਚ ਜੇ ਕੋਈ ਸਾਡੀ ਭੁੱਲ ਵੀ ਹੋਵੇ ਤਾਂ ਵੀ ਇਹ ਬਾਤ ਨਿਸਚਿਤ ਹੀ ਹੈ ਕਿ ਇਸ ਵਿਚ ਬਾਣੀ ਦਾ ਸਾਰ ਹੁੰਦਾ ਹੈ। 'ਓਅੰਕਾਰ' ਬਾਣੀ ਦੀ 'ਰਹਾਉ' ਇਹ ਹੈ : "ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥ ਲਿਖੁ ਰਾਮਨਾਮ ਗੁਰਮੁਖਿ ਗੋਪਾਲਾ॥" (ਪੰਨਾ ੯੩੦)

ਇਹ ਪਟੀ ਕਿਸੇ ਪੰਡਿਤ ਪਰਥਾਇ ਹੀ ਉਚਾਰੀ ਗਈ ਸੀ, ਜਿਵੇਂ ਪੈਂਤੀਸ ਅੱਖਰੀ ਵੀ, ਗੁਰੂ ਜੀ ਨੇ, ਛੋਟੀ ਆਯੂ ਵਿਚ ਹੀ, ਆਪਣੇ ਪਾਂਧੇ ਪਰਥਾਇ ਉਚਾਰੀ ਸੀ। 'ਰਹਾਉ' ਦੀ ਤੁਕ ਦਾ ਅਰਥ ਇਹ ਹੈ : "ਹੇ ਪੰਡਤ ਜੀ, ਸੁਣੋ ! ਤੁਸੀਂ ਨਿਰੇ ਇਹ ਜੰਜਾਲ



Sri Satguru Jagjit Singh Ji eLibrary NamdhariElibrary@gmail.com

(ਪਦਾਰਥਕ ਧੰਧਿਆਂ ਵਾਲੇ ਲੇਖ) ਹੀ ਕਿਉਂ ਲਿਖਦੇ ਹੋ ? ਸ੍ਰਿਸ਼ਟੀ ਦੇ ਪਾਲਕ, ਗੁਰੂਆਂ ਦੇ ਗੁਰੂ, ਰਾਮ ਜੀ ਦੇ ਨਾਮ ਦਾ ਲੇਖ ਭੀ ਲਿਖਿਆ ਕਰੋ (ਜਿਸ ਤੋਂ ਬਿਨਾ ਜੀਵਨ ਬੇਅਰਥ ਹੋ ਕੇ ਰਹਿ ਜਾਂਦਾ ਹੈ)''। ਗੁਰੂ ਸਾਹਿਬ, ਨਾ ਤਾਂ ਆਪਣੇ ਪਾਂਧੇ ਨੂੰ ਤੇ ਨਾ ਹੀ ਇਸ ਪਉੜੀ ਦੇ ਪੰਡਤ ਨੂੰ, ਸੰਸਾਰਕ ਜ਼ਿੰਮੇਂਵਾਰੀਆਂ ਤੋਂ ਹਟਾਉਣਾ ਚਾਹੁੰਦੇ ਸਨ। ਉਨ੍ਹਾਂ ਦਾ ਮਨੋਰਥ ਕੇਵਲ ਇਹ ਸੀ ਕਿ ਜ਼ਿੰਮੇਂਵਾਰੀਆਂ ਨੂੰ ਨਿਭਾਉਂਦਿਆਂ ਹੋਇਆਂ ਕਰਤਾ ਪੁਰਖ ਦੀ ਹਜ਼ੂਰੀ ਵਿਚ ਰਹਿਣਾ ਚਾਹੀਦਾ ਹੈ, ਨਹੀਂ ਤਾਂ ਜੀਵਨ ਅਸਫਲ ਜਾਏਗਾ। ਏਥੇ ਸ਼ਬਦ 'ਗੁਰਮੁਖਿ' ਦਾ ਅਰਥ ਹੈ 'ਮੁਖਿ ਗੁਰੂ', ਮੁਖੀ-ਗੁਰੂ, ਗੁਰੂਆਂ ਦਾ ਗੁਰੂ, ਹਰੀ-ਗੁਰੂ। ਬਾਣੀ ਦੇ ਅੰਦਰ ਜਾ ਕੇ ਅਸੀਂ ਵੇਖ ਸਕਾਂਗੇ ਕਿ 'ਗੁਰਮੁਖਿ' ਦੇ ਹੋਰ ਅਰਥ ਵੀ ਹਨ, ਜਿਨ੍ਹਾਂ ਦੀ ਟੇਕ ਇਹੋ ਹਰੀ ਗੁਰੂ ਹੈ। ਮਸਲਨ, ਗੁਰੂ ਸਾਹਿਬ ਦੇ ਕਿਆਸ ਵਿਚ ਦੇਹ-ਧਾਰੀ ਗੁਰੂ ਵੀ ਉਹ ਹੀ ਹੋ ਸਕਦਾ ਹੈ ਜਿਸ ਅੰਦਰ ਹਰੀ-ਗੁਰੂ ਭਰਪੂਰ ਹੋ ਕੇ ਵੱਸ ਰਿਹਾ ਹੋਵੇ ਤੇ ਜਿਸ ਦੇ ਅੰਦਰ ਹਰੀ-ਗੁਰੂ ਦਾ ਸ਼ਬਦ ਸੰਪੂਰਨ ਰੂਪ ਵਿਚ ਉਤਰਿਆ ਹੋਵੇ। ਐਸਾ 'ਸ਼ਬਦ' ਵੀ ਹਰੀ-ਗੁਰੂ ਦਾ ਰੂਪ ਹੀ ਹੁੰਦਾ ਹੈ ਤੇ ਇਸੇ ਨੂੰ ਸ਼ਬਦ ਗੁਰੂ ਕਹਿੰਦੇ ਹਨ। ਇਸ ਤੋਂ ਛੁੱਟ ਉਹ ਪੁਰਸ਼ ਜੋ ਨਿਰੋਲ ਸ਼ਬਦ-ਗੁਰੂ ਦੀ ਅਗਵਾਈ ਵਿਚ ਤੁਰ ਕੇ ਸੰਪੂਰਨ ਹੋ ਜਾਂਦੇ ਹਨ, ਵੀ 'ਗੁਰਮੁਖਿ' ਹੀ ਕਹੇ ਜਾਂਦੇ ਹਨ, ਵੇਖੋ ਪਉੜੀ ੨੨।

ਸ਼ਬਦ 'ਰਹਾਉ' ਦੇ ਅਰਥ ਜੋ ਅਸਾਂ ਉਪਰ 'ਠਹਰਾਉ' ਕੀਤੇ ਹਨ, ਨੂੰ ਵਧੇਰੇ ਨਿਸਚਿਤ ਕਰਨ ਲਈ 'ਸੁਖਮਨੀ' ਸਾਹਿਬ ਦੀ ਬਾਣੀ ਦੀ 'ਰਹਾਉ' ਵੀ ਏਥੇ ਦਿੰਦੇ ਹਾਂ :

'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
ਭਗਤ ਜਨਾ ਕੈ ਮਨਿ ਬਿਸ੍ਰਾਮ ॥

ਇਸ 'ਰਹਾਉ' ਦੀਆਂ ਦੋ ਸਤਰਾਂ ਹਨ, ਜਿਨ੍ਹਾਂ ਵਿਚ 'ਸੁਖਮਨੀ' ਦੇ ਅਰਥ ਸਮਝਾਏ ਗਏ ਹਨ। 'ਸੁਖਮਨੀ' ਦੇ ਅਰਥ ਸੁਖਾਂ ਦੀ



Sri Satguru Jagjit Singh Ji eLibrary NamdhariElibrary@gmail.com

ਮਣੀ ਨਹੀਂ ਹੈ, ਜਿਵੇਂ ਕਈ ਸੱਜਣ ਕਰ ਲੈਂਦੇ ਹਨ। ਸੁਖਮਨੀ ਦੋ ਸ਼ਬਦਾਂ ਤੋਂ ਬਣਾਈ ਗਈ ਹੈ–ਸੁਖ ਅਤੇ ਮਨੀ। 'ਮਨੀ' ਬਦਲਿਆ ਰੂਪ ਹੈ 'ਮਨਿ' ਦਾ,ਜਿਸਦਾ ਅਰਥ ਹੈ ਮਨ ਵਿਚ। ਸਾਨੂੰ ਵੇਖਣਾ ਇਹ ਪਏਗਾ ਕਿ ਸੁਖ ਕਿਸ ਸੰਬੰਧ ਵਿਚ ਵਰਤਿਆ ਗਿਆ ਹੈ ਤੇ ਕਿਸ ਮਨ ਵਿਚ ਇਹ ਟਿਕਦਾ ਹੈ? ਇਹਨਾਂ ਦੋਹਾਂ ਪ੍ਰਸ਼ਨਾਂ ਦਾ ਉੱਤਰ 'ਰਹਾਉ' ਦੀਆਂ ਦੋਹਾਂ ਸਤਰਾਂ ਵਿਚ ਵਾਰੀ ਵਾਰੀ ਦਿਤਾ ਗਿਆ ਹੈ। ਸੁਖ ਉਪਜਿਆ ਹੈ ਇਸ ਲਈ ਕਿ ਇਸ ਬਾਣੀ ਵਿਚ 'ਅੰਮ੍ਰਿਤ ਪ੍ਰਭ ਨਾਮੁ' ਹੈ ਅਤੇ ਇਹ ਨਾਮ ਟਿਕਦਾ ਹੈ ਕੇਵਲ 'ਭਗਤ ਜਨਾਂ ਦੇ ਮਨ' ਵਿਚ। ਦੂਜੇ ਸਾਰੇ ਨਿਰੇ ਪੜ੍ਹ ਪੜ੍ਹ ਛਡਣ ਵਾਲੇ ਤੇ ਖਾਲੀ ਦੇ ਖਾਲੀ ਹੀ ਰਹਿੰਦੇ ਹਨ। ਇਹੋ ਸੁਖਮਨੀ ਦਾ ਸਾਰ ਹੈ। ਇਸ ਵਿਚ ਵਿਸਥਾਰ ਨਾਲ ਦੱਸਿਆ ਜਾਏਗਾ ਕਿ ਸੁਖ ਕੀ ਹੈ, ਕਿਵੇਂ ਸਥਿਰ ਰੂਪ ਵਿਚ ਉਪਜਦਾ ਹੈ, ਕੀ ਪ੍ਰਾਪਤੀਆਂ ਹੁੰਦੀਆਂ ਹਨ ਤੇ ਮਨੁੱਖੀ ਮਨਾਂ ਨੂੰ ਕਿਸ ਅਨੰਦ ਦੀ ਮਹਾਨ ਦਸ਼ਾ ਵਿਚ ਲੈ ਜਾਂਦੀਆਂ ਹਨ, ਜਿਥੋਂ ਮੁੜ ਇਸ ਨੂੰ ਡੋਲਾਇਆ ਨਹੀਂ ਜਾ ਸਕਦਾ, ਭਾਵੇਂ ਬਾਹਰਲੇ ਹਾਲਾਤ ਕੁਝ ਵੀ ਸ਼ਕਲ ਲੈ ਲੈਣ। ਇਸੇ ਕਾਰਨ ਸੁਖਮਨੀ ਦੀ ਬਾਣੀ ਦੀ ਅੰਤਲੀ ਸਤਰ ਇਹ ਹੈ :

'ਨਾਨਕ ਇਹ ਗੁਣਿ ਨਾਮੁ ਸੁਖਮਨੀ ॥'

'ਸੁਖਮਨੀ' ਬਾਣੀ ਦੀਆਂ ਅੰਤਲੀਆਂ ਚਾਰੇ ਪਉੜੀਆਂ ਵੀ ਧਿਆਨ ਨਾਲ ਪੜ੍ਹੋ ਤੇ ਵਾਚੋ। ਇਹੋ ਨਿਰਣਾ ਉਹਨਾਂ ਵਿਚ ਮਿਲੇਗਾ।

ਅਗ੍ਹਾਂ 'ਓਅੰਕਾਰ' ਇਸ ਬਾਣੀ ਦਾ ਸਿਰਲੇਖ ਹੈ, ਜਿਸ ਦੇ ਅਰਥ ਸਮਝਣ ਦਾ ਯਤਨ ਅਸੀਂ ਭਾਈ ਗੁਰਦਾਸ ਜੀ ਦੀ ਵਾਰ ਚੋਂ ਇਕ ਤੁਕ ਲੈ ਕੇ ਕਰ ਰਹੇ ਸਾਂ। ਉਸ ਤੁਕ ਵਿਚ '੧ਓ' ਨੂੰ ਲਿਆ ਗਿਆ ਸੀ। ਅੰਕ '੧' ਨੂੰ ਭਾਈ ਗੁਰਦਾਸ ਜੀ ਨੇ 'ਏਕੰਕਾਰ' ਆਖਿਆ ਸੀ ਤੇ 'ਓ' ਨੂੰ ਓਅੰਕਾਰ। ਇਨ੍ਹਾਂ ਦੋਹਾਂ ਦੇ ਅਰਥ ਸਮਝਣ ਲਈ ਪਾਰਬ੍ਰਹਮ ਦੇ ਨਿਰਗੁਣ ਤੇ ਸਰਗੁਣ ਦੋਹਾਂ ਸਰੂਪਾਂ ਨੂੰ ਪਹਿਲਾਂ



Sri Satguru Jagjit Singh Ji eLibrary NamdhariElibrary@gmail.com

ਸਮਝਣਾ ਪਵੇਗਾ। ਨਿਰਗੁਣ ਸਰੂਪ ਮਨੁੱਖੀ ਸਮਝ ਤੋਂ ਹੀ ਪਰੇ ਦਸਿਆ ਗਿਆ ਹੈ। ਇਸੇ ਲਈ ਪਾਰਬ੍ਰਹਮ ਨੂੰ ਅਗਮ, ਅਗੋਚਰ, ਅਪਰੰਪਰ ਕਿਹਾ ਜਾਂਦਾ ਹੈ। ਉਹ ਮਨ, ਬਾਣੀ ਤੇ ਇੰਦ੍ਰਿਆਂ ਦੀ ਪਹੁੰਚ ਤੋਂ ਹੀ ਪਰੇ ਹੈ । ਉਹ ਤਾਂ ਨਾਮ, ਰੂਪ, ਦੇਸ਼ ਤੇ ਕਾਲ ਦੀਆਂ ਸਭ ਹੱਦਾਂ ਤੋਂ ਪਰੇ ਹੈ । ਉਹ 'ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ' ਹੈ। ਇਸ ਲਈ ਹੀ ਉਸ ਨੂੰ ਕੇਵਲ 'ਸਤਿ' ਦਾ ਨਾਮ ਹੀ ਦਿਤਾ ਜਾ ਸਕਦਾ ਹੈ–ਅਰਥਾਤ ਸਦੀਵੀ ਹੋਂਦ ਵਾਲਾ। ਇਸ ਸਰੂਪ ਦੇ ਪਾਰਬ੍ਰਹਮ ਨੂੰ ਨਿਰਗੁਣ ਕਿਹਾ ਜਾਂਦਾ ਹੈ ਕਿਉਂਕਿ ਮਨੁੱਖੀ ਸਮਝ ਵਿਚ ਆਏ ਸਭ ਗੁਣਾਂ ਰਾਹੀਂ ਉਸ ਨੂੰ ਸਮਝਿਆ ਹੀ ਨਹੀਂ ਜਾ ਸਕਦਾ। ਉਸ ਤੱਕ ਅਪੜਨ ਲਈ ਵੀ ਮਨ, ਇੰਦ੍ਰਿਆਂ ਆਦਿਕ ਦੀ ਆਮ ਸੰਸਾਰਕ ਸੋਝੀ ਤੋਂ ਉਤਾਂਹ ਉਠਣਾ ਹੁੰਦਾ ਹੈ ਤੇ ਆਤਮਾ ਦਾ ਉਸ ਨਾਲ ਮੇਲ ਕਰਾਣਾ ਹੁੰਦਾ ਹੈ। ਪਰ ਇਹ ਸੰਸਾਰ ਜੋ ਅਸੀਂ ਵੇਖਦੇ ਹਾਂ ਤੇ ਜਿਸ ਵਿਚ ਹੋ ਕੇ ਅਸੀਂ ਆਮ ਸੋਝੀ ਪ੍ਰਾਪਤ ਕਰਦੇ ਹਾਂ, ਕਿਥੋਂ ਆਇਆ ਸੀ ? ਉੱਤਰ ਹੈ, ਉਸੇ ਪਾਰਬ੍ਰਹਮ ਤੋਂ ਹੀ ਉਪਜਿਆ ਸੀ । ਉਸ ਨੇ ਹੀ ਆਪਣਾ ਮਾਨੋ ਇਕ ਹੋਰ ਰੂਪ ਬਣਾਇਆ ਸੀ, ਜਿਸ ਨੂੰ ਸਰਗੁਣ ਸਰੂਪ ਪਾਰਬ੍ਰਹਮ ਕਹੀਦਾ ਹੈ, ਤੇ ਇਸ ਤੋਂ ਹੀ ਸੰਸਾਰ ਉਪਾਇਆ ਸੀ। ਪਰ ਇਹ ਸੰਸਾਰ ਵੀ ਉਸ ਦਾ ਕੇਵਲ ਇਕ ਪ੍ਰਗਟਾਵਾ ਹੀ ਹੈ ਤੇ ਉਸ ਦੇ ਪ੍ਰਗਟਾਵਿਆਂ ਦੀਆਂ ਵੀ ਕਈ ਸੰਭਾਵਨਾਵਾਂ ਹਨ, ਕਿਉਂਕਿ ਉਸ ਪਾਸ ਸਰਬ ਸਮਰਥ ਕਲਾ ਹੈ, ਸ਼ਕਤੀ ਹੈ। ਇਸ ਤਰ੍ਹਾਂ ਉਸ ਨੇ ਆਪਣੇ ਸਰਗੁਣ ਰੂਪ ਦੁਆਰਾ ਸੰਸਾਰ ਉਪਾ ਕੇ ਤੇ ਉਸ ਅੰਦਰ ਆਪਣੇ ਆਤਮ ਸਰੂਪ ਵਿਚ ਹੋ ਕੇ ਵੀ ਉਸ ਨੇ ਆਪਣਾ ਨਿਰਗੁਣ ਸਰੂਪ, ਪਰੇ ਤੋਂ ਪਰੇ, ਆਜ਼ਾਦ ਤੇ ਨਿਰਲੇਪ ਰਖਿਆ ਹੋਇਆ ਹੈ। ਇਸ ਸੰਸਾਰ ਨੂੰ ਉਸਦੀ ਲੀਲ੍ਹਾ, ਉਸ ਦੀ ਮੌਜ, ਉਸਦਾ ਸ਼ੌਂਕ ਹੀ ਕਿਹਾ ਜਾਂਦਾ ਹੈ, ਜਿਸ ਨੂੰ ਜਦ ਜੀਅ ਚਾਹੇ ਉਹ ਸਮਾਪਤ ਵੀ ਕਰ ਸਕਦਾ ਹੈ। ਮੁੜ ਉਹ ਭਾਵੇਂ ਕਿਸੇ ਹੋਰ ਸਰੂਪ ਵਿਚ ਆਪਣਾ ਪ੍ਰਗਟਾਵਾ ਕਰੇ। ਇਹ

ਸਾਰਾ ਵਿਚਾਰ ਇਕ ਤੁਕ ਨਾਲ ਸਮਝਣ ਦਾ ਯਤਨ ਕਰਦੇ ਹਾਂ :

ਸੁੰਨ ਕਲਾ ਅਪਰੰਪਰਿ ਧਾਰੀ ॥
ਆਪਿ ਨਿਰਾਲਮੁ ਅਪਰ ਅਪਾਰੀ ॥
ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ ॥'

(ਮਾਰੂ ਮਹਲਾ ੧, ਪੰਨਾ ੧੦੩੭)

ਅਰਥਾਤ 'ਅਪਰੰਪਰ ਪਾਰਬ੍ਰਹਮ ਨੇ ਆਪਣੇ ਨਿਰਗੁਣ ਸਰੂਪ ਵਾਲੀ ਸ਼ਕਤੀ (ਕਲਾ) ਸਦਾ ਲਈ ਆਪਣੇ ਹੀ ਪਾਸ ਰਖੀ ਹੋਈ ਹੈ। ਇਸੇ ਲਈ ਹੀ ਉਹ ਰਚਨਾ ਕਰਕੇ ਵੀ ਤੇ ਉਸ ਵਿਚ ਆਪਣਾ ਆਪ ਰਖ ਕੇ ਵੀ ਅਪਰ ਅਪਾਰ ਤੇ ਨਿਰਲੇਪ ਹੀ ਰਹਿੰਦਾ ਹੈ ਅਰਥਾਤ ਉਸਦਾ ਨਿਰਗੁਣ ਸਰੂਪ ਮੁੱਕ ਨਹੀਂ ਜਾਂਦਾ ਤੇ ਇਸ ਸਰੂਪ ਦੇ ਕਾਰਨ ਹੀ ਜਦ ਉਹ ਚਾਹੇ ਸ੍ਰਿਸ਼ਟੀ ਨੂੰ ਖਤਮ ਕਰਕੇ ਮੁੜ ਨਿਰੋਲ ਨਿਰਗੁਣ ਹੋ ਜਾਂਦਾ ਹੈ। ਉਹ ਆਪ ਹੀ ਰਚਦਾ ਹੈ, ਰਚੀ ਹੋਈ ਰਚਨਾ ਦੀ ਸੰਭਾਲ, ਰਚਨਾ ਵਿਚ ਬਹਿ ਕੇ, ਕਰਦਾ ਹੈ ਤੇ ਜਦ ਚਾਹੇ ਆਪਣੀ ਨਿਰਗੁਣ ਕਲਾ ਤੋਂ ਮੁੜ ਨਿਰੋਲ ਨਿਰਗੁਣ ਹੋ ਜਾਂਦਾ ਹੈ (ਸਰਗੁਣ ਸਰੂਪ ਨੂੰ ਖਤਮ ਕਰਕੇ)"। ਏਥੇ ਨਿਰਗੁਣ ਨੂੰ ਸੁੰਨ ਆਖਿਆ ਹੈ, ਜਿਸ ਦਾ ਲਫਜ਼ੀ ਅਰਥ ਹੈ 'ਕੁਝ ਵੀ ਨਾਹ'। ਪਰ ਇਹ ਸੁੰਨ (ਨਿਰਗੁਣ) ਇਕ ਸ਼ਕਤੀਸ਼ਾਲੀ, ਕਰਨ ਕਾਰਨ ਸਮਰਥ, ਹੋਂਦ ਹੈ, ਇਹ 'ਕੁਝ ਵੀ ਨਾਹ' ਨਹੀਂ ਹੈ। ਰਚਨਕਾਰੀ ਦੀ ਸ਼ਕਤੀ ਉਸ ਦੇ ਆਪਣੇ ਅੰਦਰ ਹੀ ਰਹਿੰਦੀ ਹੈ ਤੇ ਅਲਗ ਥਲਗ ਹੁੰਦੀ ਹੈ, ਜੋ ਮੁੜ ਰਚਨਾ ਨੂੰ ਸਮੇਟ ਵੀ ਦਿੰਦੀ ਹੈ। ਕੁਝ ਹੋਰ ਤੁਕਾਂ ਦੇ ਕੇ ਵਧੇਰੇ ਸਮਝਣ ਦਾ ਯਤਨ ਕਰਦੇ ਹਾਂ :

'ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥'

(ਆਸਾ ਮਹਲਾ ੧, ਪੰਨਾ ੪੬੩)

ਅਰਥਾਤ, 'ਪਾਰਬ੍ਰਹਮ ਨੇ ਆਪ ਹੀ ਆਪਣੇ ਆਪ ਨੂੰ ਬਣਾਇਆ, ਆਪ ਹੀ ਨੇ ਆਪਣਾ ਆਤਮ ਸਰੂਪ (ਨਾਉ) ਰਚਿਆ :

Sri Satguru Jagjit Singh Ji eLibrary NamdhariElibrary@gmail.com

ਦੂਜੀ, ਉਸ ਨੇ ਕੁਦਰਤ ਬਣਾਈ ਜਿਸ ਦੇ ਅੰਦਰ ਉਹ ਆਪ ਹੀ ਬੈਠ ਕੇ ਆਪਣੀ ਸਾਰੀ ਲੀਲ੍ਹਾ (ਚਾਉ) ਵੇਖਦਾ ਹੈ (ਸੰਭਾਲਦਾ ਹੈ)।

ਹੋਰ : ਏਕਮ ਏਕੰਕਾਰੁ ਨਿਰਾਲਾ ॥
ਅਮਰੁ ਅਜੋਨੀ ਜਾਤਿ ਨ ਜਾਲਾ ॥
ਅਗਮੁ ਅਗੋਚਰੁ ਰੂਪੁ ਨ ਰੇਖਿਆ ॥
ਖੋਜਤ ਖੋਜਤ ਘਟਿ ਘਟਿ ਦੇਖਿਆ ॥"

(ਬਿਲਾਵਲ ਮਹਲਾ ੧, ਪੰਨਾ ੮੩੮)

ਇਸ ਤੋਂ ਸਾਫ਼ ਹੋ ਗਿਆ ਕਿ ਏਕੰਕਾਰੁ (ਏਕੇ ਦਾ ਉਚਾਰਨ), ਅਮਰ, ਅਜੋਨੀ, ਅਗਮ, ਅਗੋਚਰ, ਰੂਪ ਰੇਖਾ ਰਹਤ ਨਿਰਗੁਣ ਲਈ ਵਰਤਿਆ ਗਿਆ ਹੈ ਤੇ ਉਸ ਦੀ ਪ੍ਰਾਪਤੀ ਆਪਣੇ ਹੀ ਅੰਦਰੋਂ ਕਰਨੀ ਹੈ।

ਹੋਰ, ਇਹ ਬਚਨ ਵੇਖੋ 'ਓਅੰਕਾਰ' ਨਾਮ ਦੀ ਬਾਣੀ ਵਿਚੋਂ :

"ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ॥
ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥" (ਪੰ: ੯੩੦)

ਅਰਥਾਤ, "ਪ੍ਰਭੂ ਨੇੜੇ ਹੈ, ਦੂਰ ਨਾ ਸਮਝੋ, ਸਾਰੀ ਸ੍ਰਿਸ਼ਟੀ ਅੰਦਰ ਇਕੋ ਹੈ, ਏਕੰਕਾਰ ਹੀ ਹੈ..." (ਰਾਮਕਲੀ ਮਹਲਾ ੧)

ਹੋਰ : "ਨਿਰੰਕਾਰ ਨਿਰੰਜਨੁ ਨਿਰਭਉ
ਸਭਿ ਜਲਿ ਥਲਿ ਰਹਿਆ ਸਮਾਈ ॥"

(ਰਾਮਕਲੀ ਮਹਲਾ ੫, ਪੰਨਾ ੬੪੪)

ਹੁਣ, ਅਸੀਂ ਇਹ ਵੀ ਵੇਖਾਂਗੇ ਕਿ ਇਹ ਨਿਰਗੁਣ ਹੀ ਆਪ ਸਰਗੁਣ ਹੋ ਕੇ 'ਓਅੰਕਾਰ' ਸਦਾਉਂਦਾ ਹੈ :

'ਨਿਰੰਕਾਰੁ ਆਕਾਰੁ ਆਪਿ ਨਿਰਗੁਨ ਸਰਗੁਨ ਏਕੁ ॥
ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥"

(ਗਉੜੀ ਮਹਲਾ ੫, ਪੰਨਾ ੨੫੦)

ਹੋਰ, ਵੇਖੋ ਇਹ ਬਚਨ ਬਾਣੀ 'ਓਅੰਕਾਰ' ਵਿਚੋਂ :

'ਇਸੁ ਏਕੇ ਕਾ ਜਾਣੈ ਭੇਉ ॥ ਆਪੇ ਕਰਤਾ ਆਪੇ ਦੇਉ ॥'(ਪੰ: ੯੩੦)



Sri Satguru Jagjit Singh Ji eLibrary NamdhariElibrary@gmail.com

ਅਰਥਾਤ 'ਇਸ ਏਕੰਕਾਰ (ਨਿਰਗੁਨ) ਦਾ ਜੇ ਕੋਈ ਭੇਦ ਜਾਣ ਲਵੇ ਤਾਂ ਉਸ ਨੂੰ ਪਤਾ ਲੱਗ ਜਾਵੇਗਾ ਕਿ ਉਹ ਆਪ ਹੀ ਕਰਤਾ ਪੁਰਖ ਹੋ ਜਾਂਦਾ ਹੈ ਤੇ ਆਪ ਹੀ ਪ੍ਰਕਾਸ਼ ਸਰੂਪ ਦੇਵ ਹੈ, ਗੁਰੂ ਹੈ।'

ਹੋਰ : 'ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥'

(ਮਾਰੂ ਮਹਲਾ ੫, ਪੰਨਾ ੧੦੦੩)

"ਓਅੰਕਾਰ ਤੋਂ ਹੀ ਉਤਪਤੀ ਹੋਈ ਹੈ। ਉਸ ਨੇ ਹੀ ਦਿਨ ਰਾਤ (ਸਮੇਂ ਦੀ ਤੋਰ) ਤੋਰੀ ਹੈ।"

ਹੋਰ : 'ਓਅੰਕਾਰਿ ਏਕੋ ਰਵਿ ਰਹਿਆ
ਸਭੁ ਏਕਸ ਮਾਹਿ ਸਮਾਵੈਗੋ ॥' (ਕਾਨੜਾ ਮਹਲਾ ੪, ਪੰ: ੧੩੧੦)

ਅਰਥਾਤ 'ਓਅੰਕਾਰ ਤੋਂ ਹੀ ਉਹੋ ਇਕ ਪਾਰਬ੍ਰਹਮ ਸਭ ਦੇ ਅੰਦਰ ਸਮਾ ਰਿਹਾ ਹੈ ਤੇ ਅੰਤ ਨੂੰ ਸਭ ਉਸ ਇਕ ਵਿਚ ਹੀ ਸਮਾ ਜਾਣਗੇ।'

ਹੋਰ : 'ਸਰਗੁਣ ਨਿਰਗੁਣ ਥਾਪੈ ਨਾਉ ॥
ਦੁਹ ਮਿਲਿ ਏਕੈ ਕੀਨੋ ਠਾਉ ॥'

(ਆਸਾ ਮਹਲਾ ੫, ਪੰਨਾ ੩੮੭)

ਅਰਥਾਤ 'ਨਿਰਗੁਣ ਅਤੇ ਸਰਗੁਣ ਦੋਵੇਂ ਪਾਰਬ੍ਰਹਮ ਦੇ ਹੀ ਨਾਮ ਥਾਪੇ ਗਏ ਹਨ। ਅੰਤਮ ਤੌਰ ਤੇ ਦੋਵੇਂ ਇਕੋ ਥਾਂ ਜਾ ਮਿਲਦੇ ਹਨ।'

ਉਤਲੀਆਂ ਤੁਕਾਂ ਤੋਂ ਇਹ ਸਿੱਟਾ ਨਿਕਲਿਆ ਹੈ ਕਿ ਪਾਰਬ੍ਰਹਮ ਨਿਰਗੁਣ ਹਰੀ, ਆਪ ਹੀ ਸਭ ਕੁਝ ਹੈ। ਉਹ ਸਰਗੁਣ (ਓਅੰਕਾਰ) ਹੋ ਕੇ ਰਚਨਾ ਕਰਦਾ ਹੈ ਤੇ ਆਪ ਹੀ ਆਤਮ-ਰੂਪ ਤੇ ਪਦਾਰਥ-ਰੂਪ ਵਿਚ ਵਿਚਰਦਾ ਹੈ। ਸੋ ਨਿਰਗੁਣ ਪਾਰਬ੍ਰਹਮ ਚਾਰ ਰੂਪਾਂ ਵਿਚ ਵਿਚਰਦਾ ਹੈ–ਨਿਰਗੁਣ (ਏਕੰਕਾਰ),ਸਰਗੁਨ (ਓਅੰਕਾਰ), ਆਤਮ ਸੰਸਾਰ ਤੇ ਕੁਦਰਤ (ਪਦਾਰਥਕ ਸੰਸਾਰ)। ਜਿਸ ਪੰਡਤ ਜੀ ਨਾਲ ਗੁਰੂ ਸਾਹਿਬ ਜੀ ਦੀ 'ਓਅੰਕਾਰ' ਬਾਬਤ ਵਿਚਾਰ ਹੋਈ ਸੀ



Sri Satguru Jagjit Singh Ji eLibrary NamdhariElibrary@gmail.com

ਉਹ ਸ਼ਬਦ 'ਓਮ' ਜਾਂ 'ਓਅਮ' ਦੀ ਵਰਤੋਂ ਹੀ ਕਰਦੇ ਸਨ, 'ਓਅੰਕਾਰ' ਦੀ ਨਹੀਂ। ਗੁਰੂ ਸਾਹਿਬ ਨੇ ਏਸੇ ਸ਼ਬਦ ਨੂੰ ਓਅੰਕਾਰ ਬਣਾਇਆ ਤੇ ਇਸ ਤਰ੍ਹਾਂ ਪ੍ਰਚਲਤ 'ਓਅਮ' ਦੀ ਪਰੰਪਰਾ ਨੂੰ ਵੀ ਕਾਇਮ ਰਖਿਆ ਤੇ ਨਾਦਾਤਮਕ ਨਾਮ ਨੂੰ ਨਵਾਂ ਬਲ ਵੀ ਦਿਤਾ। ਪਟੀ ਉਤੇ ਓਅਮ ਨੂੰ ੳ ਰੂਪ ਵਿਚ ਲਿਖਿਆ ਜਾਂਦਾ ⌒ ਸੀ। ਪਰ ਗੁਰੂ ਜੀ ਨੇ ਇਸ ੳ ਉਤੇ ਕੌਂਸ ਲਾ ਕੇ ਇਸ ਨੂੰ 'ਓ' ਬਣਾਇਆ ਸੀ। ਸੋ, ਓਅੰਕਾਰ,ਓਅਮ ਦਾ ਓਵੇਂ ਹੀ ਉਚਾਰਨ ਹੈ ਜਿਵੇਂ ਉਕਾਰ ਅਕਾਰ, ਮਕਾਰ; ਉਚਾਰਨ ਹਨ ੳ, ਅ, ਮ ਦੇ ਅਤੇ ਉਤਲੀ ਕੌਂਸ ਨੇ ਉਚਾਰਨ ਵਿਚ 'ਕਾਰ' ਬਣ ਜਾਣਾ ਹੈ।

ਹੁਣ, ਅਸੀਂ 'ਓਅੰਕਾਰ' ਬਾਣੀ ਦੀਆਂ ਪਉੜੀਆਂ ਵਾਰੀ ਵਾਰੀ ਲੈ ਕੇ, ਉਨ੍ਹਾਂ ਦੇ ਪਦ-ਅਰਥ, ਟੀਕੇ, ਤੇ ਲੋੜ ਅਨੁਸਾਰ, ਵਿਆਖਿਆ ਦੇਵਾਂਗੇ। ਪਉੜੀਆਂ ਕੁਲ ੫੪ ਹਨ, ਜੋ ਵਧੇਰੇ ਕਰਕੇ ਅੱਠ ਅੱਠ ਸਤਰਾਂ ਦੀਆਂ ਹਨ, ਕੁਝ ਥੋੜ੍ਹੀਆਂ ਚਾਰ ਚਾਰ ਸਤਰਾਂ ਦੀਆਂ ਤੇ ਕਿਤੇ ਕਿਤੇ ੯ ਸਤਰਾਂ ਤਕ ਵੀ ਹੋ ਜਾਂਦੀਆਂ ਹਨ। ਸਾਰੀ ਬਾਣੀ ਦੇ ਸਾਰ ਵਾਲੀ 'ਰਹਾਉ' ਵੱਖਰੀ ਹੈ।

ਪਾਠਕਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਇਹਨਾਂ ਸਾਰੀਆਂ ਪਉੜੀਆਂ ਨੂੰ ਗਹੁ ਨਾਲ ਵਾਚਿਆ ਜਾਏ। ਇਨ੍ਹਾਂ ਵਿਚ ਸਿੱਖੀ ਦਾ ਸਹੀ ਸਰੂਪ ਦਿਸ ਪਵੇਗਾ ਤੇ ਮੁੜ ਗੁੰਮਰਾਹ ਹੋਣ ਦੀ ਗੁੰਜਾਇਸ਼ ਹੀ ਨਹੀਂ ਰਹੇਗੀ। ਇਸ ਤੋਂ ਪਹਿਲੇ ਅਸੀਂ ਦੋ ਟਰੈਕਟ ਪ੍ਰਕਾਸ਼ਤ ਕਰ ਚੁੱਕੇ ਹਾਂ, ਜਿਨ੍ਹਾਂ ਵਿਚ 'ਰਾਧਾ ਸੁਆਮੀ' ਭੰਨ-ਤੋੜ ਖੋਹਲ ਕੇ ਵਿਖਾਈ ਗਈ ਸੀ। ਪਰ ਹੁਣ ਅਸੀਂ ਇਸ ਬਾਬਤ ਆਪਣੇ ਵਲੋਂ ਕੋਈ ਟਿਪਣੀ ਨਹੀਂ ਕਰਦੇ। ਪਾਠਕ ਆਪ ਹੀ ਗੁਰਮਤਿ ਨੂੰ ਸਮਝਣ ਦਾ ਯਤਨ ਕਰਨ। ਗੁਰੂ ਨਾਨਕ ਦੇਵ ਜੀ ਦੀ ਏਡੀ ਵੱਡੀ ਬਾਣੀ ਵਿਚ 'ਨਾਦ' ਸ਼ਬਦ ਦੀ ਕੇਵਲ ਪਉੜੀ ੨੨ ਵਿਚ ਹੀ ਇਕੋ ਵਾਰ ਇਉਂ ਵਰਤੋਂ ਹੋਈ ਹੈ: 'ਗੁਰਮੁਖਿ ਨਾਦ ਬੇਦ ਬੀਚਾਰੁ ॥'

Sri Satguru Jagjit Singh Ji eLibrary NamdhariElibrary@gmail.com

# ਬਾਣੀ 'ਓਅੰਕਾਰ' 'ਚੋਂ
# ਮਾਣਕ ਮੋਤੀਆਂ ਦੀ ਛਣਕਾਰ

(ਗੁਰਮੁਖਿ ਵਸਤੁ ਪਰਾਪਤਿ ਹੋਵੈ ਚੁਣਿ ਲੈ ਮਾਣਕ ਮੋਤੀ ॥)

## ਪਉੜੀ (੧)

ਓਅੰਕਾਰਿ ਬ੍ਰਹਮਾ ਉਤਪਤਿ ॥
ਓਅੰਕਾਰੁ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ ॥
ਓਅੰਕਾਰਿ ਬੇਦ ਨਿਰਮਏ ॥
ਓਅੰਕਾਰਿ ਸਬਦਿ ਉਧਰੇ ॥
ਓਅੰਕਾਰਿ ਗੁਰਮੁਖਿ ਤਰੇ ॥
ਓਨਮ ਅਖਰ ਸੁਣਹੁ ਬੀਚਾਰੁ ॥
ਓਨਮ ਅਖਰੁ ਤ੍ਰਿਭਵਣ ਸਾਰੁ ॥ (ਪੰ: ੯੨੯)

## ਪਦ-ਅਰਥ

ਦਖਣੀ :–ਰਾਮਕਲੀ ਰਾਗ ਦੀ ਦਖਣੀ ਕਿਸਮ; ਓਅੰਕਾਰਿ–ਸਰਗੁਣ ਹਰੀ ਤੋਂ; ਸੈਲ ਜੁਗ ਪਏ–ਪਹਾੜ ਤੇ ਜੁਗ ਹੋਏ (ਦੇਸ਼ ਤੇ ਕਾਲ ਦੀਆਂ ਵੰਡਾਂ ਹੋ ਗਈਆਂ) ; ਨਿਰਮਏ-ਰਚੇ ਗਏ; ਗੁਰਮੁਖਿ–ਜਿਨ੍ਹਾਂ ਜੀਵਾਂ ਦਾ ਗੁਰੂ ਵੱਲ ਮੁਖਿ ਹੈ, ਜੋ ਗੁਰੂ ਦੀ ਅਗਵਾਈ ਵਿਚ ਤੁਰਦੇ ਹਨ। (ਗੁਰਮੁਖਿ ਲਈ ਵੇਖੋ ਪਉੜੀ ੨੨); ਓਨਮ–ਓ ਨਮੋ, ਓਮ ਨਮੋ, ਓਅੰਕਾਰ ਨਮੋ, ਓਅੰਕਾਰ ਨੂੰ ਨਮਸਕਾਰ ਹੈ, ਓਅੰਕਾਰ ਦੀ ਜੈ ਹੋਵੇ (ਸੋ ਪਟੀਆਂ ਉਤੇ ਲਿਖਿਆ ਜਾਂਦਾ 'ਓਨਮ', ਜੋ ਓਅਮ ਦੀ ਹੀ ਨੁਮਾਇੰਦਗੀ ਕਰਨ ਵਾਲਾ ਸੀ ਓ ਦੀ ਨੁਮਾਇੰਦਗੀ ਕਰਨ ਵਾਲਾ ਹੋ ਗਿਆ। ਇਸੇ ਲਈ ਹੀ


Sri Satguru Jagjit Singh Ji eLibrary NamdhariElibrary@gmail.com

ਇਸ ਨੂੰ ਅੱਖਰ ਆਖਿਆ ਗਿਆ ਹੈ, ਭਾਵੇਂ ਇਹ ਵਧੇਰੇ ਅੱਖਰਾਂ ਦਾ ਬਣਿਆ ਹੈ); ਤ੍ਰਿਭਵਣ-ਤਿੰਨਾਂ ਭਵਨਾਂ (ਲੋਕਾਂ) ਦਾ, ਸਾਰੁ-ਤਤ, ਜੜ੍ਹ (ਜਿਸ ਤੋਂ ਸਭ ਉਤਪਤੀ ਹੋਈ ਹੈ)।

## ਟੀਕਾ

੧. ਓਅੰਕਾਰ ਤੋਂ ਅਰਥਾਤ ਸਰਗੁਣ ਹਰੀ ਤੋਂ, ਬ੍ਰਹਮਾ (ਜੋ ਸ੍ਰਿਸ਼ਟੀ ਦੀ ਰਚਨਹਾਰ ਕਲਾ (ਸ਼ਕਤੀ) (ਮੰਨੀ ਜਾਂਦੀ ਹੈ) ਦੀ ਉਤਪਤੀ ਹੋਈ।

੨. ਉਸ ਬ੍ਰਹਮਾ ਦੀ ਜਿਸ ਨੇ ਓਅੰਕਾਰ ਨੂੰ ਹੀ ਆਪਣੇ ਚਿਤ ਵਿਚ ਸਿਮਰਿਆ ਸੀ (ਗੁਰੂ ਸਾਹਿਬ ਦੱਸਣਾ ਚਾਹੁੰਦੇ ਹਨ ਕਿ ਨਿਰਗੁਣ ਦੀ ਕਿਉਂਕਿ ਰੂਪ-ਰੇਖਾ ਹੀ ਕੋਈ ਨਹੀਂ, ਉਸ ਨੂੰ ਧਿਆਨ ਵਿਚ ਲਿਆਇਆ ਹੀ ਨਹੀਂ ਜਾ ਸਕਦਾ ਸੀ ਤੇ ਬ੍ਰਹਮਾ ਦਵਾਰਾ ਸਰਗੁਣ ਦੇ ਧਿਆਨ ਤੋਂ ਹੀ ਸਿਮਰਨ ਦਾ ਅਰੰਭ ਹੋਇਆ ਸੀ, ਵੇਖੋ ਪਉੜੀ ੨੦)।

੩. ਓਅੰਕਾਰ ਤੋਂ ਹੀ ਪਹਾੜ (ਦੇਸ਼) ਅਤੇ ਜੁਗ (ਕਾਲ) ਦੋਵੇਂ ਅਰੰਭ ਹੋਏ।

੪. ਓਅੰਕਾਰ ਤੋਂ ਵੇਦ (ਗਿਆਨ ਦੇ ਭੰਡਾਰ, ਰਿਖੀਆਂ ਦੁਆਰਾ) ਉਤਰੇ, (ਏਸੇ ਕਾਰਨ ਹੀ ਉਸ ਨੂੰ ਅਗਾਂਹ, ਰਹਾਉ ਦੀ ਤੁਕ ਵਿਚ, ਸ਼ਰੋਮਣੀ ਗੁਰੂ ਆਖਿਆ ਗਿਆ ਹੈ)। ਇਸ ਪਉੜੀ ਦੀ ਅਗਲੀ ਤੁਕ ਵਿਚ ਹੀ ਉਸ ਨੂੰ ਸ਼ਬਦ ਉਪਜਾਣ ਵਾਲਾ ਵੀ ਵਿਖਾਇਆ ਗਿਆ ਹੈ)।

੫. ਓਅੰਕਾਰ ਤੋਂ ਹੀ ਜੀਵ ਹਰੀ-ਗੁਰੂ ਦੇ ਸ਼ਬਦ ਦੀ ਕਮਾਈ ਦੁਆਰਾ ਤਰੇ ਹਨ।

੬. ਓਅੰਕਾਰ ਤੋਂ ਹੀ ਗੁਰਮੁਖਿ ਜੀਵ (ਗੁਰੂ ਦੇ ਹਵਾਲੇ ਹੋ ਕੇ) ਤਰੇ ਹਨ।


Sri Satguru Jagjit Singh Ji eLibrary NamdhariElibrary@gmail.com

੭. ਪੰਡਤ ਜੀ, ਸੁਣੋ, ਅਸੀਂ ਤੁਹਾਨੂੰ ਓਨਮ ਅੱਖਰ ਦਾ ਹੀ ਵੀਚਾਰ (ਕਥਾ) ਦੱਸ ਰਹੇ ਹਾਂ, (ਅਰਥਾਤ ਅਸੀਂ ਓਅੰਕਾਰ ਦੀਆਂ ਕਾਰਗੁਜ਼ਾਰੀਆਂ ਦੱਸ ਦੱਸ ਕੇ ਉਸ ਦੀ ਜੈ ਜੈ ਕਾਰ ਕਰ ਰਹੇ ਹਾਂ)।

੮. ਇਹੋ ਓਨਮ ਅੱਖਰ ਤਿੰਨਾਂ ਭਵਨਾਂ ਦਾ ਸਾਰ ਸਮਝੋ (ਤਿੰਨਾਂ ਹੀ ਭਵਨਾਂ ਦੀ ਰੂਪ ਰੇਖਾ ਉਸ ਵਿਚ ਹੀ ਸਮਾਈ ਹੋਈ ਹੈ, ਉਸ ਵਿਚੋਂ ਹੀ ਉਪਜਦੀ ਹੈ, ਉਸ ਤੋਂ ਹੀ ਫਲਦੀ ਫੁਲਦੀ ਹੈ ਤੇ ਉਸ ਤੋਂ ਹੀ ਸਮਾਪਤ ਹੋ ਜਾਂਦੀ ਹੈ। ਸੋ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਤਿੰਨੇ, ਉਹ ਆਪ ਹੀ ਹੁੰਦਾ ਹੈ)।

ਨੋਟ : ਪਉੜੀ ਵਿਚ ਓਅੰਕਾਰ ਨੂੰ ਕਰਤਾ ਪੁਰਖ ਬਣਾ ਕੇ ਵਿਖਾਇਆ ਗਿਆ ਹੈ। ਉਸ ਤੋਂ ਸਭ ਰਚਨਾ ਉਪਜਦੀ ਹੈ ਤੇ ਦੇਸ਼ ਤੇ ਕਾਲ ਦਾ ਅਰੰਭ ਹੁੰਦਾ ਹੈ। ਪਰ ਇਹ ਅਰੰਭ ਕੇਵਲ ਇਸ ਰਚਨਾ ਦੇ ਸੰਬੰਧ ਵਿਚ ਹੀ ਹੈ, ਜਿਸ ਨੂੰ ਅਸੀਂ ਜਾਣਦੇ ਹਾਂ। ਵੈਸੇ; ਨਿਰਗੁਣ ਪਾਰਬ੍ਰਹਮ ਇਸ ਸਾਰੇ ਤੋਂ ਅਲਗ ਥਲਗ ਹੀ ਰਹਿੰਦਾ ਹੈ ਤੇ ਸਦੀਵੀ ਹੁੰਦਾ ਹੈ। ਏਥੇ ਓਅੰਕਾਰ ਇਸ ਸ੍ਰਿਸ਼ਟੀ ਦੀ ਹੀ ਸਾਰੀ ਖੇਡ ਚਲਾਉਂਦਾ ਵਿਖਾਇਆ ਗਿਆ ਹੈ–ਉਹ ਉਪਜਾਂਦਾ ਹੈ, ਪਾਲਣ ਪੋਸਣ ਕਰਦਾ ਹੈ ਅਤੇ ਸਮੇਟਦਾ ਵੀ ਹੈ ਅਰਥਾਤ ਮਿਥਿਆਸਕ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਆਦਿਕ ਸ਼ਕਤੀਆਂ ਉਹ ਆਪ ਹੀ ਹੁੰਦਾ ਹੈ। ਇਸ ਤੋਂ ਅੱਗੇ ਰਹਾਉ ਦੀ ਤੁਕ ਹੈ ਜਿਸ ਵਿਚ 'ਓਅੰਕਾਰ' ਬਾਣੀ ਦਾ ਸਮੁੱਚਾ ਸਾਰ ਦਿਤਾ ਗਿਆ ਹੈ ; ਰਹਾਉ ਇਹ ਹੈ :

'ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥
ਲਿਖੁ ਰਾਮਨਾਮ ਗੁਰਮੁਖਿ ਗੋਪਾਲਾ ॥੧॥ ਰਹਾਉ ॥

(ਪੰਨਾ ੯੩੦)

Sri Satguru Jagjit Singh Ji eLibrary NamdhariElibrary@gmail.com

# ਪਦ-ਅਰਥ

ਗੋਪਾਲਾ–ਗੋਇ ਪਾਲਕ–ਸ੍ਰਿਸ਼ਟੀ ਦਾ ਪਾਲਕ।

ਇਸ 'ਰਹਾਉ' ਦੀ ਤੁਕ ਦੇ ਅਰਥ ਪਿਛੇ ਦਿਤੇ ਜਾ ਚੁੱਕੇ ਹਨ। ਸੰਖੇਪ ਰੂਪ ਵਿਚ ਇਹ ਫਿਰ ਇਉਂ ਦਿਤੇ ਜਾਂਦੇ ਹਨ :

'ਪੰਡਤ ਜੀ, ਸੁਣੋ, ਕਿਉਂ ਤੁਸੀਂ ਨਿਰੇ ਪਦਾਰਥਕ ਧੰਧਿਆਂ ਵਾਲੇ (ਮਾਇਕੀ) ਲੇਖ ਹੀ ਲਿਖਦੇ ਰਹਿੰਦੇ ਹੋ ? ਸ੍ਰਿਸ਼ਟੀ ਦੇ ਮਾਲਕ ਤੇ ਗੁਰੂਆਂ ਦੇ ਗੁਰੂ, ਰਾਮ ਜੀ ਦੇ ਨਾਮ ਦਾ ਲੇਖ ਭੀ ਲਿਖਿਆ ਕਰੋ (ਜਿਸ ਤੋਂ ਬਿਨਾਂ ਜੀਵਨ ਲੰਗੜਾ ਹੋ ਕੇ ਹੀ ਚਲੇਗਾ ਅਤੇ ਬੇ-ਅਰਥ ਹੋ ਕੇ ਰਹਿ ਜਾਏਗਾ)।'

ਨਾਮ ਦੀ ਕੁਝ ਵਿਆਖਿਆ ਪਉੜੀ (੨) ਵਿਚ ਹੈ। ਇਸ 'ਰਹਾਉ' ਵਿਚ ਤਾਂ ਕੇਵਲ ਇਸ ਬਾਣੀ ਦਾ ਸਾਰ ਹੀ ਹੈ, ਗੁਰੂ-ਪਦ ਤੇ ਨਾਮ ਸਿਖੀ ਦੇ ਦੋ ਮਹਾਨ ਸਿਧਾਂਤਾਂ ਦਾ ਇਸ ਵਿਚ ਜ਼ਿਕਰ ਆਇਆ ਹੈ। 'ਓਅੰਕਾਰ' ਨੂੰ ਹੀ ਮੁਖੀ-ਗੁਰੂ (ਗੁਰੂਆਂ ਦਾ ਗੁਰੂ) ਵਿਖਾਇਆ ਗਿਆ ਹੈ। ਅਸੀਂ ਜਿਉਂ ਜਿਉਂ ਬਾਣੀ ਦਾ ਅਧਿਐਨ ਕਰਾਂਗੇ, ਇਹ ਦੋਵੇਂ ਤੇ ਹੋਰ ਸਿਧਾਂਤ ਵਧੇਰੇ ਖੁਲ੍ਹ ਕੇ ਸਾਹਮਣੇ ਆਂਦੇ ਜਾਣਗੇ। ਓਅੰਕਾਰ ਤੋਂ ਉਤਰੇ ਸ਼ਬਦ ਦੀ ਅਗਵਾਈ ਵਿਚ ਤੁਰ ਕੇ, ਨਾਮ ਦੁਆਰਾ, ਜੀਵਨ ਸਫ਼ਲ ਕਰਨ ਦੀ ਹਦਾਇਤ ਥਾਂ ਥਾਂ ਹੀ ਮਿਲੇਗੀ। ਕੇਵਲ ਓਅੰਕਾਰ-ਹਰੀ ਦੀ ਅਗਵਾਈ ਹੀ ਅਭੁੱਲ ਪ੍ਰਗਟ ਕੀਤੀ ਗਈ ਹੈ : 'ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥' ਸਿਰੀ ਰਾਗ ਮਹਲਾ ੧

ਅਰਥਾਤ 'ਸਭ ਕੋਈ ਭੁਲਦਾ ਹੈ, ਕੇਵਲ ਕਰਤਾਰ-ਗੁਰੂ (ਹਰੀ-ਗੁਰੂ) ਹੀ ਅਭੁੱਲ ਹੈ।' ਪਰ ਕਰਤਾਰ-ਗੁਰੂ ਦੀ ਅਗਵਾਈ ਕੋਈ ਪ੍ਰਾਪਤ ਕਿਵੇਂ ਕਰੇ ? ਇਹ ਤਾਂ ਠੀਕ ਹੈ ਕਿ ਅੰਦਰ ਵਸਦੇ ਹਰੀ ਤੋਂ ਹਰ ਕਿਸੇ ਨੂੰ ਕੁਝ ਨਾ ਕੁਝ ਅਗਵਾਈ ਮਿਲਦੀ ਹੀ ਰਹਿੰਦੀ ਹੈ ਪਰ ਇਹ ਪਤਾ ਕਿਵੇਂ ਲੱਗੇ ਕਿ ਇਹ ਅਗਵਾਈ



Sri Satguru Jagjit Singh Ji eLibrary NamdhariElibrary@gmail.com

ਠੀਕ ਹੈ। ਆਮ ਮਨੁੱਖਾਂ ਦੀ ਆਪਣੀ ਅਕਲ ਥੋਥੀ ਹੁੰਦੀ ਹੈ, ਨਿਸ਼ਚੇ ਕਮਜ਼ੋਰ ਹੁੰਦੇ ਹਨ ਤੇ ਜੀਵਨ ਜੀਵਾਂ ਦੇ ਸੁਭਾਵਾਂ ਅਧੀਨ ਹੀ ਚਲਦਾ ਹੈ। ਏਸੇ ਲਈ ਹੀ ਸ਼ਖ਼ਸੀ-ਗੁਰੂ ਦੀ ਵੀ ਲੋੜ ਪੈਂਦੀ ਹੈ। ਅਸੀਂ ਅਗਾਂਹ ਪਉੜੀ ਤੀਜੀ ਵਿਚ ਹੀ ਵੇਖ ਲਵਾਂਗੇ ਕਿ ਗੁਰੂ ਕੇਵਲ ਉਹ ਹੀ ਹੋ ਸਕਦਾ ਹੈ, ਜੋ ਹਰੀ-ਗੁਰੂ ਦਾ ਰੂਪ ਹੋ ਗਿਆ ਹੋਵੇ :

"ਜੋ ਜੋ ਦੀਸੈ ਸੋ ਸੋ ਰੋਗੀ ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥"
(ਭੈਰਉ ਮਹਲਾ ੫, ਪੰਨਾ ੧੧੪੦)

ਹੋਰ : 'ਗੁਰ ਮਹਿ ਆਪਿ ਸਮੋਇ ਸਬਦੁ ਵਰਤਾਇਆ ॥'

ਅਰਥਾਤ 'ਗੁਰੂ ਵਿਚ ਹਰੀ ਆਪਣਾ ਆਪ ਰੱਖ ਦਿੰਦਾ ਹੈ ਤੇ ਫਿਰ ਉਸ ਰਾਹੀਂ ਉਹ ਸੰਸਾਰ ਦੀ ਅਗਵਾਈ ਲਈ ਸ਼ਬਦ ਵਰਤਾਉਂਦਾ ਹੈ।' ਇਸ ਦਰਜੇ ਦੀ ਅਗਵਾਈ ਹਰੀ-ਗੁਰੂ ਦੀ ਅਗਵਾਈ ਹੀ ਹੋ ਜਾਂਦੀ ਹੈ। 'ਗੁਰੂ' ਸਿਧਾਂਤ ਦੇ ਵੱਖ ਵੱਖ ਪਹਿਲੂ ਅਗਾਂਹ ਖੁਲ੍ਹ ਜਾਣਗੇ । ਸ਼ਖ਼ਸੀ-ਗੁਰੂ ਦਾ ਕਿਆਸ ਕੁਝ ਪਉੜੀ ਤੀਜੀ ਵਿਚ ਆ ਜਾਏਗਾ ਤੇ ਨਾਮ ਦਾ ਕਿਆਸ ਕੁਝ ਅਗਲੀ ਪਉੜੀ ਵਿਚ ਹੀ ਹੈ ਤੇ ਕੁਝ ਹੋਰ ਅਗਾਂਹ ਜਾ ਕੇ ਹੈ। ਯਾਦ ਰੱਖਣਾ ਚਾਹੀਦਾ ਹੈ ਵੱਖ ਵੱਖ ਸਿਧਾਂਤਾਂ ਨੂੰ ਇਕੱਲੀ ਕਿਸੇ ਵੀ ਇਕ ਪਉੜੀ ਵਿਚ ਨਹੀਂ ਦਿਤਾ ਜਾ ਸਕਦਾ। ਮਸਲਨ, 'ਗੁਰੂ-ਸਿਧਾਂਤ' ਦੇ ਵੱਖ ਵੱਖ ਪੱਖ ਹਨ ਤੇ ਜਿਹੜਾ ਪੱਖ ਕਿਸੇ ਪਉੜੀ ਦੇ ਵਿਚਾਰ ਨਾਲ ਕੁਝ ਮਿਲਦਾ ਹੈ, ਉਹ ਦੇ ਦਿਤਾ ਗਿਆ ਹੈ। 'ਸ਼ਖ਼ਸੀ-ਗੁਰੂ' ਤੇ 'ਸ਼ਬਦ-ਗੁਰੂ' ਦੇ ਸਿਧਾਂਤਾਂ ਨੂੰ ਪਉੜੀ ੨੭ ਤੋਂ ੩੦ ਤਕ ਸਮਝਣ ਸਮਝਾਣ ਦਾ ਯਤਨ ਕੀਤਾ ਗਿਆ ਹੈ ਤੇ 'ਨਾਮ' ਦੇ ਸਿਧਾਂਤਾਂ ਨੂੰ ਪਉੜੀਆਂ ੧੯, ੨੦ ਆਦਿਕ ਵਿਚ ਵੀ ਵਿਖਾਇਆ ਜਾਏਗਾ।

Sri Satguru Jagjit Singh Ji eLibrary NamdhariElibrary@gmail.com

# ਪਉੜੀ (੨)

"ਸਸੈ ਸਭੁ ਜਗੁ ਸਹਜਿ ਉਪਾਇਆ ਤੀਨਿ ਭਵਨ ਇਕ ਜੋਤੀ ॥
ਗੁਰਮੁਖਿ ਵਸਤੁ ਪਰਾਪਤਿ ਹੋਵੈ ਚੁਣਿ ਲੈ ਮਾਣਕ ਮੋਤੀ ॥
ਸਮਝੈ ਸੂਝੈ ਪੜਿ ਪੜਿ ਬੂਝੈ ਅੰਤਿ ਨਿਰੰਤਰਿ ਸਾਚਾ ॥
ਗੁਰਮੁਖਿ ਦੇਖੈ ਸਾਚੁ ਸਮਾਲੇ ਬਿਨੁ ਸਾਚੇ ਜਗੁ ਕਾਚਾ ॥ ੨ ॥"

(ਪੰਨਾ ੯੩੦)

# ਪਦ-ਅਰਥ

ਸਹਜਿ–ਸਹਜ ਵਿਚ ਹੋ ਕੇ, ਸੰਪੂਰਨ ਗਿਆਨ ਦੀ ਹਾਲਤ ਵਿਚ ਹੋ ਕੇ, ਗਿਣੇ ਮਿਥੇ, ਕਾਨੂੰਨਾਂ ਦੇ ਅਨੁਸਾਰ, ਆਪਣੇ ਹੁਕਮ ਦੀ ਵਰਤੋਂ ਕਰਦੇ ਹੋਏ ਗੁਰੂ ਸਾਹਿਬ ਦੱਸਣਾ ਚਾਹੁੰਦੇ ਹਨ ਕਿ ਸੰਸਾਰ-ਰਚਨਾ ਕੋਈ ਅੰਨ੍ਹੀ ਘੜਮਸ ਨਹੀਂ,ਇਹ ਗਿਣੇ ਮਿਥੇ ਪ੍ਰੋਗਰਾਮ ਅਨੁਸਾਰ ਹੈ। ਹਰੀ ਨੇ ਆਪਣਾ ਹੁਕਮ ਵਰਤਾਇਆ ਹੈ, ਜੋ ਬਝਵੇਂ ਨੇਮਾਂ ਦੇ ਅਧੀਨ ਹੈ। ਜੋ ਮਨੁੱਖ ਇਨ੍ਹਾਂ ਨੇਮਾਂ ਦੇ ਅਧੀਨ ਨਹੀਂ ਚਲੇਗਾ, ਉਸ ਦਾ ਜੀਵਨ ਅਸਫਲ ਰਹੇਗਾ ਤੇ ਉਸ ਨੂੰ ਹੋਰ ਹੋਰ ਜੀਵਨਾਂ ਵਿਚੋਂ ਗੁਜ਼ਰਨਾ ਪਵੇਗਾ, ਜਨਮ ਮਰਨ ਵਿਚੋਂ ਲੰਘਣਾ ਪਵੇਗਾ। ਯੋਗੀਆਂ ਦੀ ਪੁਛਾਂ ਦੇ ਉੱਤਰ ਵਿਚ ਕਿ ਜੀਵ ਕਿਵੇਂ ਬਣਿਆ ਸੀ, ਗੁਰੂ ਸਾਹਿਬ ਨੇ ਇਉਂ ਹੀ ਉੱਤਰ ਦਿਤਾ ਸੀ :

'ਸਹਜੇ ਆਵੈ ਸਹਜੇ ਜਾਇ ॥
ਮਨ ਤੇ ਉਪਜੈ ਮਨ ਮਾਹਿ ਸਮਾਇ ॥'

(ਗਉੜੀ ਮਹਲਾ ੧, ਪੰਨਾ ੧੫੨)

ਅਰਥਾਤ 'ਜੀਵ ਹੁਕਮ ਵਿਚ ਆਂਵਦਾ ਹੈ, ਹੁਕਮ ਵਿਚ ਚਲਾ ਜਾਂਦਾ ਹੈ। ਇਹ ਮਨ ਤੋਂ ਅਰਥਾਤ ਮਨ ਦੇ ਸੰਸਕਾਰਾਂ ਤੋਂ ਉਪਜਦਾ ਹੈ ਤੇ ਮਨ ਵਿਚ, ਮਨ ਦੇ ਸੰਸਕਾਰਾਂ ਵਿਚ, ਹੀ ਸਮਾਇਆ ਰਹਿੰਦਾ ਹੈ।' ਸੋ, ਹਰੀ ਦਾ ਹੁਕਮ ਬਝਵੇਂ ਨੇਮਾਂ ਅਧੀਨ



Sri Satguru Jagjit Singh Ji eLibrary NamdhariElibrary@gmail.com

ਹੈ। ਆਵਾਗਵਨ ਦੇ ਚੱਕਰ ਵੀ ਨੇਮਾਂ ਅਧੀਨ ਹੀ ਚਲਦੇ ਹਨ। ਕੁਝ ਥਾਈਂ : 'ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੇ ਸਮਾਈ' ਵੀ ਆਖਿਆ ਗਿਆ ਹੈ (ਵੇਖੋ ਸਿਧ ਗੋਸਟਿ)। ਸੋ, ਪਉੜੀ ਦੇ 'ਸਹਜਿ' ਸ਼ਬਦ ਦਾ ਅਰਥ 'ਹੁਕਮ' ਹੈ; ਵਸਤੂ–ਨਾਮ-ਵਸਤੂ; ਅੰਤਿ–ਓੜਕ ਵਿਚ, ਜਿਵੇਂ : 'ਕੂੜ ਨਿਖੁਟੇ ਨਾਨਕਾ ਓੜਕ ਸਚਿ ਰਹੀ॥' (ਆਸਾ ਮਹਲਾ ੧) ਅਰਥਾਤ 'ਹੇ ਨਾਨਕ, ਕੂੜਾ ਮਨੁੱਖ ਨਸ਼ਟ ਹੋ ਜਾਂਦਾ ਹੈ ਕਿਉਂਕਿ ਆਖਰਕਾਰ ਸੱਚ ਵਿਚ ਹੀ ਰਿਹਾ ਜਾ ਸਕਦਾ ਹੈ।'

ਹੋਰ : 'ਨਾਨਕ ਸਚੁ ਧਿਆਇਨਿ ਸਚੁ॥

ਜੋ ਮਰਿ ਜੰਮੇ ਸੁ ਕਚੁ ਨਿਕਚੁ॥' (ਆਸਾ ਮ: ੧, ਪੰ: ੪੬੩)

"ਹੇ ਨਾਨਕ, ਜੋ ਮਨੁੱਖ ਸੱਚ-ਸਰੂਪ ਹਰੀ ਨੂੰ ਧਿਆਉਂਦੇ ਹਨ, ਉਹ ਸੱਚ-ਸਰੂਪ ਹੀ ਹੋ ਜਾਂਦੇ ਹਨ। ਜੋ ਕੱਚੇ ਹੁੰਦੇ ਹਨ ਉਹ ਜੰਮਦੇ ਮਰਦੇ ਰਹਿੰਦੇ ਹਨ," ਨਿਰੰਤਰਿ–ਚੰਗੀ ਤਰ੍ਹਾਂ ਅੰਦਰ, ਹਿਰਦੇ ਦੀਆਂ ਡੂੰਘਾਈਆਂ ਵਿਚ;

## ਟੀਕਾ

੧. ਸਸੇ ਅੱਖਰ ਦੁਆਰਾ ਇਹ ਉਪਦੇਸ਼ ਹੈ (ਸਸੇ ਅੱਖਰ ਦਾ ਇਕ ਤਰ੍ਹਾਂ ਇਹ ਸੁਨੇਹਾ ਹੈ) ਕਿ ਸਾਰਾ ਜਗਤ ਹਰੀ ਨੇ ਆਪਣੇ ਹੁਕਮ ਵਿਚ ਉਪਾਇਆ ਹੈ ਤੇ ਤਿੰਨਾਂ ਹੀ ਭਵਨਾਂ ਵਿਚ ਉਸ ਨੇ ਇਕੋ ਹਰੀ-ਜੋਤ ਧਰੀ ਹੈ।

੨. ਜਿਨ੍ਹਾਂ ਗੁਰਮੁਖਾਂ ਨੂੰ ਨਾਮ-ਵਸਤੂ ਪ੍ਰਾਪਤ ਹੋ ਜਾਂਦੀ ਹੈ, ਉਹ ਹਰੀ ਦੇ ਗੁਣ, ਵਡਿਆਈਆਂ ਰੂਪ ਮਾਣਕ-ਮੋਤੀ ਚੁਣ ਲੈਂਦੇ ਹਨ; ਜਿਵੇਂ : 'ਮਤਿ ਵਿਚਿ ਰਤਨ ਜਵਾਹਰ ਮਾਣਕ', ਅਮੋਲਕ ਮੋਤੀ ਹੁੰਦੇ ਹਨ ਤੇ ਪ੍ਰਾਪਤ ਤਾਂ ਹੁੰਦੇ ਹਨ : 'ਜੇ ਇਕ ਗੁਰ ਕੀ ਸਿਖ ਸੁਣੀ' ਜਾਏ। ਇਨ੍ਹਾਂ ਖ਼ਜ਼ਾਨਿਆਂ ਨੂੰ ਹੀ 'ਨੌ ਨਿਧਿ' ਆਖਿਆ ਜਾਂਦਾ ਹੈ। ਭਾਵ ਇਹ ਹੈ ਕਿ ਨਾਮ ਜਾਂ ਸ਼ਬਦ ਦੀ ਕਮਾਈ ਨਾਲ


Sri Satguru Jagjit Singh Ji eLibrary NamdhariElibrary@gmail.com

ਰੱਬੀ ਗੁਣਾਂ ਦੇ ਭੰਡਾਰ ਇਕੱਠੇ ਕਰ ਸਕੀਦੇ ਹਨ। ਫਿਰ ਪੂਰੀ ਜਾਗ੍ਰਤ ਆ ਜਾਣ ਕਰਕੇ ਸ਼ਖ਼ਸੀਅਤ ਘੜੀ ਜਾਂਦੀ ਹੈ ਤੇ ਜੀਵਨ 'ਚੋਂ ਸੱਚ, ਪ੍ਰੇਮ, ਦਇਆ, ਖਿਮਾ, ਸੰਤੋਖ, ਨਿਮ੍ਰਤਾ, ਧੀਰਜ, ਮਿਠਾਸ, ਗਿਆਨ ਆਦਿਕ ਦੈਵੀ ਗੁਣ ਉਪਜਦੇ ਹਨ ਜੋ ਜੀਵਨ ਨੂੰ ਸਹੀ ਸੇਧਾਂ ਵਿਚ ਰੱਖ ਕੇ ਤੋਰਦੇ ਹਨ। (ਸੋ ਇਹ ਦੈਵੀ ਗੁਣ ਹੀ ਮਾਣੋਂ ਮਾਣਕ ਮੋਤੀ ਹਨ)।

੩. (ਪਰ ਇਹ ਆਸਾਨ ਬਾਤ ਵੀ ਨਹੀਂ ਹੈ। ਨਾਮ ਨਿਰਾ ਕਿਸੇ ਸ਼ਬਦ ਦਾ ਉਚਾਰਨ ਨਹੀਂ ਹੈ, ਨਾਮ ਹਰੀ ਦੇ ਗੁਣਾਂ ਦੀ ਕਮਾਈ ਕਰਨੀ ਹੈ) ਹਰੀ ਦੇ ਸਰੂਪ ਨੂੰ ਸਮਝਣਾ ਹੈ, ਪੜ੍ਹ ਪੜ੍ਹ ਕੇ ਇਸ ਸਰੂਪ ਨੂੰ ਬੁਝਣਾ ਹੈ, ਸਹੀ ਸੋਝੀ ਪ੍ਰਾਪਤ ਕਰਨੀ ਹੈ ਤੇ ਆਖ਼ਰਕਾਰ ਆਪਣੇ ਅੰਦਰ ਵਸਦੇ ਸੱਚ-ਸਰੂਪ ਹਰੀ ਨੂੰ ਲੱਭ ਲੈਣਾ ਹੈ (ਇਹ ਹੈ ਨਾਮ ਤੋਂ ਉਪਜੀ ਕਮਾਈ ਜੋ ਸਾਧਕ ਨੂੰ ਦੇਵਤਾ ਕਰ ਦਿੰਦੀ ਹੈ)।

੪. ਸੋ, ਗੁਰਮੁਖਿ ਸੱਚ-ਸਰੂਪ ਹਰੀ ਨੂੰ ਸਿਮਰਦਾ ਹੈ ਤੇ ਆਪਣੇ ਅੰਦਰ ਹੀ ਉਸ ਨੂੰ ਵੇਖ ਲੈਂਦਾ ਹੈ (ਅਰਥਾਤ ਪ੍ਰਾਪਤੀ ਹੀ ਕਰ ਲੈਂਦਾ ਹੈ)। ਇਸ ਪ੍ਰਾਪਤੀ ਤੋਂ ਬਿਨਾਂ ਸਾਰਾ ਜਗਤ ਕੱਚਾ ਹੈ, ਕੂੜਾ ਹੈ। ਇਹ ਜਗਤ ਕੱਚਾ ਤਦੋਂ ਬਣਦਾ ਹੈ ਜਦੋਂ ਜੀਵ ਆਪਣੇ ਮੋਹ, ਪਿਆਰ ਤੇ ਲਾਲਚਾਂ ਅਧੀਨ ਇਕ ਆਪਣਾ ਜਗਤ ਰਚ ਲੈਂਦਾ ਹੈ। ਇਹ ਝੂਠੀ ਦੁਨੀਆਂ ਹੁੰਦੀ ਹੈ। ਇਸ ਵਿਚ ਪਿਆਰ ਉਨ੍ਹਾਂ ਚੀਜ਼ਾਂ ਨਾਲ ਹੁੰਦਾ ਹੈ ਜੋ ਛਿਨ-ਭੰਗਰ ਹਨ ਤੇ ਜਿਨ੍ਹਾਂ ਤੋਂ ਦੁੱਖ ਹੀ ਨਿਕਲਦਾ ਹੈ। ਜਿਵੇਂ, ਹਰ ਕਿਸੇ ਲਈ ਅੰਨ ਖਾਣਾ ਸਰੀਰ ਕਾਇਮ ਰੱਖਣ ਲਈ ਜ਼ਰੂਰੀ ਹੁੰਦਾ ਹੈ ਤੇ ਇਸ ਲਈ ਇਉਂ ਖਾਣਾ ਸੱਚ ਹੈ, ਪਰ ਸਵਾਦਾਂ ਦੇ ਅਧੀਨ, ਪਦਾਰਥਾਂ ਦੇ ਗ਼ੁਲਾਮ ਹੋ ਕੇ, ਖਾਣਾ ਝੂਠ ਹੁੰਦਾ ਹੈ ਤੇ ਇਸ ਤੋਂ ਦੁੱਖ ਨਿਕਲਦਾ ਹੈ ਤੇ ਸਰੀਰ ਰੋਗੀ ਹੋ ਜਾਂਦਾ ਹੈ। ਇਹੋ ਝੂਠੀ ਦੁਨੀਆਂ ਬਣ ਜਾਂਦੀ ਹੈ।



Sri Satguru Jagjit Singh Ji eLibrary NamdhariElibrary@gmail.com

ਇਹ ਮਨੁੱਖਾਂ ਨੇ ਆਪ ਹੀ ਖੜ੍ਹੀ ਕੀਤੀ ਹੁੰਦੀ ਹੈ। ਇਸੇ ਨੂੰ ਕੂੜ, ਸੁਪਨਾ, ਧੂਏਂ ਕਾ ਪਹਾੜ, ਮ੍ਰਿਗ-ਤ੍ਰਿਸ਼ਨਾ, ਬਾਦਲ ਕੀ ਛਾਇਆ ਆਦਿਕ ਆਖਿਆ ਗਿਆ ਹੁੰਦਾ ਹੈ।

# ਪਉੜੀ (੩)

'ਧਧੈ ਧਰਮੁ ਧਰੇ ਧਰਮਾਪੁਰਿ ਗੁਣਕਾਰੀ ਮਨੁ ਧੀਰਾ ॥
ਧਧੈ ਧੂਲਿ ਪੜੈ ਮੁਖਿ ਮਸਤਕਿ ਕੰਚਨ ਭਏ ਮਨੂਰਾ ॥
ਧਨੁ ਧਰਣੀਧਰੁ ਆਪਿ ਅਜੋਨੀ ਤੋਲਿ ਬੋਲਿ ਸਚੁ ਪੂਰਾ ॥
ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥੩॥
(ਪੰਨਾ ੯੩੦)

# ਪਦ-ਅਰਥ

ਧਰਮਾਪੁਰਿ–ਧਰਮ ਦੀ ਪੁਰੀ ਵਿਚ, ਧਰਮਸਾਲ ਵਿਚ, ਧਰਮ ਕਮਾਣ ਦੀ ਥਾਂ (ਧਰਤੀ) ਵਿਚ; ਧੀਰਾ–ਧੀਰਜਵਾਲਾ; ਧੂਲਿ–ਧੂੜੀ; ਮਨੂਰਾ–ਨਿਕੰਮਾ ਲੋਹਾ; ਧਰਣੀਧਰੁ–ਧਰਤੀ ਦਾ ਸਹਾਰਾ; ਮਿਤਿ–ਮਾਪ ਤੋਲ, ਪੈਮਾਨਾ; ਤੋਲਿ ਬੋਲਿ–ਤੋਲ ਕੇ ਆਖੇ ਹੋਏ ਬੋਲ (ਬਚਨਾਂ) ਵਿਚ; ਕੈ–ਜਾਂ; ਸੂਰਾ–ਸੂਰਮਾ।

# ਟੀਕਾ

੧. ਸਸੇ ਅੱਖਰ ਦੁਆਰਾ ਸਮਝਾਇਆ ਗਿਆ ਹੈ ਕਿ 'ਗੁਰੂ' ਧਰਮ ਕਮਾਣ ਲਈ ਰਚੀ ਗਈ ਇਸ ਧਰਤੀ ਵਿਚ ਧਰਮ ਖਿਲਾਰਦਾ ਹੈ (ਇਹ ਵੀ ਕਰਤੇ ਦੀ ਹੀ ਵਿਉਂਤ ਹੈ ਕਿ ਭੁੱਲੀ ਹੋਈ ਦੁਨੀਆਂ ਵਿਚ ਰਾਹ ਵਿਖਾਣ ਦਾ ਪ੍ਰਬੰਧ ਵੀ ਹੋਵੇ)। ਉਹ ਜੀਵਾਂ ਵਿਚ ਗੁਣ ਕਰਣਹਾਰ ਹੈ। ਉਸਦਾ ਆਪਣਾ ਮਨ (ਭਟਕਣਾ ਰਹਿਤ ਹੋ ਕੇ) ਪੂਰਨ ਧੀਰਜਧਾਰੀ ਹੈ, ਗੰਭੀਰ ਹੈ (ਵੇਖੋ ਪਉੜੀ ੨੦)। (ਉਸ ਨੇ ਹੀ ਹਰੀ ਦਾ ਸ਼ਖ਼ਸੀ ਰੂਪ ਲੈਣਾ ਹੈ ਵੇਖੋ ਰਹਾਉ)।

੨. (ਜਿਸ ਕਿਸੇ ਭਾਗਾਂ ਵਾਲੇ ਦੇ) ਮੂੰਹ-ਮੱਥੇ ਅਜਿਹੇ ਗੁਰੂ ਦੀ

ਚਰਨ-ਧੂੜੀ ਪੈ ਜਾਂਦੀ ਹੈ, ਉਹ ਨਿਕੰਮੇ ਲੋਹੇ ਵਾਂਗ ਹੋਏ ਮਨ ਨੂੰ ਵੀ ਸੋਨਾ ਕਰ ਦੇਂਦੀ ਹੈ (ਗੁਣਕਾਰੀ ਜੂ ਹੋਇਆ)।

੩. ਇਸ ਗੁਰੂ ਨੇ ਹਰੀ ਨੂੰ ਹੀ ਆਪਣਾ ਧਨ ਬਣਾਇਆ ਹੈ– ਉਸ ਹਰੀ ਨੂੰ ਜੋ ਧਰਤੀ ਦਾ ਸਹਾਰਾ ਹੈ, ਜੋ ਅਜੋਨੀ ਹੈ। ਇਸੇ ਲਈ ਹੀ ਉਹ ਆਪ ਵੀ ਹਰੀ ਵਾਂਗ ਹੈ, ਤੋਲ ਬੋਲ ਵਿਚ ਪੂਰਾ ਸੱਚਾ ਹੈ (ਹਰੀ ਦਾ ਰੂਪ ਜੂ ਹੋ ਗਿਆ ਹੋਇਆ ਹੈ)।

੪. ਕਰਤੇ ਹਰੀ ਦਾ ਮਾਪ ਤੋਲ, ਉਸ ਦੇ ਗੁਣ ਵਡਿਆਈਆਂ ਦਾ ਮਾਪ ਤੋਲ, ਉਹ ਹਰੀ ਆਪ ਹੀ ਜਾਣਦਾ ਹੈ ਜਾਂ ਇਹ 'ਗੁਰੂ' ਸੂਰਮਾ ਜਾਣਦਾ ਹੈ (ਸੂਰਮਾ ਇਸ ਲਈ ਕਿ ਤੋਲ-ਬੋਲ ਵਿਚ ਪੂਰਾ ਹੈ, ਨਿਧੜਕ ਹੋ ਕੇ ਸੱਚ ਆਖਣ ਵਾਲਾ ਹੋ ਗਿਆ ਹੈ :

'ਸਚੁ ਸੁਣਾਇਸੀ ਸਚੁ ਕੀ ਬੇਲਾ'–ਤਿਲੰਗ ਮਹਲਾ ੧)

ਨੋਟ : ਗੁਰੂ-ਪਦ ਨੂੰ ਏਥੇ ਬਹੁਤ ਮਹਾਨ ਬਣਾ ਕੇ ਵਿਖਾਇਆ ਜਾ ਰਿਹਾ ਹੈ। ਉਹ ਹਰੀ-ਗੁਰੂ ਦਾ ਹੀ ਰੂਪ ਹੈ ਤੇ ਸੰਸਾਰ ਨੂੰ ਰਸਤਾ ਵਿਖਾਲਣ ਲਈ ਕਦੇ ਕਦੇ ਕਰਤਾਰ ਦੇ ਹੁਕਮ ਨਾਲ ਆਉਂਦਾ ਹੈ, ਜਦੋਂ ਧਰਮ ਦੀ ਹਾਨੀ ਹੋ ਰਹੀ ਹੋਵੇ। ਇਹ ਸਾਡੀ ਧਰਤੀ ਧਰਮ ਕਮਾਵਣ ਦਾ ਅਸਥਾਨ ਹੈ ਜਿਥੇ 'ਕਰਮੀ ਕਰਮੀ ਹੋਇ ਵੀਚਾਰ', ਤੇ ਫੈਸਲੇ ਕਰਨ ਵਾਲਾ ਤੇ ਉਸ ਦਾ ਦਰਬਾਰ ਇਉਂ ਹਨ; 'ਸਚਾ ਆਪਿ ਸਚਾ ਦਰਬਾਰੁ', ਕਚੇ ਜਾਂ ਪਕੇ ਏਥੇ ਹੀ ਪਰਖੇ ਜਾਂਦੇ ਹਨ : 'ਗੁਰੂ' ਸਬੰਧੀ ਵਿਚਾਰ ਅਗਲੀ ਪਉੜੀ ਵਿਚ ਹੋਰ ਵਧੇਰੇ ਖੋਲ੍ਹ ਕੇ ਕੀਤੀ ਗਈ ਹੈ।

ਇਸ ਪਉੜੀ ਵਿਚ 'ਗੁਰੂ' ਰਾਹੀਂ ਧਰਮ ਕਮਾਵਣ ਨੂੰ ਮੂਹਰੇ ਆਂਦਾ ਹੈ ਪਰ ਧਰਮ ਹੈ ਕੀ ? ਸ਼ਬਦ 'ਧਰਮ' ਧ੍ਰੀ ਤੋਂ ਉਪਜਿਆ ਹੈ ਜਿਸ ਦਾ ਅਰਥ ਹੈ 'ਜੋੜ ਕੇ ਰਖਣਾ', 'ਬਣਾਏ ਰਖਣਾ', 'ਕਾਇਮ ਰਖਣਾ'। ਕਿਸੇ ਚੀਜ਼ ਦੀ ਹੋਂਦ ਨੂੰ 'ਬਣਾਈ ਰਖਣਾ', ਉਸ ਚੀਜ਼ ਦਾ ਧਰਮ ਹੈ, ਜਿਵੇਂ ਅਗਨੀ ਦਾ ਧਰਮ ਹੈ ਬਲਣਾ। ਜਦੋਂ ਇਹ ਬਲਣਾ ਬੰਦ ਹੋ ਜਾਏ ਤਾਂ ਅਗਨੀ; ਅਗਨੀ ਹੋ ਕੇ ਰਹਿੰਦੀ ਵੀ



Sri Satguru Jagjit Singh Ji eLibrary NamdhariElibrary@gmail.com

ਨਹੀਂ। ਇਸੇ ਤਰ੍ਹਾਂ ਮਨੁੱਖਾਂ ਦਾ ਵੀ ਅਪਣਾ ਧਰਮ ਹੈ ਜੋ ਉਹਨਾਂ ਨੂੰ ਸਹੀ ਅਰਥਾਂ ਵਿਚ ਜੀਵਤ ਰਖਦਾ ਹੈ। ਉਸ ਧਰਮ ਦੀ ਸੋਝੀ ਇਉਂ ਕਰਾਈ ਗਈ ਹੈ :

'ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥'

(ਮਾਝ ਮਹਲਾ ੧, ਪੰਨਾ ੧੪੨)

ਸਪਸ਼ਟ ਹੈ, ਕਿ ਜੀਵਣ ਦਾ ਮਨੋਰਥ ਹਰੀ ਦੀ ਪ੍ਰਾਪਤੀ ਹੀ ਹੈ, ਨਹੀਂ ਤਾਂ ਜੀਵਣ ਗੁਮਰਾਹ ਹੋ ਕੇ ਚਲਦਾ ਹੈ। ਸੋ, ਮਨੁੱਖ ਜਾਤੀ ਦਾ ਧਰਮ ਹਰੀ ਦੀ ਪ੍ਰਾਪਤੀ ਹੀ ਹੁੰਦਾ ਹੈ।

ਹੋਰ : 'ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥' (ਪੰ: ੨੬੬)

ਅਰਥਾਤ "ਸਭ ਧਰਮਾਂ ਤੋਂ ਉਤਮ ਧਰਮ ਉਹ ਹੈ ਜਿਸ ਵਿਚ ਨਾਮ ਦੇ ਜਪਣ ਨੂੰ ਮੁਖ ਰੱਖਿਆ ਗਿਆ ਹੋਵੇ। ਇਉਂ ਸਮਝੋ ਕਿ ਨਿਰੋਲ ਸ਼ੁੱਧ ਕਰਮ ਇਹੋ ਜਪਣਾ ਹੁੰਦਾ ਹੈ।" ਇਸੇ ਪ੍ਰਾਪਤੀ ਨੂੰ ਹੀ ਹਰੀ ਦਾ ਫੁਰਮਾਣ ਜਾਂ ਹੁਕਮ ਸਮਝਣਾ ਚਾਹੀਦਾ ਹੈ। ਗੁਰੂ ਜੀ ਨੇ ਇਸੇ ਹੁਕਮ ਨੂੰ 'ਸ਼ਬਦ' ਵੀ ਕਿਹਾ ਹੈ, ਜੋ ਪ੍ਰਮਾਤਮਾ ਤੋਂ ਹੀ ਪੂਰੇ ਗੁਰੂ ਦੁਆਰਾ ਉਤਰਦਾ ਹੈ। ਪਉੜੀ ਵਿਚ ਇਸੇ 'ਗੁਰੂ' ਦੀ ਮਹਿਮਾ ਕੀਤੀ ਗਈ ਹੈ ਕਿਉਂਕਿ ਇਹ ਧਰਮ ਉਸ ਨੇ ਹੀ ਖਿਲਾਰਣਾ ਹੈ, ਸ਼ਬਦ ਦੁਆਰਾ, ਪਰ ਜਿੰਨਾ ਚਿਰ ਕੋਈ ਆਪ ਪੂਰਨ ਨਹੀਂ, ਜਿਵੇਂ ਹਰੀ ਪੂਰਨ ਹੈ, ਉਸ ਦਾ ਸ਼ਬਦ ਵੀ ਅਪੂਰਨ ਹੀ ਹੋਵੇਗਾ। ਇਸ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਦੇ ਇਹ ਬਚਨ ਨੋਟ ਕਰਨ ਵਾਲੇ ਹਨ :

'ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਹਮਣਹ ॥
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ ॥
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥'

(ਪੰਨਾ ੪੬੯)



Sri Satguru Jagjit Singh Ji eLibrary NamdhariElibrary@gmail.com

ਅਰਥਾਤ 'ਜੋਗੀਆਂ ਦਾ ਸ਼ਬਦ ਗਿਆਨ ਹੈ ਭਾਵ ਜੋਗੀਆਂ ਦਾ ਜੀਵਨ-ਮਾਰਗ ਗਿਆਨ ਮਾਰਗ ਹੈ, ਬ੍ਰਾਹਮਣਾਂ ਦਾ ਵੇਦ ਹੈ, ਖੱਤਰੀਆਂ ਦਾ ਸੂਰਮਤਾਈ ਹੈ ਅਤੇ ਸ਼ੂਦਰਾਂ ਦਾ ਪਰਾਈ ਸੇਵਾ ਹੈ। ਪਰ ਜੋ ਪੁਰਸ਼ ਜੀਵਣ ਦਾ ਅਸਲੀ ਭੇਦ ਜਾਣਦਾ ਹੈ ਉਸ ਲਈ ਜੀਵਨ-ਮਾਰਗ ਇਕ ਹੀ ਹੈ (ਹਰੀ ਦੀ ਪ੍ਰਾਪਤੀ), ਅਜਿਹਾ ਪੁਰਸ਼ ਹਰੀ ਦਾ ਰੂਪ ਹੁੰਦਾ ਹੈ, ਉਹ ਅਸਲ ਦੇਵਤਾ ਹੈ।' ਗੁਰੂ ਸਾਹਿਬ ਦਾ ਭਾਵ ਇਹ ਹੈ ਕਿ ਜ਼ਾਤ ਪਾਤ ਦੇ ਆਧਾਰ ਤੇ ਬਣੇ ਭਾਈਚਾਰੇ ਸ਼ਬਦ ਦੀ ਅਪੂਰਨਤਾ ਦੇ ਕਾਰਨ ਹੀ ਹੁੰਦੇ ਹਨ। ਗੁਰੂ ਅਮਰਦਾਸ ਜੀ ਨੇ ਇਹ ਗੱਲ ਇਉਂ ਪ੍ਰਗਟ ਕੀਤੀ ਸੀ :

'ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥'

ਸਪਸ਼ਟ ਹੈ, ਕਿ 'ਸ਼ਬਦ' ਸੋਧਣ ਯੋਗ ਵੀ ਹੁੰਦਾ ਹੈ ਪਰ ਸੋਧੇ ਰੂਪ ਵਿਚ ਇਹ ਸੱਚੀ ਟਕਸਾਲੇ ਘੜਿਆ ਗਿਆ ਹੁੰਦਾ ਹੈ, ਜੋ ਇਉਂ ਘੜਦੀ ਹੈ : 'ਜੇ ਜਤ ਦੀ ਭੱਠੀ ਹੋਵੇ, ਧੀਰਜ ਸੁਨਿਆਰਾ ਹੋਵੇ, ਮਤਿ ਅਹਰਣ ਹੋਵੇ, ਗਿਆਨ ਹਥੌੜਾ ਹੋਵੇ, ਹਰੀ ਦਾ ਭਉ ਖਲਾ ਹੋਵੇ, ਤਪ ਸਾਧਨਾ (ਜ਼ਾਬਤੇ ਦਾ ਜੀਵਣ) ਅਗਨੀ ਹੋਵੇ ਤੇ ਪ੍ਰੇਮ ਦਾ ਭਾਂਡਾ ਹੋਵੇ ਤਾਂ ਇਸ ਭਾਂਡੇ ਵਿਚ ਅੰਮ੍ਰਿਤ ਨਾਮ ਢਾਲੋ। ਇਸ ਤਰ੍ਹਾਂ ਹੀ ਸਚੀ ਟਕਸਾਲ ਦਾ ਸ਼ਬਦ ਘੜਿਆ ਜਾਣਾ ਹੁੰਦਾ ਹੈ ਪਰ ਪੂਰਨ ਰੂਪ ਵਿਚ ਕਿਸੇ ਵਿਰਲੇ ਮਹਾਂਪੁਰਖ ਅੰਦਰ ਪ੍ਰਗਟ ਹੁੰਦਾ ਹੈ ਤੇ ਕਦੇ ਕਦੇ ਹੀ ਹੁੰਦਾ ਹੈ। ਗੁਰੂ-ਪਦ ਦਾ ਇਹ ਕਿਆਸ ਜਿਸ ਕਿਸੇ ਨੂੰ ਹੋ ਜਾਵੇ, ਉਹ ਦੁਨੀਆਂ ਅੰਦਰ ਬੇਅੰਤ ਗੱਦੀਆਂ ਬਣਾਈ ਬੈਠੇ ਛੋਟੇ ਮੋਟੇ ਗੱਦੀਦਾਰਾਂ ਤੋਂ ਗੁਮਰਾਹ ਨਹੀਂ ਹੋ ਸਕਦੇ। ਇਸ ਤੋਂ ਛੁਟ ਜਿਨ੍ਹਾਂ ਧਰਮ ਦਾ ਸਹੀ ਅਰਥ ਸਮਝ ਲਿਆ ਹੈ ਉਹ ਧਰਮ ਦੇ ਨਾਮ ਉਤੇ ਝਗੜੇ ਨਹੀਂ ਹੋਣ ਦਿੰਦੇ, ਉਹ ਸੱਚ ਹੀ ਖਿਲਾਰਦੇ ਹਨ। ਧਰਮ ਦਾ ਮਨੋਰਥ ਤਾਂ ਮਨੁੱਖ ਜਾਤੀ ਨੂੰ ਸਹੀ ਜੀਵਣ ਦੀ ਜਾਚ ਦੱਸ ਕੇ ਉਸ ਦੀਆਂ ਜੀਵਣ ਸਮੱਸਿਆਵਾਂ ਦਾ ਹੱਲ ਕਰਨਾ ਤੇ ਸੁਖੀ ਜੀਵਣ ਦੇਣਾ ਹੈ। ਦੇਸ਼, ਕਾਲ, ਕੁਲ ਅਤੇ ਰੰਗ ਆਦਿਕ



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਫਰਕਾਂ ਦੇ ਬਾਵਜੂਦ ਮਨੁੱਖਾਂ ਦੀਆਂ ਜੀਵਣ ਸਮੱਸਿਆਵਾਂ ਲਗਪਗ ਇਕ ਜੈਸੀਆਂ ਹੀ ਹੁੰਦੀਆਂ ਹਨ ਤੇ ਇਸ ਲਈ ਉਨ੍ਹਾਂ ਦੇ ਧਰਮ ਵੀ ਬੁਨਿਆਦੀ ਤੌਰ ਤੇ ਵੱਖ ਵੱਖ ਨਹੀਂ ਹੋ ਸਕਦੇ। ਇਸ ਤੋਂ ਛੁੱਟ, ਮਨੁੱਖ ਜਾਤੀ ਦਾ ਕਿਉਂਕਿ ਵਿਕਾਸ ਹੋ ਰਿਹਾ ਹੈ, ਉਸ ਦੇ ਧਰਮ ਵਿਚ ਵੀ ਏਨੀ ਕੁ ਲਚਕ ਜ਼ਰੂਰ ਹੋਣੀ ਚਾਹੀਦੀ ਹੈ ਕਿ ਉਸ ਦਾ ਵਾਧਾ ਰੁਕ ਨਾ ਜਾਏ। ਗੁਰੂ, ਅਵਤਾਰ ਤੇ ਪੈਗ਼ੰਬਰ, ਸਮੇਂ ਸਮੇਂ ਪ੍ਰਗਟ ਹੁੰਦੇ ਰਹਿੰਦੇ ਹਨ। ਪ੍ਰਮਾਤਮਾ ਤੋਂ ਉਹ ਰੋਸ਼ਨੀ ਲੈਂਦੇ ਹਨ ਪਰ ਕਿਉਂਕਿ ਉਹ ਆਪ ਬੇਅੰਤ ਹੈ ਤੇ ਮਨੁੱਖੀ ਸਮਝ ਮਹਦੂਦ ਹੈ, ਉਸ ਰੋਸ਼ਨੀ ਨੂੰ ਸਾਰੇ ਮਨੁੱਖ ਇਕੋ ਤਰ੍ਹਾਂ ਨਹੀਂ ਵੇਖ ਸਕਦੇ। ਉਸ ਦੇ ਦਰਸ਼ਨ ਵਿਸਮਾਦ ਦੀ ਹਾਲਤ ਵਿਚ ਲੈ ਜਾਂਦੇ ਹਨ ਤੇ ਜਦੋਂ ਉਹ ਇਸ ਹਾਲਤ ਤੋਂ ਉਤਰ ਕੇ ਵਰਣਨ ਕਰਦੇ ਹਨ ਤਾਂ ਆਪਣੇ ਆਪਣੇ ਸੁਭਾਉ, ਵੱਖ ਵੱਖ ਮਾਨਸਕ, ਕਲਚਰ ਲ ਤੇ ਆਤਮਕ ਹਾਲਤਾਂ, ਸੁਆਦਾਂ ਤੇ ਤਾਲੀਮਾਂ ਦੇ ਵਖੇਵੇਂ, ਇਸ ਵਰਣਨ ਤੇ ਅਸਰ ਪਾਂਦੇ ਹਨ। ਜਦ ਉਹ ਵਿਸਮਾਦੀ ਪੱਧਰ ਤੋਂ ਉਤਰ ਕੇ ਦਿਮਾਗੀ ਪੱਧਰ ਤੇ ਆਂਦੇ ਹਨ ਤਾਂ ਵੀ ਕਿਤੇ ਕਿਤੇ ਫ਼ਰਕ ਹੋ ਜਾਣੇ ਗ਼ੈਰ-ਕੁਦਰਤੀ ਨਹੀਂ ਹੁੰਦੇ। ਇਸ ਵਿਚਾਰ ਦਾ ਸਪਸ਼ਟ ਭਾਵ ਇਹ ਹੈ ਕਿ ਸਾਰੇ ਧਰਮ ਇਕੋ ਬੋਲੀ ਨਹੀਂ ਬੋਲ ਸਕਦੇ ਪਰ ਸਮੁੱਚੇ ਤੌਰ ਤੇ ਸਭ ਦਾ ਨਿਸ਼ਾਨਾ ਇਕ ਹੀ ਹੁੰਦਾ ਹੈ, ਸੰਸਾਰ ਨੂੰ ਵਧੇਰੇ ਉਚੇ ਚੁੱਕਣਾ। ਜਿਵੇਂ ਸਭ ਨਦੀਆਂ ਨਾਲੇ ਸਮੁੰਦਰ ਵਿਚ ਹੀ ਜਾ ਮੁਕਦੇ ਹਨ, ਭਾਵੇਂ ਰਾਹਾਂ ਵਿਚ ਕਿਤੇ ਫਰਕ ਵੀ ਹੋਵੇ, ਤਿਵੇਂ ਸਭ ਧਰਮਾਂ ਦਾ ਨਿਸ਼ਾਨਾ ਹਰੀ ਆਪ ਹੁੰਦਾ ਹੈ। ਅਜਿਹੀ ਸੂਰਤ ਵਿਚ ਧਰਮਾਂ ਦੇ ਥੋੜ੍ਹੇ ਜਾਂ ਬਹੁਤੇ ਫ਼ਰਕਾਂ ਦੇ ਬਾਵਜੂਦ, ਪ੍ਰਸਪਰ ਖਿਚੋਤਾਣ ਵਧਾਣੀ ਤੇ ਇਹ ਦਾਅਵਾ ਕਰਨਾ ਕਿ ਸੱਚ ਦਾ ਸਹੀ ਪ੍ਰਕਾਸ਼ ਕਿਸੇ ਇਕ ਨੂੰ ਹੀ ਹੋ ਸਕਿਆ ਹੈ, ਧਰਮ ਦੇ ਹਿੱਤਾਂ ਵਿਰੁੱਧ ਹੈ। ਸਿੱਖ ਗੁਰੂ ਸਾਹਿਬਾਨ ਨੇ ਇਸ ਬੁਨਿਆਦੀ ਗੱਲ ਨੂੰ ਪਰਵਾਣ ਕਰ ਲਿਆ ਸੀ ਕਿ ਸਭ ਧਰਮ ਆਪਣੇ ਆਪਣੇ

ਥਾਂ ਚੰਗੇ ਹਨ । ਹਰੀ ਆਪਣੀ ਖ਼ੁਦਾਈ ਕਿਸੇ ਇਕ ਤੇ ਜਾ ਕੇ ਖ਼ਤਮ ਨਹੀਂ ਕਰਦਾ। ਸਭ ਧਰਮਾਂ ਅੰਦਰ ਉਸ ਦਾ ਹੀ ਜ਼ਹੂਰ ਹੈ ਤੇ ਸਾਰੇ ਹੀ ਮਨੁੱਖੀ ਜੀਵਨ ਨੂੰ ਅਮੀਰ ਕਰਨ ਵਿਚ ਗੁਣਕਾਰੀ ਹੋ ਸਕਦੇ ਹਨ। ਨਾਲੇ ਹਰ ਕਿਸੇ ਨੂੰ ਇਹ ਅਧਿਕਾਰ ਹੈ ਕਿ ਉਹ ਆਪਣੀ ਰੁਚੀ ਅਨੁਸਾਰ ਉਸ ਬੇਅੰਤ ਨੂੰ ਵੇਖੇ । ਤਾਂ ਹੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਸਨ :

'ਦੇਹੁਰਾ ਮਸੀਤ ਸੋਈ, ਪੂਜਾ ਔ ਨਿਮਾਜ਼ ਓਈ।'

(ਅਕਾਲ ਉਸਤਤਿ ਪਾਤਸ਼ਾਹੀ ੧੦)

ਸੋ, ਪਉੜੀ (੩) ਵਿਚ ਸਮਝਾਇਆ ਜਾ ਰਿਹਾ ਹੈ ਕਿ ਮਹਾਂ-ਪੁਰਸ਼ ਹਰੀ ਤੋਂ ਰੋਸ਼ਨੀ ਪ੍ਰਾਪਤ ਕਰਕੇ ਉਸ ਨੂੰ ਸਾਰੇ ਸੰਸਾਰ ਵਿਚ ਵੰਡਣ ਤੇ ਦੁਨੀਆਂ ਨੂੰ ਉਚੇਰਾ ਲੈ ਜਾਣ । ਦਸਮ ਪਾਤਿਸ਼ਾਹ ਤਾਂ ਇਹ ਦਾਅਵਾ ਵੀ ਕਰਦੇ ਸਨ ਕਿ ਉਨ੍ਹਾਂ ਨੂੰ ਅਕਾਲ ਪੁਰਖ ਦਾ ਆਪਣਾ ਹੁਕਮ ਹੀ ਇਹ ਸੀ :

'ਜਾਹਿ ਤਹਾਂ ਤੈ ਧਰਮੁ ਚਲਾਇ।<br>
ਕਬੁਧਿ ਕਰਨ ਤੇ ਲੋਕ ਹਟਾਇ ॥੨੯॥'

(ਬਚਿਤ੍ਰ ਨਾਟਕ ਪਾਤਿਸ਼ਾਹੀ ੧੦)

ਇਹ ਸਭ ਗੱਲਾਂ 'ਗੁਰੂ–ਸਿਧਾਂਤ' ਦੇ ਸਬੰਧ ਵਿਚ ਨੋਟ ਕਰਨ ਵਾਲੀਆਂ ਹਨ, ਨਹੀਂ ਤਾਂ ਗੁਮਰਾਹ ਹੋ ਜਾਈਦਾ ਹੈ।

## ਪਉੜੀ (੪)

'ਗਿਆਨੁ ਗਵਾਇਆ ਦੂਜਾ ਭਾਇਆ ਗਰਬਿ ਗਲੇ ਬਿਖੁ ਖਾਇਆ ॥<br>
ਗੁਰ ਰਸੁ ਗੀਤ ਬਾਦ ਨਹੀ ਭਾਵੈ ਸੁਣੀਐ ਗਹਿਰ ਗੰਭੀਰੁ ਗਵਾਇਆ॥<br>
ਗੁਰਿ ਸਚੁ ਕਹਿਆ ਅੰਮ੍ਰਿਤੁ ਲਹਿਆ ਮਨਿ ਤਨਿ ਸਾਚੁ ਸੁਖਾਇਆ ॥<br>
ਆਪੇ ਗੁਰਮੁਖਿ ਆਪੇ ਦੇਵੈ ਆਪੇ ਅੰਮ੍ਰਿਤੁ ਪੀਆਇਆ ॥

(ਪੰਨਾ ੯੩੦)

Sri Satguru Jagjit Singh Ji eLibrary NamdhariElibrary@gmail.com

## ਪਦ-ਅਰਥ

ਬਾਦ–ਬਚਨ (ਗੁਰੂ ਦੇ); ਬਿਖ–ਜ਼ਹਿਰ (ਮਾਇਆ ਦੀ, ਵਿਸ਼ੇ ਵਿਕਾਰਾਂ ਦੀ)।

## ਟੀਕਾ

ਏਥੇ 'ਙ' ਅੱਖਰ ਦੀ ਵੱਖਰੀ ਸ਼ਬਦੀ ਵਰਤੋਂ ਨਹੀਂ ਕੀਤੀ, ਜਿਵੇਂ ਪਿਛਲੀ ਪਉੜੀ ਵਿਚ 'ਸ' ਦੀ ਨਿਵੇਕਲੀ ਵਿਖਾਈ ਸੀ। ਏਥੇ 'ਙਿਆਨ' ਸ਼ਬਦ ਦੇ 'ਙ' ਅੱਖਰ ਦੀ ਹੀ ਟੇਕ ਲੈ ਕੇ ਗੁਰੂ-ਪਦ ਦੀ ਵਡਿਆਈ ਵਿਚ ਇਉਂ ਸਮਝਾਇਆ ਹੈ : ਜਿਸ ਕਿਸੇ ਜੀਵ ਨੇ ਗੁਰੂ ਤੋਂ ਪ੍ਰਾਪਤ ਗਿਆਨ ਗਵਾ ਛਡਿਆ ਹੈ (ਜੋ ਗੁਰੂ ਦੇ ਗਿਆਨ ਦੀ ਰੋਸ਼ਨੀ ਵਿਚ, ਗੁਰੂ ਦੇ ਸ਼ਬਦ ਦੀ ਰੋਸ਼ਨੀ ਵਿਚ ਤੁਰਿਆ ਨਹੀਂ) ਉਸ ਨੂੰ ਦ੍ਵੈਤ ਭਾਵ ਹੀ ਚੰਗਾ ਲੱਗਾ ਹੈ (ਰਾਹ ਦੋ ਹੀ ਹਨ; ਇਕ ਗੁਰੂ ਦਾ ਦੱਸਿਆ ਤੇ ਇਕ ਨੀਵੇਂ ਆਪੇ ਦਾ ਦੱਸਿਆ)। ਜਿਸ ਨੇ ਗੁਰੂ ਦਾ ਗਿਆਨ ਗਵਾਇਆ ਹੈ ਉਹ ਹੰਕਾਰ ਵਿਚ ਗਰਕ ਹੁੰਦਾ ਹੈ ਤੇ ਮਾਇਆ (ਵਿਸ਼ੇ ਵਿਕਾਰਾਂ) ਦੀ ਜ਼ਹਿਰ ਖਾਂਦਾ ਹੈ।

੨. (ਅਜ਼ਿਹੇ ਮੰਦ-ਭਾਗੇ ਪੁਰਸ਼ ਨੂੰ) ਗੁਰੂ ਦੇ ਗੀਤਾਂ ਦਾ ਰਸ ਚੰਗਾ ਹੀ ਨਹੀਂ ਲੱਗ ਸਕਦਾ ਤੇ ਨਾ ਉਸ ਨੂੰ ਗੁਰੂ ਦੇ ਬਚਨ ਸੁਣੇ ਹੀ ਚੰਗੇ ਲੱਗ ਸਕਦੇ ਹਨ। ਕਾਰਨ ਇਹ ਹੀ ਹੁੰਦਾ ਹੈ ਕਿ ਉਸ ਨੇ ਗਹਿਰ ਗੰਭੀਰ ਹਰੀ ਨੂੰ ਗਵਾ ਛਡਿਆ ਹੋਇਆ ਹੈ (ਉਸ ਦੇ ਅੰਦਰ ਗਹਿਰਾਈ ਨਹੀਂ ਹੈ, ਗੰਭੀਰਤਾ ਨਹੀਂ ਹੈ, ਉਹ ਭਾਰਾ ਗਉਰਾ ਨਹੀਂ ਹੈ, ਕਿਉਂਕਿ ਹਰੀ ਦੇ ਗੁਣਾਂ ਤੋਂ ਉਹ ਖ਼ਾਲੀ ਰਹਿੰਦਾ ਹੈ। ਸਚੁ, ਪ੍ਰੇਮ, ਦਇਆ, ਨੇਕੀ, ਧੀਰਜ ਆਦਿਕ ਦੀ ਉਸ ਨੂੰ ਸਾਰ ਹੀ ਨਹੀਂ ਹੁੰਦੀ। ਉਹ ਹੌਲਾ ਜਿਹਾ ਬੰਦਾ ਹੈ ਤੇ ਫੋਕਟ ਕਰਮਾਂ ਵਿਚ ਹੀ ਦਿਲਚਸਪੀ ਰੱਖਦਾ ਹੈ। ਅਜਿਹੇ ਪੁਰਸ਼ ਹੀ ਮੁਤਅੱਸਬ ਤੇ ਤੰਗ-ਦਿਲ ਹੁੰਦੇ ਹਨ। ਉਹ ਮਨਮੁਖ ਹਨ, ਮਨ ਦੇ ਪਿੱਛੇ ਲੱਗਦੇ ਹਨ, ਉਹ ਅੰਦਰੋਂ ਸੱਖਣੇ ਹੁੰਦੇ



Sri Satguru Jagjit Singh Ji eLibrary NamdhariElibrary@gmail.com

ਹਨ ਤੇ ਦੂਜਿਆਂ ਨੂੰ ਮਜਬੂਰ ਕਰਨਾ ਚਾਹੁੰਦੇ ਹਨ ਕਿ ਉਹ ਵੀ ਉਹਨਾਂ ਦੇ ਰਾਹੇ ਆ ਜਾਣ)।

੩. (ਏਥੋਂ ਅਗ੍ਹਾਂ ਗੁਰਮੁਖ ਜੀਵਾਂ ਨੂੰ ਲਿਆ ਗਿਆ ਹੈ) ਗੁਰਮੁਖ ਨੇ ਸਚ-ਸਰੂਪ ਹਰੀ ਨੂੰ ਕਹਿਆ (ਸਿਮਰਿਆ) ਹੈ ਤੇ ਨਾਮ ਅੰਮ੍ਰਿਤ ਪ੍ਰਾਪਤ ਕਰ ਲਿਆ ਹੋਇਆ ਹੈ ਤੇ ਇਸੇ ਕਾਰਨ ਉਸ ਦੇ ਮਨ ਤਨ ਵਿਚ ਸਦਾ ਹਰੀ ਹੀ ਚੰਗਾ ਲੱਗਾ ਹੈ।

੪. ਹਰੀ ਨੇ ਉਸ ਨੂੰ ਆਪ ਹੀ ਪਹਿਲਾਂ ਗੁਰਮੁਖਿ (ਗੁਰੂ ਦੀ ਅਗਵਾਈ ਵਿਚ ਤੁਰਨ ਵਾਲਾ) ਕਰ ਦਿੱਤਾ ਸੀ, ਫਿਰ ਆਪੇ ਨਾਮ ਅੰਮ੍ਰਿਤ ਦਿੱਤਾ ਸੀ ਤੇ ਆਪੇ ਇਸ ਅੰਮ੍ਰਿਤ ਨੂੰ ਪਿਲਾਇਆ ਸੀ (ਗੁਰੂ ਸਾਹਿਬ ਦੱਸਣਾ ਚਾਹੁੰਦੇ ਹਨ ਕਿ ਸਾਰੇ ਅੰਮ੍ਰਿਤ ਦੇ ਅਧਿਕਾਰੀ ਨਹੀਂ ਹੁੰਦੇ। ਨਾਮ ਸੁਣਦੇ ਤਾਂ ਸਾਰੇ ਹੀ ਹਨ ਪਰ ਕੋਈ ਵਿਰਲਾ ਹੀ, ਹਰੀ ਦੀ ਕ੍ਰਿਪਾ ਨਾਲ ਸੁਣੇ ਹੋਏ ਤੇ ਅਮਲ ਕਰਦਾ ਹੈ। ਇਸ ਦਾ ਇਹ ਅਰਥ ਵੀ ਨਹੀਂ ਕਿ ਹਰੀ ਦੀ ਕ੍ਰਿਪਾ ਏਵੇਂ ਹੀ ਹੁੰਦੀ ਰਹਿੰਦੀ ਹੈ, ਕਰਨਾ ਕਰਾਣਾ ਕੁਝ ਨਹੀਂ ਪੈਂਦਾ ਤੇ ਨਾ ਕਿਸੇ ਦੇ ਵੱਸ ਵਿਚ ਹੀ ਕੁਝ ਹੁੰਦਾ ਹੈ। ਗੁਰੂ ਸਾਹਿਬ ਸਗੋਂ ਇਹ ਸਮਝਾਂਦੇ ਰਹਿੰਦੇ ਹਨ ਕਿ ਜੋ ਕਮਾਈ ਜੀਵ ਨੇ ਆਪ ਕਰਨੀ ਹੈ, ਉਹ ਉਸਨੇ ਆਪ ਹੀ ਕਰਨੀ ਹੈ, ਉਸ ਲਈ ਉਹ ਗੁਰੂ ਨੇ ਵੀ ਨਹੀਂ ਕਰਨੀ, ਹਰੀ ਨੇ ਵੀ ਨਹੀਂ ਕਰਨੀ। ਪਰ ਜਦੋਂ ਕੋਈ ਤਨੋ ਮਨੋ ਆਪਣਾ ਯਤਨ ਆਰੰਭਦਾ ਹੈ ਤਾਂ ਇਸ ਦੇ ਨਾਲ ਹੀ ਉਸ ਨੂੰ ਅਗਾਂਹ ਵਧਣ ਦਾ ਰਾਹ ਵੀ ਮਿਲਦਾ ਰਹਿੰਦਾ ਹੈ। ਇਹ ਹੀ ਉਸ ਦੀ ਮਿਹਰ ਹੈ। ਇਸ ਖਿਆਲ ਨੂੰ ਕਈ ਵਾਰ ਇਉਂ ਸਮਝਾਇਆ ਜਾਂਦਾ ਹੈ ਕਿ ਜਦ ਕੋਈ ਵਡਭਾਗਾ ਜੀਵ ਹਰੀ ਵੱਲ ਇਕ ਕਦਮ ਤੁਰਦਾ ਹੈ ਤਾਂ ਹਰੀ ਉਸ ਵੱਲ ਚਾਰ ਕਦਮ ਤੁਰਦਾ ਹੈ–ਵੇਖੋ ਪਉੜੀ (੩੫)।

## ਪਉੜੀ (੫)

ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥



Sri Satguru Jagjit Singh Ji eLibrary NamdhariElibrary@gmail.com

ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥
ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ॥
ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥ ੫ ॥
(ਪੰਨਾ ੬੩੦)

## ਪਦ-ਅਰਥ

ਏਕੰਕਾਰ–ਨਿਰਗੁਣ ਪਾਰਬ੍ਰਹਮ (ਇਸ ਪਉੜੀ ਤੋਂ ਇਹ ਵੀ ਸਪਸ਼ਟ ਹੋ ਜਾਏਗਾ ਕਿ 'ਨਿਰਗੁਣ ਸਰਗੁਣ ਥਾਪੇ ਨਾਉ' ਹੀ ਹਨ, ਕਿਉਂਕਿ ਦੋਵੇਂ ਪਾਰਬ੍ਰਹਮ ਦੇ ਹੀ ਪਹਿਲੂ ਹਨ, ਜਿਵੇਂ ਪਿਛੇ ਵਿਖਾਲ ਵੀ ਆਏ ਹਾਂ)।

## ਟੀਕਾ

੧. (ਸ਼ਬਦ 'ਏਕੋ' ਦੇ 'ਏ' ਅੱਖਰ ਨੂੰ ਸਹਾਰਾ ਬਣਾ ਕੇ ਦੱਸਦੇ ਹਨ :) ਹਰ ਕੋਈ ਕਹਿੰਦਾ ਤਾਂ ਇਹੋ ਰਹਿੰਦਾ ਹੈ ਕਿ ਇਕੋ ਇਕ ਹਰੀ ਵਰਤ ਰਿਹਾ ਹੈ ਪਰ ਮੁੜ ਵੀ ਮਨ ਉਤੇ ਹਉਮੈ ਦਾ, ਹੰਕਾਰ ਦਾ, ਗਲਬਾ ਰਹਿੰਦਾ ਹੈ।

੨. ਪਰ ਜਦੋਂ ਕੋਈ ਅੰਦਰ ਬਾਹਰ ਇਕੋ ਨੂੰ ਸਚਮੁੱਚ ਹੀ ਪਛਾਣ ਲੈਂਦਾ ਹੈ ਤਾਂ ਸਮਝੋ ਕਿ ਉਸ ਨੂੰ ਆਪਣੇ ਅੰਦਰ ਹਰੀ ਘਰ, ਹਰੀ ਮਹਲ ਦੀ ਸਿੰਞਾਣ ਹੋਈ ਹੈ।

੩. ਮਿਤ੍ਰੋ, ਉਸ ਨੂੰ ਸਦਾ ਹੀ ਨੇੜੇ ਸਮਝੋ; ਉਹ ਦੂਰ ਨਹੀਂ ਹੈ (ਆਪਣੇ ਹੀ ਅੰਦਰ ਹੈ), ਸਗੋਂ ਸਾਰੀ ਸ੍ਰਿਸ਼ਟੀ ਵਿਚ ਵੀ ਉਹ ਆਪ ਹੀ ਹੈ।

੪. ਇਕ ਏਕੰਕਾਰ (ਨਿਰਗੁਣ ਪਾਰਬ੍ਰਹਮ) ਹੀ ਸਭ ਅੰਦਰ ਸਮਾ ਰਿਹਾ ਹੈ, ਹੋਰ ਦੂਜਾ ਕੋਈ ਨਹੀਂ ਜੇ।

ਨੋਟ : ਨਿਰਗੁਣ ਪਾਰਬ੍ਰਹਮ ਦੇ ਚਾਰ ਰੂਪਾਂ ਦਾ ਵਰਣਨ ਜੋ ਅਸਾਂ ਪਿਛੇ ਕੀਤਾ ਸੀ, ਇਸ ਪਉੜੀ ਵਿਚ ਵੀ ਵਿਖਾਇਆ ਗਿਆ ਹੈ। ਉਸ ਤੋਂ ਬਿਨਾਂ ਕੁਝ ਹੈ ਹੀ ਨਹੀਂ। ਉਹ ਆਪ ਹੀ

ਵੱਖ ਵੱਖ ਰੂਪਾਂ ਵਿਚ ਸਾਰੀ ਖੇਡ ਆਪਣੀ ਮਰਜ਼ੀ ਅਨੁਸਾਰ ਚਲਾ ਰਿਹਾ ਹੈ। ਇਹ ਅਦਵੈਤਵਾਦ ਹੈ; ਜਿਸ ਨੂੰ ਅਗਾਂਹ ਪਉੜੀ ੭ ਅਤੇ ਪਉੜੀ ੧੫ ਵਿਚ ਹੋਰ ਖੋਹਲ ਕੇ ਸਮਝਿਆ ਸਮਝਾਇਆ ਜਾਏਗਾ।

## ਪਉੜੀ (੬)

'ਇਸ ਕਰਤੇ ਕਉ ਕਿਉ ਗਹਿ ਰਾਖਉ ਅਫਰਿਓ ਤੁਲਿਓ ਨ ਜਾਈ ॥
ਮਾਇਆ ਕੇ ਦੇਵਾਨੇ ਪ੍ਰਾਣੀ ਝੂਠਿ ਠਗਉਰੀ ਪਾਈ ॥
ਲਬਿ ਲੋਭਿ ਮੁਹਤਾਜਿ ਵਿਗੂਤੇ ਇਬ ਤਬ ਫਿਰਿ ਪਛੁਤਾਈ ॥
ਏਕੁ ਸਰੇਵੈ ਤਾ ਗਤਿ ਮਿਤਿ ਪਾਵੈ ਆਵਣੁ ਜਾਣੁ ਰਹਾਈ ॥
(ਪੰਨਾ ੯੩੦)

## ਪਦ-ਅਰਥ

ਗਹਿ–ਫੜਕੇ; ਅਫਰਿਉ–ਜਿਸ ਨੂੰ ਫੜਿਆ ਨਾ ਜਾ ਸਕੇ; ਠਗਉਰੀ–ਠਗਮੂਰੀ, ਠਗਬੂਟੀ (ਜੋ ਕਿਸੇ ਨੂੰ ਖੁਆ ਕੇ ਤੇ ਬੇ-ਸੁਰਤ ਕਰਕੇ ਠੱਗ ਸਕਣ ਲਈ ਹੁੰਦੀ ਹੈ); ਮੁਹਤਾਜਿ–ਮੁਥਾਜੀ ਵਿਚ; ਵਿਗੁਤੇ–ਖ਼ਰਾਬ ਹੁੰਦੇ ਹਨ; ਇਬ ਤਬ–ਹੁਣ ਤੇ ਫੇਰ, ਸਦਾ ਹੀ; ਸਰੇਵੈ–ਸੇਵੰਦਾ ਹੈ, ਸਿਮਰਦਾ ਹੈ, ਰਹਾਈ–ਮੁਕ ਜਾਂਦਾ ਹੈ।

## ਟੀਕਾ

੧. (ਦੱਸੋ ਮਿਤ੍ਰੋ) ਇਸ ਕਰਤਾ ਪੁਰਖ ਨੂੰ ਮੈਂ ਕਿਵੇਂ ਪਕੜ ਰੱਖਾਂ (ਇਸ ਨੂੰ ਆਪਣੀ ਸੁਰਤਿ ਵਿਚ ਕਿਵੇਂ ਟਿਕਾਵਾਂ) ਕਿ ਮੈਨੂੰ ਇਸ ਬਾਬਤ ਕੁਛ ਸਮਝ ਆਵੇ? ਉਹ ਮਨ ਇੰਦ੍ਰਿਆਂ ਦੀ ਸੋਝੀ ਵਿਚ ਰਹਿ ਕੇ ਫੜਿਆ ਹੀ ਨਹੀਂ ਜਾਂਦਾ ਤੇ ਇਸ ਲਈ ਤੋਲਿਆ ਵੀ ਨਹੀਂ ਜਾ ਸਕਦਾ (ਕੀ ਪਤਾ ਲੱਗੇ ਕਿ ਉਹ ਕੀ ਹੈ ਤੇ ਉਸ ਦੀ ਤਲਾਸ਼ ਦਾ ਕੀ ਲਾਭ ਹੈ?)

੨. ਮਾਇਆ ਦੇ ਮਤਵਾਲੇ ਜੀਵਾਂ ਨੂੰ ਝੂਠੀ ਮਾਇਆ ਨੇ, ਮਾਨੋਂ ਠਗਬੂਟੀ ਨਾਲ ਬੇਹੋਸ਼ ਕੀਤਾ ਹੋਇਆ ਹੈ।

Sri Satguru Jagjit Singh Ji eLibrary NamdhariElibrary@gmail.com

੩. ਇਉਂ ਉਹ ਲਬ, ਲੋਭ ਅਤੇ ਮੁਥਾਜੀ ਵਿਚ ਨਸ਼ਟ ਹੋ ਰਹੇ ਹਨ ਤੇ ਸਦਾ ਪਛਤਾਉਂਦੇ ਵੀ ਰਹਿੰਦੇ ਹਨ। (ਉਨ੍ਹਾਂ ਦੀ ਇਸ ਹਾਲਤ ਨੂੰ ਭਗਤ ਰਵਿਦਾਸ ਜੀ ਨੇ ਵੀ ਇਉਂ ਦੱਸਿਆ ਸੀ :

'ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥'
(ਪੰਨਾ ੬੫੭)

ਅਰਥਾਤ 'ਜੀਵਾਂ ਦੀ ਹਾਲਤ ਉਸ ਰਾਜੇ ਵਾਂਗ ਹੈ ਜੋ ਆਪਣੇ ਰਾਜ ਸਿੰਘਾਸਣ ਤੇ ਸੁੱਤਾ ਪਿਆ ਵੀ ਕਿਤੇ ਸੁਪਨੇ ਵਿਚ ਭਿਖਾਰੀ ਹੋ ਗਿਆ ਸੀ। ਰਾਜ ਦੇ ਹੁੰਦਿਆਂ ਸੁੰਦਿਆਂ ਵੀ ਰਾਜ ਦੇ ਹੀ ਫਰਜ਼ੀ ਵਿਛੋੜੇ ਤੋਂ ਉਹ ਦੁੱਖ ਮਨਾ ਰਿਹਾ ਸੀ। ਉਹੋ ਹਾਲਤ ਅਸਾਂ ਜੀਵਾਂ ਦੀ ਹੋ ਗਈ ਹੋਈ ਹੈ। ਹਰ ਮਨੁੱਖ ਦੇ ਅੰਦਰ ਇਕ ਦੀ ਬਾਦਸ਼ਾਹੀ ਹੈ ਪਰ ਉਸ ਨੂੰ ਇਸ ਦਾ ਇਲਮ ਹੀ ਨਹੀਂ ਹੈ ਤੇ ਉਹ ਏਵੇਂ ਹੀ ਦੁਖੀ ਹੁੰਦਾ ਹੈ। ਉਸ ਨੇ ਆਪਣੇ ਗਿਰਦ ਮਾਇਕੀ ਦੁਨੀਆਂ ਰਚੀ ਹੋਈ ਹੈ ਤੇ ਜੋ ਚੀਜ਼ ਉਸ ਦੀ ਵੈਰਣ ਹੈ ਉਹ ਉਸ ਦਾ ਮਿਤ੍ਰ ਬਣ ਗਿਆ ਹੈ, ਕਿਉਂਕਿ ਉਸਦੀ ਸਾਰੀ ਸੋਚਣੀ ਹੀ ਗਲਤ ਹੈ, ਕੀਮਤਾਂ ਹੀ ਗਲਤ ਹਨ :

'ਜੋ ਛਡਨਾ ਸੁ ਅਸਥਿਰੁ ਕਰਿ ਮਾਨੈ' ॥ ਗਉੜੀ ਮਹਲਾ ੫
(ਪੰਨਾ ੨੬੭)

ਹੋਰ :

'ਜੋ ਪਰਾਇਓ ਸੋਈ ਅਪਨਾ ॥ ਜੋ ਤਜਿ ਛੋਡਨ
ਤਿਸੁ ਸਿਉ ਮਨੁ ਰਚਨਾ ॥੧॥' (ਗਉੜੀ ਮਹਲਾ ੫,ਪੰ: ੧੮੫)

ਪਰ ਜੇ ਉਹ ਉਸ ਇਕ ਨੂੰ ਸਿਮਰੇ (ਨਾਮ ਦੁਆਰਾ) ਤਾਂ ਉਹ ਉਸ ਦੀ ਗਤੀ (ਹਾਲਤ) ਦਾ ਅੰਦਾਜ਼ਾ ਲਾ ਲਵੇ (ਉਹ ਕਿਵੇਂ) ? ਨਾਮ ਨੇ ਹਰੀ ਦੀਆਂ ਗੁਣ ਵਡਿਆਈਆਂ ਨਾਲ ਭਰਪੂਰ ਕਰਕੇ ਐਸੀ ਸੰਪੂਰਨ ਉਸਾਰੀ ਕਰ ਦੇਣੀ ਹੁੰਦੀ ਹੈ, ਜਿਸ ਨਾਲ ਹਰੀ ਨੂੰ ਪ੍ਰਾਪਤ ਹੀ ਕਰ ਲਈਦਾ ਹੈ (ਹਉਮੈ ਤੇ ਮਾਇਕੀ ਬੰਧਨਾਂ ਤੋਂ ਆਜ਼ਾਦ ਹੋ ਕੇ)। ਫਿਰ ਆਵਾਗਵਨ ਦਾ ਚੱਕਰ ਹੀ ਮੁੱਕ ਜਾਂਦਾ

Sri Satguru Jagjit Singh Ji eLibrary NamdhariElibrary@gmail.com

ਹੈ (ਆਵਾਗਵਨ ਲਈ ਦੇਖੋ ਪਉੜੀ ੨੧)। ਨਾਮ ਦੁਆਰਾ ਉਸਾਰੀ ਕਰ ਸਕਣ ਦਾ ਪਹਿਲੂ ਪਉੜੀ (੨) ਵਿਚ ਵਿਖਾਇਆ ਗਿਆ ਹੈ। ਏਥੇ ਮਾਇਆ ਤੋਂ ਆਜ਼ਾਦ ਹੋ ਕੇ ਆਪਣੇ ਸਰੂਪ ਨੂੰ ਵੇਖਣ ਦਾ ਰਾਹ ਦਸਿਆ ਗਿਆ ਹੈ।

## ਪਉੜੀ (੭)

ਏਕੁ ਅਚਾਰੁ ਰੰਗੁ ਇਕੁ ਰੂਪੁ ॥
ਪਉਣ ਪਾਣੀ ਅਗਨੀ ਅਸਰੂਪੁ ॥
ਏਕੋ ਭਵਰੁ ਭਵੈ ਤਿਹੁ ਲੋਇ ॥
ਏਕੋ ਬੂਝੈ ਸੂਝੈ ਪਤਿ ਹੋਇ ॥
ਗਿਆਨੁ ਧਿਆਨੁ ਲੇ ਸਮਸਰਿ ਰਹੈ ॥
ਗੁਰਮੁਖਿ ਏਕੁ ਵਿਰਲਾ ਕੋ ਲਹੈ ॥
ਜਿਸ ਨੋ ਦੇਇ ਕਿਰਪਾ ਤੇ ਸੁਖੁ ਪਾਏ ॥
ਗੁਰੂ ਦੁਆਰੈ ਆਖਿ ਸੁਣਾਏ ॥ ੭ ॥

(ਪੰਨਾ ੯੩੦)

## ਪਦ-ਅਰਥ

ਅਸਰੂਪ–ਸਰੂਪ ਰਹਿਤ, ਜੋ ਰੰਗ-ਰੂਪ ਰਹਿਤ ਹੈ, ਜੋ ਰੂਪ-ਰੇਖਾ ਤੋਂ ਨਿਆਰਾ ਹੈ; ਭਵਰੁ–ਆਤਮਾ; ਸੂਝੈ–ਸੋਝੀਵਾਨ ਹੋ ਜਾਂਦਾ ਹੈ; ਸਮਸਰਿ–ਇਕੋ ਜਿਹਾ ਤੁਲਵਾ ਜੋ ਸਹਜ ਵਿਚ ਅਪੜ ਕੇ ਹੁੰਦਾ ਹੈ। ਤਦੋਂ ਨਾ ਦੁੱਖ ਹੈ, ਨਾ ਸੁੱਖ ਹੈ, ਨਾ ਹਾਣ ਹੈ, ਨਾ ਲਾਭ ਹੈ ਆਦਿ (ਵੇਖੋ ਸਹਜ ਦੀ ਵਿਆਖਿਆ ਇਸੇ ਪਉੜੀ ਤੇ ਪਉੜੀਆਂ ੨੦, ੨੩, ੨੪ ਅੰਦਰ)।

## ਟੀਕਾ

੧. ਇਕ ਪਾਰਬ੍ਰਹਮ ਆਪ ਹੀ ਕਰਮ ਹੈ (ਜਿਥੇ ਕਿਤੇ ਜੀਵ ਕਰਮ ਕਰਦੇ ਦਿਸਦੇ ਹਨ, ਓਥੇ ਇਉਂ ਸਮਝੋ; ਹਰੀ ਆਪ



Sri Satguru Jagjit Singh Ji eLibrary NamdhariElibrary@gmail.com

ਕਰ ਰਿਹਾ ਹੈ) ਤੇ ਆਪ ਹੀ ਭਿੰਨ ਭਿੰਨ ਰੰਗ ਰੂਪ ਹੋ ਰਿਹਾ ਹੈ।

੨. ਉਹ ਸਰੂਪ ਰਹਿਤ ਪਾਰਬ੍ਰਹਮ ਹੋ ਕੇ ਵੀ ਹਵਾ, ਪਾਣੀ ਤੇ ਅਗਨੀ ਦੇ ਰੂਪਾਂ ਵਿਚ ਵਰਤ ਰਿਹਾ ਹੈ।

੩. (ਏਥੋਂ ਤੱਕ ਤਾਂ ਪਉੜੀ ਵਿਚ ਪਦਾਰਥਕ ਸੰਸਾਰ ਲਿਆ ਗਿਆ ਹੈ, ਅਗ੍ਹਾਂ ਆਤਮ-ਸੰਸਾਰ ਹੈ) ਇਕੋ ਹੀ ਆਤਮਾ ਤਿੰਨਾਂ ਲੋਕਾਂ ਵਿਚ ਪਸਰੀ ਹੋਈ ਹੈ।

੪. ਜੋ ਮਨੁੱਖ ਵੀ ਇਸ ਇਕ ਨੂੰ ਹਰ ਥਾਂ ਵਰਤਦਾ ਬੁਝ ਲਵੇਗਾ, ਉਹ ਸੋਝੀ ਵਾਲਾ ਹੋ ਜਾਵੇਗਾ (ਏਥੋਂ ਤਕ ਕਿ ਸਾਰਾ ਸੰਸਾਰ ਉਸ ਦਾ ਆਪਣਾ ਹੋ ਕੇ ਦਿਸੇਗਾ, ਆਪਣਾ ਟੱਬਰ ਹੋ ਕੇ ਦਿਸੇਗਾ ਤੇ ਇਸ ਟੱਬਰ ਦੀ ਸੇਵਾ ਵਿਚ ਲੱਗਣਾ ਉਸ ਲਈ ਸੁਤੇ ਹੋ ਜਾਵੇਗਾ) ਤੇ ਹਰੀ ਦੀ ਦਰਗਾਹ ਵਿਚ ਉਸ ਨੂੰ ਹੀ ਮਾਣ ਵੀ ਮਿਲੇਗਾ (ਪਰ ਇਸ ਸੋਝੀ ਨੂੰ ਪ੍ਰਾਪਤ ਕਿਵੇਂ ਕੀਤਾ ਜਾਏ ? ਉੱਤਰ ਅਗਲੀ ਸਤਰ ਵਿਚ ਹੈ): (ਸਹੀ) ਗਿਆਨ ਅਤੇ (ਸਹੀ) ਧਿਆਨ ਪ੍ਰਾਪਤ ਕਰਕੇ (ਇਕ ਜੈਸੀ, ਤੁਲਵੀਂ (ਸਹਜ ਦੀ) ਹਾਲਤ ਵਿਚ ਹੋ ਜਾਵੇ। (ਪਰ ਧਿਆਨ ਕਿਸ ਵਿਚ ਧਰਨਾ ਹੈ, ਕਿਵੇਂ ਧਰਨਾ ਹੈ ਤੇ ਕਿਉਂ ਧਰਨਾ ਹੈ ? ਇਸ ਦਾ ਪਤਾ ਗੁਰੂ ਦਾ ਗਿਆਨ (ਗੁਰੂ ਦਾ ਸ਼ਬਦ) ਹੀ ਦੇਵੇਗਾ। ਗੁਰਮਤਿ ਅਨੁਸਾਰ ਭਗਤੀ, ਗਿਆਨ ਅਤੇ ਕਰਮ ਇਕੱਠੇ ਹੀ ਚਲਣੇ ਹਨ। ਧਿਆਨ ਨੇ ਮਨ ਇੰਦ੍ਰਿਆਂ ਦੀ ਸੋਝੀ ਤੋਂ ਉਤਾਂਹ ਉਠਾ ਕੇ, ਇਕ ਵੱਖਰੀ ਕਿਸਮ ਦੀ ਆਤਮਕ ਸੋਝੀ ਵਿਚ ਲੈ ਜਾਣਾ ਹੁੰਦਾ ਹੈ, ਜੋ ਆਸਾਨ ਨਹੀਂ, ਇਸ ਨੇ ਮਿਹਨਤ ਮੰਗਣੀ ਹੈ, ਮਾਇਕੀ ਵਾਸ਼ਨਾਵਾਂ ਨੂੰ ਛੁਡਵਾ ਕੇ ਨਿਰਮਲ ਵਾਸ਼ਨਾਵਾਂ ਪ੍ਰਾਪਤ ਕਰਾਣਾ ਹੈ)।

੫. ਇਸ ਲਈ, ਕੋਈ ਵਿਰਲਾ ਹੀ, ਗੁਰੂ ਦੁਆਰਾ, ਇਕ ਹਰੀ ਨੂੰ ਪ੍ਰਾਪਤ ਕਰਦਾ ਹੈ।

੬. ਜਿਸ ਨੂੰ ਹਰੀ ਆਪੇ ਕ੍ਰਿਪਾ ਕਰ ਕੇ ਨਾਮ ਦੀ ਦਾਤ ਦਿੰਦਾ

Sri Satguru Jagjit Singh Ji eLibrary NamdhariElibrary@gmail.com

ਹੈ, ਉਹ ਹੀ ਸਹਜ ਵਿਚ ਹੋ ਕੇ ਹਰੀ-ਪ੍ਰਾਪਤੀ ਦਾ ਸੁੱਖ ਪਾਂਦਾ ਹੈ।

੭. ਫਿਰ ਉਹ ਗੁਰੂ ਦੀ ਸ਼ਰਨ ਵਿਚ ਹੋ ਕੇ ਦੁਨੀਆਂ ਨੂੰ ਇਸ ਰਾਹੇ, ਹੋਕੇ ਦੇ ਕੇ ਸੱਦਦਾ ਹੈ, ਪ੍ਰੇਰਦਾ ਹੈ।

ਨੋਟ :–ਪਉੜੀ ਵਿਚ ਸਹਜ ਦੀ ਹਾਲਤ ਨੂੰ ਅੰਤਮ ਮਿਥਿਆ ਗਿਆ ਹੈ, ਜਿਥੇ ਅੱਪੜ ਕੇ ਹਰੀ ਦੀ ਪ੍ਰਾਪਤੀ ਹੁੰਦੀ ਹੈ, ਤੇ ਇਸ ਦਾ ਸਾਧਨ ਹੈ ਨਾਮ। ਗੁਰੂ ਸਾਹਿਬ ਰੋਗਾਂ ਦੇ ਇਲਾਜ ਇਕ ਇਕ ਕਰ ਕੇ ਨਹੀਂ ਕਰਦੇ, ਸਗੋਂ, ਸਭ ਰੋਗਾਂ ਦਾ ਇਲਾਜ ਇਕੱਠਾ ਹੀ ਇਉਂ ਚਲਦਾ ਹੈ :

'ਸਰਬ ਰੋਗ ਕਾ ਅਉਖਦੁ ਨਾਮੁ ॥'

(ਗਉੜੀ ਮਹਲਾ ੫, ਪੰਨਾ ੨੭੪)

ਸਭ ਰੋਗਾਂ ਦੀ ਜੜ੍ਹ ਕੱਟਣ ਲਈ ਉਹ ਜੀਵਨ ਹੀ ਐਸਾ ਦੇਣਾ ਚਾਹੁੰਦੇ ਹਨ ਜਿਸ ਨਾਲ ਕੋਈ ਰੋਗ, ਦੁੱਖ ਜਾਂ ਬੀਮਾਰੀ ਰਹਿ ਨਹੀਂ ਸਕਦੀ। ਜੇ ਬਿੱਲੀ ਖੂਹ ਵਿਚ ਪੈ ਜਾਵੇ ਤਾਂ ਇਲਾਜ ਪਾਣੀ ਕੱਢਣਾ ਨਹੀਂ ਹੁੰਦਾ, ਬਿੱਲੀ ਕਢਣੀ ਪਏਗੀ। ਨਾਮ ਐਸਾ ਦਾਰੂ ਹੈ ਜੋ ਵਿਅਕਤੀ ਨੂੰ ਸੰਪੂਰਨ ਕਰਦਾ ਹੈ–ਸੱਚ, ਪਿਆਰ, ਪਵਿੱਤ੍ਰਤਾ, ਨੇਕੀ, ਦਇਆ, ਜਾਗ੍ਰਤ, ਗਿਆਨ, ਵਿਚਾਰ, ਖਿਮਾ, ਨਿਮ੍ਰਤਾ, ਧੀਰਜ, ਮਿਠਾਸ ਆਦਿਕ ਦੈਵੀ ਗੁਣਾਂ ਨਾਲ ਭਰਪੂਰ ਕਰ ਦਿੰਦਾ ਹੈ, ਸਾਰੇ ਸੰਸਾਰ ਨਾਲ ਟੱਬਰ ਵਾਲੀ ਸਾਂਝ ਬਣਾਂਦਾ ਹੈ ਅਤੇ ਤ੍ਰੈ-ਗੁਣੀ ਸੰਸਾਰ ਤੋਂ ਉਚੇਰੀ, ਸਹਜ ਦੀ ਹਾਲਤ ਵਿਚ ਅਪੜਾਂਦਾ ਹੈ :

"ਪ੍ਰਭ ਕੈ ਸਿਮਰਨਿ ਸਹਜਿ ਸਮਾਨੀ ॥" (ਪੰਨਾ ੨੬੩)

ਸਹਜ, ਆਤਮਾ ਦੀ ਉਹ ਉਚੀ ਤੇ ਸੁੱਚੀ ਬ੍ਰਹਮ ਗਿਆਨ ਦੀ ਹਾਲਤ ਹੈ ਜਿਸ ਵਿਚ ਇਹ ਸ਼ਾਂਤ ਤੇ ਅਡੋਲ ਹੋ ਕੇ ਆਪਣੇ ਅਸਲ ਤੇ ਕੁਦਰਤੀ ਆਪੇ ਵਿਚ ਟਿਕ ਜਾਂਦੀ ਹੈ। ਇਸ ਅਵਸਥਾ ਵਿਚ ਮਨੁੱਖ ਦਾ ਜੀਵਨ ਕੁਦਰਤੀ ਹੋ ਜਾਂਦਾ ਹੈ, ਜਿਸ ਵਿਚ ਭਰਮ, ਵਹਿਮ, ਭੁਲੇਖੇ ਅਤੇ ਗ਼ਲਤ ਜੀਵਨ ਕੀਮਤਾਂ ਸੁਭਾਵਿਕ ਹੀ ਮਿਟ ਜਾਂਦੀਆਂ ਹਨ। ਨੇਕੀ, ਪਰਉਪਕਾਰ ਤੇ ਸੇਵਾ ਆਪ-ਮੁਹਾਰੇ ਫੁਟ ਫੁਟ ਨਿਕਲਦੇ ਹਨ।

Sri Satguru Jagjit Singh Ji eLibrary NamdhariElibrary@gmail.com

ਸਰੀਰ, ਮਨ ਤੇ ਆਤਮਾ ਨਵੇਂ ਨਿਰੋਏ ਹੋਏ ਹੁੰਦੇ ਹਨ ਤੇ ਜੀਵਨ ਵਿਚ ਕੋਈ ਦੰਭ ਜਾਂ ਵਿਖਾਲਾ ਨਹੀਂ ਹੁੰਦਾ। ਨੇਕੀ ਦੀ ਤਰਫ਼ ਝੁਕਾਉ ਸੁਤੇ ਹੁੰਦਾ ਹੈ, ਕਿਸੇ ਹੱਠ, ਲਾਲਚ ਜਾਂ ਡਰ ਕਰਕੇ ਨਹੀਂ। ਦੁਨੀਆਂ ਦੇ ਲੋਕ ਆਮ ਤੌਰ ਤੇ ਹੇਠਲੀ ਪੱਧਰੇ, ਤਿੰਨ ਹਾਲਤਾਂ ਵਿਚ ਹੀ ਵਿਚਰਦੇ ਹਨ। ਇਕ ਉਹ ਹਨ ਜੋ ਅਤਿ ਹਨੇਰੇ ਤੇ ਅਗਿਆਨਤਾ ਦੀ ਹਾਲਤ ਵਿਚ ਹੁੰਦੇ ਹਨ। ਇਹ ਹਾਲਤ ਤਮੋ ਗੁਣੀ ਹੈ, ਜਿਸ ਵਿਚ ਗੁੱਸਾ, ਈਰਖਾ, ਅਹੰਕਾਰ ਆਦਿਕ ਦਾ ਗਲਬਾ ਹੁੰਦਾ ਹੈ। ਦੂਜੀ ਹਾਲਤ ਵਿਚ ਉਹ ਹੁੰਦੇ ਹਨ ਜਿਨ੍ਹਾਂ ਅੰਦਰ ਖ਼ਾਹਸ਼ਾਂ ਜ਼ੋਰਦਾਰ ਭੜਕਦੀਆਂ ਹਨ ਤੇ ਕੁਝ ਪ੍ਰਾਪਤ ਕਰਨ ਜਾਂ ਕੁਝ ਬਣਨ ਦੀ ਹੱਵਸ ਲੱਗੀ ਰਹਿੰਦੀ ਹੈ। ਇਹ ਰਜੋ ਗੁਣੀ ਹਨ। ਇਹਨਾਂ ਦੋਹਾਂ ਤੋਂ ਉਤੇ ਸਤੋਗੁਣੀ ਹਨ ਜੋ ਸੁਭਾਵਕ ਤੌਰ ਤੇ ਹੀ ਉਪਰਾਮ ਰਹਿੰਦੇ ਹਨ। ਉਹ ਸਭ ਕੁਝ ਛੱਡ ਛੁਡਾ ਕੇ ਸੰਸਾਰ ਤੋਂ ਲਾਂਭੇ ਹੀ ਹੋ ਜਾਣਾ ਚਾਹੁੰਦੇ ਹਨ ਤੇ ਇਸ ਤਰ੍ਹਾਂ ਵੀ ਉਹ ਆਪਣੇ ਅੰਦਰ ਇਕ ਉਚੀ ਸ਼ਾਂਤੀ ਅਨੁਭਵ ਕਰਦੇ ਹਨ। ਦੁਨੀਆਂ ਦੇ ਕੰਮ-ਕਾਜ ਉਨ੍ਹਾਂ ਨੂੰ ਟੰਟੇ ਤੇ ਬਿਖੇੜੇ ਹੋ ਕੇ ਦਿੱਸਦੇ ਹਨ, ਜਿਨ੍ਹਾਂ ਤੋਂ ਉਹ ਲਾਂਭੇ ਰਹਿ ਕੇ ਖ਼ੁਸ਼ੀ ਮਹਿਸੂਸ ਕਰਦੇ ਹਨ। ਗੁਰੂ ਜੀ ਦੇ ਮਾਨਵ-ਵਾਦ ਨੂੰ ਇਹ ਜੀਵਨ ਵੀ ਪ੍ਰਵਾਨ ਨਹੀਂ। ਪਰ ਇਨਸਾਨਾਂ ਦੇ ਅੰਦਰ ਇਹ ਤਿੰਨੇ ਹੀ ਗੁਣ, ਘੱਟ ਜਾਂ ਵੱਧ ਮਾਤਰਾ ਵਿਚ, ਹੁੰਦੇ ਹਨ, ਜਿਨ੍ਹਾਂ ਦੇ ਪ੍ਰਭਾਵ ਹੇਠ ਹੀ, ਉਨ੍ਹਾਂ ਦੇ ਜੀਵਨ ਅੱਡ ਅੱਡ ਤਰ੍ਹਾਂ ਚਲਦੇ ਰਹਿੰਦੇ ਹਨ। ਇਨ੍ਹਾਂ ਤਿੰਨਾਂ ਤੋਂ ਉਤੇ ਸਹਜ ਹੈ, 'ਚੌਥਾ ਪਦ' ਹੈ, ਜੋ ਗੁਰਮਤਿ ਅਨੁਸਾਰ ਜੀਵਨ ਦਾ ਆਦਰਸ਼ ਬਣਨਾ ਚਾਹੀਦਾ ਹੈ, ਇਸ ਵਿਚ ਸਰਬ-ਪੱਖੀ ਪੂਰਨਤਾ ਆ ਜਾਂਦੀ ਹੈ। ਸਤੋ ਭਾਵੇਂ ਰਜੋ ਜਾਂ ਤਮੋ ਦੋਹਾਂ ਤੋਂ ਉਚੇਰਾ ਹੈ ਪਰ ਇਸ ਵਿਚ ਉਪਰਾਮਤਾ ਵਧੇਰੀ ਮਾਤਰਾ ਵਿਚ ਹੁੰਦੀ ਹੈ, ਜੋ ਗੁਰੂ ਜੀ ਦੇ ਕਿਆਸ ਦੇ ਸਰਬ-ਪਖੀ ਮਾਨਵ-ਵਾਦ ਨੂੰ ਪਰਵਾਨ ਨਹੀਂ। ਇਹ ਕੁਦਰਤੀ ਤੇ ਨਿਰੋਏ ਜੀਵਨ ਲਈ ਵੀ ਹਾਨੀਕਾਰਕ ਹੈ: 'ਚੌਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥' (ਸਿਰੀਰਾਗ ਮ:੩)

Sri Satguru Jagjit Singh Ji eLibrary NamdhariElibrary@gmail.com

ਅਰਥਾਤ 'ਸਹਜ' ਤਿੰਨਾਂ ਗੁਣਾਂ ਤੋਂ ਉਤੇ ਚੌਥਾ ਪਦ ਹੈ ਜੋ ਗੁਰੂ-ਅਨੁਸਾਰੀਆਂ ਦੇ ਹੀ ਪੱਲੇ ਪੈਂਦਾ ਹੈ। ਇਸ ਹਾਲਤ ਵਿਚ ਹੋ ਕੇ ਗੁਰਮੁਖਿ ਇਨਸਾਨ ਆਪਣੇ ਅਸਲ ਘਰ ਵਿਚ ਹੁੰਦਾ ਹੈ। ਫਿਰ ਉਸ ਨੂੰ ਸੁੱਖ ਲੱਭਣ ਦੀ ਲੋੜ ਹੀ ਨਹੀਂ ਹੁੰਦੀ। ਅਰੋਗਤਾ ਤੇ ਅਨੰਦ ਦੇ ਚਸ਼ਮੇ ਅੰਦਰ ਹੀ ਫੁਟ ਪੈਂਦੇ ਹਨ। ਗਿਆਨ ਦੇ ਪ੍ਰਕਾਸ਼ ਨਾਲ ਆਤਮਕ ਅੱਖਾਂ ਖੁਲ੍ਹ ਜਾਂਦੀਆਂ ਹਨ ਤੇ ਅੰਦਰ ਨਿਜਾਨੰਦ ਉਪਜਾਂਦੀਆਂ ਹਨ। ਇਹੋ ਅਨੰਦ ਬਾਹਰ ਆ ਕੇ ਸਭ ਚੀਜ਼ਾਂ ਨੂੰ ਹੀ ਸੁੰਦਰ ਕਰ ਦਿੰਦਾ ਹੈ, ਜਿਸ ਵਿਚ ਕੁਝ ਵੀ ਮਾੜਾ ਹੋ ਕੇ ਨਹੀਂ ਦਿਸਦਾ। ਸਭ ਖੇੜਾ ਹੀ ਖੇੜਾ ਹੋ ਜਾਂਦਾ ਹੈ ਤੇ ਬਾਹਰ ਦੇ ਹਾਲਾਤ-ਗਰੀਬੀ, ਵਿਰੋਧ, ਦੁਖ-ਕਸ਼ਟ, ਕਿਤੇ ਰਹਿੰਦੇ ਹੀ ਨਹੀਂ। ਪਰ ਸਿਖ ਗੁਰੂ ਸਾਹਿਬਾਨ ਨੇ ਇਸ ਨੂੰ ਮਿਲਾਪ ਦੀ ਹਾਲਤ ਹੀ ਆਖਿਆ ਹੈ, ਜਦੋਂ ਆਤਮਾ ਆਪਣੇ ਅਸਲ ਆਪੇ ਅਰਥਾਤ ਨਿਰਗੁਣ ਪ੍ਰਮਾਤਮਾ ਵਿਚ ਸਮਾ ਹੀ ਜਾਂਦੀ ਹੈ, ਲੀਨ ਹੋ ਜਾਂਦੀ ਹੈ, ਅਭੇਦ ਹੋ ਜਾਂਦੀ ਹੈ ਤੇ ਇਸ ਮੇਲ ਤੋਂ ਸਦੀਵੀ ਸੁਖ, ਸ਼ਾਂਤੀ, ਪ੍ਰੇਮ ਤੇ ਗਿਆਨ ਆਦਿਕ, ਜੋ ਸਹਜ ਦੇ ਲੱਛਣ ਮਿਥੇ ਗਏ ਹਨ, ਸੁਤੇ ਪ੍ਰਾਪਤ ਹੋ ਜਾਂਦੇ ਹਨ। ਇਸ ਸਹਿਜ ਦਾ ਮਨੋਰਥ ਕੋਈ ਇੰਦ੍ਰਿਕ ਜਾਂ ਪਦਾਰਥਕ ਸੁਖ ਸੁਆਦ ਨਹੀਂ। ਇਸ ਸਹਜ ਦੇ ਵਰਤ ਜਾਣ ਨਾਲ ਦੁਨਿਆਵੀ ਸੁੱਖ ਅਰਾਮ ਪ੍ਰਾਪਤ ਨਹੀਂ ਹੋਣੇ ਹੁੰਦੇ ਤੇ ਨਾ ਦੁਨਿਆਵੀ ਕੰਮ ਕਾਜ ਤੇ ਜ਼ਿੰਮੇਵਾਰੀਆਂ ਮੁਕ ਕੇ ਵਿਹਲ ਪ੍ਰਾਪਤ ਹੋ ਜਾਂਦੀ ਹੈ। ਇਹ ਸਹਜ ਸਗੋਂ ਵਧੇਰੇ ਜ਼ਿੰਮੇਵਾਰੀਆਂ ਗਲ ਪਾਂਦੀ ਹੈ ਤੇ ਸੇਵਾ ਦੇ ਰਾਹ ਤੇ ਤੋਰਦੀ ਹੈ। ਹਾਂ, ਇਸ ਵਿਚ ਬੇਗ਼ਰਜ਼ੀ ਆ ਜਾਂਦੀ ਹੈ, ਕਿਉਂਕਿ ਨੀਵਾਂ ਆਪਾ ਤਾਂ ਰਹਿ ਹੀ ਨਹੀਂ ਜਾਂਦਾ। ਕੰਮਾਂ ਵਿਚ ਲੱਗਿਆਂ ਕੰਮਾਂ ਦੀ ਪਕੜ ਜਾਂ ਮਾਇਕ ਬੰਧਨ ਖ਼ਤਮ ਹੋ ਜਾਂਦੇ ਹਨ। ਬਾਹਰ ਦੀਆਂ ਖਿੱਚਾਂ ਜੋ ਸੁਖ ਦੁਖ ਦਾ ਕਾਰਣ ਬਣਦੀਆਂ ਹਨ, ਮੁਕ ਜਾਂਦੀਆਂ ਹਨ। ਜੀਵਨ ਕੁਦਰਤੀ ਹੋ ਕੇ ਚਲਦਾ ਹੈ, ਤੇ ਹਰ ਚੀਜ਼ ਆਪਣੇ ਅਸਲ ਤੇ ਕੁਦਰਤੀ ਰੂਪ ਵਿਚ ਦਿਸਣ ਲੱਗ ਜਾਂਦੀ ਹੈ।



Sri Satguru Jagjit Singh Ji eLibrary NamdhariElibrary@gmail.com

ਇਹ ਸਦ-ਅਨੰਦ ਦੀ ਹਾਲਤ ਹੈ, ਜਿਸ ਵਿਚ ਸੁਖ ਦੁਖ ਦੋਨੋਂ ਹੀ ਥੱਲੇ ਰਹਿ ਜਾਂਦੇ ਹਨ। ਇਸ ਨੂੰ ਹੀ ਨਿਜਾਨੰਦ ਦੀ ਹਾਲਤ ਕਿਹਾ ਜਾਂਦਾ ਹੈ : "ਸੁਖ ਦੂਖ ਹੀ ਤੇ ਗੁਰ ਸਬਦਿ ਅਤੀਤਾ ॥"

(ਬਸੰਤ ਮਹਲਾ ੧)

ਸੋਰਠਿ ਰਾਗ ਵਿਚ ਸਹਜ ਬਾਬਤ ਗੁਰੂ ਤੇਗ ਬਹਾਦਰ ਜੀ ਦਾ ਸਰੂਪ ਇਹ ਹੈ :

"ਜੋ ਨਰੁ ਦੁਖ ਮਹਿ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨੁ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਿਨ ਤਿਹ ਘਟਿ ਬ੍ਰਹਮ ਨਿਵਾਸਾ॥੨॥
ਗੁਰਿ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥੩॥"

(ਪੰਨਾ ੬੩੩)

ਇਸ ਹਾਲਤ ਵਿਚ ਅਪੜੇ ਹੋਇ ਮਨੁੱਖ ਦਾ ਜੀਵਨ ਐਸਾ ਇਕਸਾਰ ਤੁਲਵਾਂ ਚਲਦਾ ਹੈ ਕਿ ਉਹ ਨਾ ਦੁੱਖਾਂ ਤੋਂ ਘਬਰਾਂਦਾ ਹੈ ਨਾ ਸੁੱਖਾਂ ਦੀ ਪਕੜ ਵਿਚ ਬੱਝਦਾ ਹੈ, ਨਾ ਨਿੰਦਾ ਬੁਰਾਈ ਦੀ ਪਰਵਾਹ ਕਰਦਾ ਹੈ, ਨਾ ਖ਼ੁਸ਼ਾਮਦ-ਭਰੀ ਉਸਤਤਿ ਚਾਹੁੰਦਾ ਹੈ। ਉਹ ਖ਼ੁਸ਼ੀ ਗ਼ਮੀ ਤੋਂ ਵੀ ਨਿਰਲੇਪ ਹੈ, ਉਸਨੂੰ ਨਾ ਆਦਰ ਦੀ ਲੋੜ ਹੈ; ਨਾ ਨਿਰਾਦਰੀ ਦਾ ਡਰ ਹੈ। ਆਸਾ ਤੇ ਤ੍ਰਿਸ਼ਨਾ ਉਸਨੂੰ ਬੰਨ੍ਹਦੇ ਨਹੀਂ ਤੇ ਕਾਮ ਕਰੋਧ ਆਦਿਕ ਛੋਂਹਦੇ ਨਹੀਂ। ਇਹ ਬ੍ਰਹਮ ਗਿਆਨਤਾ ਦੀ ਹਾਲਤ ਹੈ, ਇਸ ਨੂੰ ਜੀਵਨ ਮੁਕਤੀ ਵੀ ਕਿਹਾ ਜਾਂਦਾ ਹੈ। ਇਸੇ ਨੂੰ ਤੁਰੀਆ ਜਾਂ ਚੌਥਾ-ਪਦ ਦਾ ਨਾਮ ਦਿਤਾ ਜਾਂਦਾ ਹੈ, ਕਿਉਂਕਿ ਇਹ ਤਿੰਨਾਂ ਹੀ ਗੁਣਾਂ–ਰਜੋ, ਸਤੋ, ਤਮੋ ਦੇ ਪ੍ਰਭਾਵਾਂ ਤੋਂ ਉਤੇ ਹੈ, ਤੇ ਨਿਰਗੁਣ ਪ੍ਰਮਾਤਮਾ ਦੀ ਪ੍ਰਾਪਤੀ ਦਾ ਸੂਚਕ ਹੈ :



Sri Satguru Jagjit Singh Ji eLibrary NamdhariElibrary@gmail.com

'ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥'
(ਸਿਰੀ ਰਾਗ ਮਹਲਾ ੧, ਪੰਨਾ ੬੮)

ਜੋ ਮਨੁੱਖ ਅਜੇ ਤਿੰਨਾਂ ਗੁਣਾਂ ਦੇ ਅਸਰ ਹੇਠ ਹੁੰਦੇ ਹਨ ਉਨ੍ਹਾਂ ਨੂੰ ਰੱਬ ਦੇ ਦਰਸ਼ਨ ਵੀ ਨਹੀਂ ਹੋ ਸਕਦੇ :

'ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਰੇ ॥'
(ਗਉੜੀ ਮਹਲਾ ੧, ਪੰਨਾ ੧੫੬)

ਅਰਥਾਤ 'ਹੇ ਜੀਵ, ਤੈਨੂੰ ਸੰਸਾਰ ਨਾਲ ਤਿੰਨ ਗੁਣ ਬੰਨ੍ਹੀ ਰਖਦੇ ਹਨ, ਇਸ ਲਈ ਹੀ ਤੈਨੂੰ ਅਲਖ ਹਰੀ ਦੀ ਸੂਝ ਨਹੀਂ ਪੈਂਦੀ।'

ਹੋਰ : 'ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ ॥
ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥'
(ਸਿਰੀ ਰਾਗ ਮਹਲਾ ੧, ਪੰਨਾ ੧੮)

ਅਰਥਾਤ 'ਤ੍ਰੈਗੁਣੀ ਕਰਮਾਂ ਵਿਚ ਲੱਗਿਆਂ ਆਸਾ ਤੇ ਫਿਕਰ ਬਣੇ ਰਹਿੰਦੇ ਹਨ ਤੇ ਗੁਰੂ ਤੋਂ ਬਿਨਾਂ ਤਿੰਨਾਂ ਗੁਣਾਂ ਦਾ ਪ੍ਰਭਾਵ ਮੁਕਦਾ ਨਹੀਂ। ਸਹਜ ਦੁਆਰਾ ਹੀ ਸਦੀਵੀ ਸੁਖ ਉਪਜਦਾ ਹੈ ਤੇ ਇਉਂ ਇਸ ਲਈ ਹੁੰਦਾ ਹੈ ਕਿ ਉਥੇ ਸਭ ਸੁੱਖਾਂ ਦਾ ਸੋਮਾ ਹਰੀ ਆਪ ਮਿਲ ਪੈਂਦਾ ਹੈ (ਸਹਜ ਲਈ ਵੇਖੋ ਪਉੜੀਆਂ ੨੦, ੨੩ਵੀਂ)।

## ਪਉੜੀ (੮)

ਊਰਮ ਧੂਰਮ ਜੋਤਿ ਉਜਾਲਾ ॥
ਤੀਨਿ ਭਵਣ ਮਹਿ ਗੁਰ ਗੋਪਾਲਾ ॥
ਊਗਵਿਆ ਅਸਰੂਪੁ ਦਿਖਾਵੈ ॥
ਕਰਿ ਕਿਰਪਾ ਅਪੁਨੈ ਘਰਿ ਆਵੈ ॥
ਊਨਵਿ ਬਰਸੈ ਨੀਝਰ ਧਾਰਾ ॥
ਊਤਮ ਸਬਦਿ ਸਵਾਰਣਹਾਰਾ ॥


Sri Satguru Jagjit Singh Ji eLibrary NamdhariElibrary@gmail.com

ਇਸੁ ਏਕੇ ਕਾ ਜਾਣੈ ਭੇਉ ॥
ਆਪੇ ਕਰਤਾ ਆਪੇ ਦੇਉ ॥੮॥ (ਪੰਨਾ ੬੩੦)

ਊਰਮ–ਲਹਰ (ਜਲਾਂ ਦੀ); ਧੂਰਮ-ਧੂਲਮਈ,ਧੂੜ (ਥਲਾਂ ਦੀ); ਗੁਰ ਗੋਪਾਲਾ–ਸ੍ਰਿਸ਼ਟੀ ਦਾ ਪਾਲਕ ਹਰੀ-ਗੁਰੂ, (ਰਹਾਉ ਦੀ ਤੁਕ ਵਿਚ 'ਗੁਰਮੁਖਿ ਗੋਪਾਲਾ' ਆਇਆ ਸੀ। ਦੋਹਾਂ ਦੇ ਅਰਥ ਇਕ ਹੀ ਹਨ); ਅਸਰੂਪ–ਰੂਪ ਤੋਂ ਨਿਆਰਾ ਹਰੀ; ਊਗਵਿਆ–ਪ੍ਰਗਟ ਹੋ ਕੇ, ਉਨਵਿ–ਝੁਕ ਕੇ; ਨੀਝਰ–ਲਗਾਤਾਰ; ਦੇਉ–ਪ੍ਰਕਾਸ਼ ਦੇਣ ਵਾਲਾ।

## ਟੀਕਾ

੧. ('ੳ' ਅੱਖਰ ਦੀ ਟੇਕ ਦੇ ਕੇ ਉਪਦੇਸ਼ ਇਹ ਹੈ :) ਜਲਾਂ ਅਤੇ ਥਲਾਂ ਵਿਚ ਓਸੇ ਜੋਤ ਦਾ ਹੀ ਚਾਨਣ ਹੈ,

੨. ਤਿੰਨਾਂ ਹੀ ਭਵਨਾਂ ਵਿਚ ਗੋਪਾਲ-ਗੁਰੂ (ਹਰੀ-ਗੁਰੂ) ਪ੍ਰਕਾਸ਼ਮਾਣ ਹੋ ਰਿਹਾ ਹੈ,

੩. ਰੂਪ ਰੇਖਾ ਤੋਂ ਨਿਆਰਾ ਹਰੀ (ਰੂਪਾਂ ਵਿਚ) ਪ੍ਰਗਟ ਹੋ ਆਪਣਾ ਹੀ ਆਪ ਵਿਖਾਲ ਰਿਹਾ ਹੈ,

੪. (ਨਿਰਾ ਇਹ ਨਹੀਂ) ਉਹ ਕ੍ਰਿਪਾ ਕਰਕੇ (ਭਗਤਾਂ ਹਿਰਦੇ ਰੂਪੀ) ਆਪਣੇ ਘਰ ਵਿਚ ਵੀ ਪ੍ਰਤੱਖ ਆ ਪ੍ਰਗਟ ਵੀ ਹੁੰਦਾ ਹੈ।

੫. ਅਤੇ ਝੁਕ ਕੇ, ਲਗਾਤਾਰ ਨਾਮ-ਅੰਮ੍ਰਿਤ ਦੀ ਵਰਖਾ ਕਰਦਾ ਹੈ।

੬. ਇਸ ਤਰ੍ਹਾਂ, ਉਹ ਉਤਮ ਗੁਰ-ਸ਼ਬਦ ਦੁਆਰਾ, ਉਹਨਾਂ ਭਗਤਾਂ ਦੀ ਕਾਇਆਂ-ਕਲਪ ਕਰ ਦਿੰਦਾ ਹੈ, ਉਨ੍ਹਾਂ ਦਾ ਸਾਰਾ ਜੀਵਣ ਹੀ ਬਦਲ ਦਿੰਦਾ ਹੈ (ਇਹ ਹੈ ਉਸ ਇਕ ਦੀ ਕਾਰਗੁਜ਼ਾਰੀ)।

੭. ਜੋ ਪੁਰਸ਼ ਵੀ ਇਸ ਇਕ ਹਰੀ ਦਾ ਭੇਦ ਜਾਣ ਲੈਂਦਾ ਹੈ (ਉਸ ਨੂੰ ਸਮਝ ਆਵੰਦੀ ਹੈ ਕਿ)

੮. ਉਹ ਆਪ ਹੀ ਰਚਨਹਾਰ ਹੈ ਅਤੇ ਫਿਰ ਆਪ ਹੀ ਪ੍ਰਕਾਸ਼ ਦੇਣ ਵਾਲਾ (ਗੁਰੂ-ਰੂਪ) ਵੀ ਹੋ ਜਾਂਦਾ ਹੈ।


Sri Satguru Jagjit Singh Ji eLibrary NamdhariElibrary@gmail.com

ਨੋਟ:-ਇਸ ਪਉੜੀ ਨੂੰ ਅਗਲੀਆਂ ਦੋ ਪਉੜੀਆਂ ਨਾਲ ਰਲਾਓ। ਫਿਰ ਇਨ੍ਹਾਂ ਤਿੰਨਾਂ ਦਾ ਸੰਖੇਪ ਮਨੋਰਥ ਇਨ੍ਹਾਂ ਦੇ ਅੰਤ ਵਿਚ ਦੇ ਦਿਤਾ ਜਾਵੇਗਾ।

## ਪਉੜੀ (੯)

ਉਗਵੈ ਸੂਰੁ ਅਸੁਰ ਸੰਘਾਰੈ ॥
ਊਚਉ ਦੇਖਿ ਸਬਦਿ ਬੀਚਾਰੈ ॥
ਊਪਰਿ ਆਦਿ ਅੰਤਿ ਤਿਹੁ ਲੋਇ ॥
ਆਪੇ ਕਰੈ ਕਥੈ ਸੁਣੈ ਸੋਇ ॥
ਓਹੁ ਬਿਧਾਤਾ ਮਨੁ ਤਨੁ ਦੇਇ ॥
ਓਹੁ ਬਿਧਾਤਾ ਮਨਿ ਮੁਖਿ ਸੋਇ ॥
ਪ੍ਰਭੁ ਜਗ ਜੀਵਨੁ ਅਵਰੁ ਨ ਕੋਇ ॥
ਨਾਨਕ ਨਾਮਿ ਰਤੇ ਪਤਿ ਹੋਇ ॥੯॥

## ਪਦ-ਅਰਥ

ਸੂਰ-ਸੂਰਜ; ਅਸੁਰ-ਦੈਂਤ; ਬਿਧਾਤਾ-ਬਿਧਾਨ ਕਰਤਾ, ਰਚਨਹਾਰ।

## ਟੀਕਾ

੧. ('ੳ' ਦਵਾਰਾ ਹੀ ਫਿਰ ਦਸਦੇ ਹਨ :) ਗੁਰ-ਗਿਆਨ ਦਾ ਜਦ ਸੂਰਜ ਚੜ੍ਹ ਪੈਂਦਾ ਹੈ ਤਾਂ ਜੀਵ ਅਸੁਰੀ ਸੰਪਦਾ ਨੂੰ ਅਰਥਾਤ ਕਾਮਾਦਿਕ ਦੈਂਤਾਂ ਨੂੰ ਮਾਰ ਲੈਂਦਾ ਹੈ।

੨. ਫਿਰ ਉਹ ਗੁਰ-ਸ਼ਬਦ ਨੂੰ ਵਿਚਾਰਦਾ ਹੈ ਤੇ ਉਚੀ ਦ੍ਰਿਸ਼ਟੀ ਨਾਲ ਵੇਖਦਾ ਹੈ;

੩. ਉਸ ਨੂੰ ਉਪਰ (ਤੇ ਹੇਠਾਂ ਵੀ), ਸਗੋਂ ਤਿੰਨਾਂ ਹੀ ਭਵਨਾਂ ਵਿਚ ਤੇ ਸਮੇਂ ਦੇ ਆਦਿ ਤੋਂ ਅੰਤ ਤਕ,



Sri Satguru Jagjit Singh Ji eLibrary NamdhariElibrary@gmail.com

੪. ਇਕ ਹਰੀ ਆਪ ਹੀ ਕਹਿੰਦਾ, ਸੁਣਦਾ ਤੇ ਕਰਦਾ ਦਿਸ ਪੈਂਦਾ ਹੈ।

੫. ਰਚਨਹਾਰ ਹਰੀ ਆਪ ਹੀ ਸਭ ਜੀਵਾਂ ਨੂੰ ਤਨ ਤੇ ਮਨ ਦੇਣ ਵਾਲਾ ਹੈ। (ਇਸ ਤੋਂ ਵੀ ਵਧ :)

੬. ਉਹ ਆਪ ਉਨ੍ਹਾਂ ਦੇ ਮਨਾਂ ਵਿਚ ਵੀ ਹੁੰਦਾ ਹੈ ਤੇ ਉਹਨਾਂ ਰਾਹੀਂ ਬੋਲਦਾ ਹੈ।

੭. ਯਾਦ ਰਖੋ, ਉਹੋ ਹੀ ਸਾਰੇ ਜਗਤ ਦਾ ਜੀਵਣ ਹੈ, ਹੋਰ ਕੋਈ ਨਹੀਂ ਜੇ,

੮. ਹੇ ਨਾਨਕ, ਕੇਵਲ ਉਹ ਮਨੁੱਖ ਹੀ ਜੋ ਨਾਮ ਵਿਚ ਰਤੇ ਜਾਂਦੇ ਹਨ, ਉਸ ਦੀ ਦਰਗਾਹ ਵਿਚ ਇੱਜ਼ਤ ਪਾਂਦੇ ਹਨ।

ਨੋਟ :–ਪਉੜੀ ਵਿਚ ਗੁਰੂ ਸਾਹਿਬ ਆਪਣੇ ਕਿਆਸ ਦਾ ਅਦਵੈਤਵਾਦ ਵਿਖਾਲ ਰਹੇ ਹਨ ਅਤੇ ਸੰਸਾਰ ਸਾਗਰ ਵਿਚੋਂ ਬਚ ਨਿਕਲਣ ਦਾ ਰਸਤਾ ਦੱਸ ਰਹੇ ਹਨ। ਜੀਵਣ ਦਾ ਮਨੋਰਥ, ਨਾਮ ਦੁਆਰਾ, ਉਸ ਦੀ ਪ੍ਰਾਪਤੀ ਹੈ, ਨਹੀਂ ਤਾਂ ਜੀਵਣ ਅਸਫਲ ਜਾਏਗਾ ਤੇ ਆਵਾਗਵਨ (ਵੇਖੋ ਪਉੜੀ ੨੭) ਬਣਿਆ ਰਹੇਗਾ।

## ਪਉੜੀ (੧੦)

ਰਾਜਨ ਰਾਮ ਰਵੈ ਹਿਤਕਾਰਿ ॥
ਰਣ ਮਹਿ ਲੂਝੈ ਮਨੂਆ ਮਾਰਿ ॥
ਰਾਤਿ ਦਿਨੰਤਿ ਰਹੈ ਰੰਗਿ ਰਾਤਾ ॥
ਤੀਨਿ ਭਵਨ ਜੁਗ ਚਾਰੇ ਜਾਤਾ ॥
ਜਿਨਿ ਜਾਤਾ ਸੋ ਤਿਸ ਹੀ ਜੇਹਾ ॥
ਅਤਿ ਨਿਰਮਾਇਲੁ ਸੀਝਸਿ ਦੇਹਾ ॥
ਰਹਸੀ ਰਾਮੁ ਰਿਦੈ ਇਕ ਭਾਇ ॥
ਅੰਤਰਿ ਸਬਦੁ ਸਾਚਿ ਲਿਵ ਲਾਇ ॥੧੦॥



Sri Satguru Jagjit Singh Ji eLibrary NamdhariElibrary@gmail.com

## ਪਦ-ਅਰਥ

ਹਿਤਕਾਰਿ-ਹਿਤਕਾਰੀ, ਹਰੀ ਦਾ ਪ੍ਰੇਮੀ; ਰਵੈ–ਸਿਮਰਦਾ ਹੈ; ਜਾਤਾ–ਜਾਣਿਆ; ਨਿਰਮਾਇਲੁ–ਪਵਿਤ੍ਰ; ਸੀਝਸਿ–ਸੂਤ ਆਈ ਹੈ; ਰਹਸੀ–ਖਿੜਿਆ।

## ਟੀਕਾ

੧. ('ਰ' ਅੱਖਰ ਦਵਾਰਾ ਉਪਦੇਸ਼ ਹੈ:) ਜੋ ਪੁਰਸ਼ ਰਾਜਾ ਰਾਮ (ਹਰੀ) ਦਾ ਪ੍ਰੇਮੀ ਹੋ ਕੇ ਉਸ ਦਾ ਸਿਮਰਨ ਕਰਦਾ ਹੈ,

੨. (ਉਸ ਨੂੰ ਇਤਨੀ ਸ਼ਕਤੀ ਆ ਜਾਂਦੀ ਹੈ ਕਿ) ਉਹ ਸੰਸਾਰ-ਯੁੱਧ ਵਿਚ ਕਾਮਾਦਿਕ ਵੈਰੀਆਂ ਨਾਲ ਜੂਝਦਾ ਹੈ ਤੇ ਮਨ ਨੂੰ (ਅਰਥਾਤ ਮਨ ਦੀਆਂ ਸਭ ਬੁਰਾਈਆਂ ਨੂੰ) ਮਾਰ ਲੈਂਦਾ ਹੈ।

੩. ਉਹੁ ਦਿਨੇ ਰਾਤ ਹਰੀ ਦੇ ਪ੍ਰੇਮ ਵਿਚ ਹੀ ਰੱਤਾ ਹੁੰਦਾ ਹੈ (ਤੇ ਇਸੇ ਲਈ) ਰਣ ਵਿਚ ਫਤਹਿ ਵੀ ਪਾਂਦਾ ਹੈ।

੪. ਤਿੰਨਾਂ ਭਵਨਾਂ ਵਿਚ ਤੇ ਚਾਰੇ ਜੁੱਗਾਂ ਵਿਚ ਵਰਤਦੇ ਹਰੀ, ਅਰਥਾਤ ਦੇਸ਼ ਤੇ ਕਾਲ ਵਿਚ ਆਪਣੇ ਹੁਕਮ ਵਿਚ ਖੇਡ ਚਲਾਂਦੇ ਹਰੀ ਨੂੰ ਉਹ ਜਾਣ ਲੈਂਦਾ ਹੈ।

੫. ਜਿਸ ਕਿਸੇ ਨੇ ਵੀ ਇਸ ਤਰ੍ਹਾਂ ਦੇ ਯਤਨਾਂ ਨਾਲ ਹਰੀ ਨੂੰ ਜਾਣ ਲਿਆ ਹੈ ਉਹ ਅਵੱਸ਼ ਉਸ ਦਾ ਰੂਪ ਹੋ ਜਾਂਦਾ ਹੈ।

੬. (ਹਰੀ ਵਾਂਗ ਹੀ) ਉਹ ਪੂਰਾ ਸ਼ੁੱਧ ਹੈ, ਉਸ ਦੀ ਦੇਹੀ ਅਰਥਾਤ ਸਾਰਾ ਜੀਵਨ ਹੀ ਸੂਤਿਆ ਰਹਿੰਦਾ ਹੈ, ਤਿਆਰ-ਬਰ-ਤਿਆਰ ਹੁੰਦਾ ਹੈ (ਕਾਮਾਦਿਕ ਵੈਰੀਆਂ ਉਤੇ ਫਤਹਿ ਪਾਣ ਲਈ)।

੭. ਜੋ ਪੁਰਸ਼ ਵੀ ਇਕ ਹਰੀ ਦੇ ਪ੍ਰੇਮ ਵਿਚ ਉਸ ਨੂੰ ਮਨ ਵਿਚ ਵਸਾ ਲੈਂਦਾ ਹੈ ਉਹ ਖਿੜਿਆ ਰਹਿੰਦਾ ਹੈ (ਜਿਵੇਂ ਹਰੀ ਆਪ ਖਿੜਿਆ ਰਹਿੰਦਾ ਹੈ)

੮. ਉਸ ਦੇ ਅੰਦਰ ਗੁਰ-ਸ਼ਬਦ ਸਦੀਵੀ ਤੌਰ ਤੇ ਟਿਕਿਆ



Sri Satguru Jagjit Singh Ji eLibrary NamdhariElibrary@gmail.com

ਹੁੰਦਾ ਹੈ, ਜਿਸਦੇ ਕਾਰਨ ਉਹ ਸੱਚ-ਸਰੂਪ ਹਰੀ ਵਿਚ ਲਿਵ ਜੋੜੀ ਰੱਖਦਾ ਹੈ (ਤੇ ਉਸ ਦੇ ਹੁਕਮ ਨੂੰ ਬੁਝਦਾ ਹੈ) ॥੧੦॥

## ਪਉੜੀ (੧੧)

ਰੋਸੁ ਨ ਕੀਜੈ ਅੰਮ੍ਰਿਤੁ ਪੀਜੈ ਰਹਣੁ ਨਹੀ ਸੰਸਾਰੇ ॥
ਰਾਜੇ ਰਾਇ ਰੰਕ ਨਹੀ ਰਹਣਾ ਆਇ ਜਾਇ ਜੁਗ ਚਾਰੇ ॥
ਰਹਣ ਕਹਣ ਤੇ ਰਹੈ ਨ ਕੋਈ ਕਿਸੁ ਪਹਿ ਕਰਉ ਬਿਨੰਤੀ ॥
ਏਕੁ ਸਬਦੁ ਰਾਮਨਾਮ ਨਿਰੋਧਰੁ ਗੁਰੁ ਦੇਵੈ ਪਤਿ ਮਤੀ ॥੧੧॥

## ਪਦ-ਅਰਥ

ਰੋਸੁ–ਗਿਲਾ; ਰੰਕੁ–ਕੰਗਾਲ; ਨਿਰੋਧਰੁ–ਜਿਸ ਦਾ ਅਸਰ ਅਵੱਸ਼ ਹੈ, ਰੁਕਦਾ ਨਹੀਂ; ਮਤੀ–ਸਿਆਣਪ।

## ਟੀਕਾ

੧. (ਸੰਸਾਰ ਅੰਦਰ ਵਸਦੇ ਜੀਵੋ, ਸੰਸਾਰ ਦੇ ਹਾਲਾਤ ਤੋਂ ਉਪਜੀ ਕਿਸੇ ਵੀ ਠੰਢੀ ਤੱਤੀ ਗੱਲ ਦਾ) ਗਿਲਾ ਨਾ ਕਰੋ, ਸਗੋਂ ਨਾਮ ਅੰਮ੍ਰਿਤ ਪੀਵੋ (ਜੋ ਆਪਣੇ ਹੀ ਅੰਦਰੋਂ ਕੱਢ ਲਈਦਾ ਹੈ)। ਸੰਸਾਰ ਅੰਦਰ ਤਾਂ ਕਿਸੇ ਨੇ ਵੀ ਸਦਾ ਲਈ ਰਹਿਣਾ ਨਹੀਂ (ਸੋ ਸਮੇਂ ਨੂੰ ਸੰਭਾਲੋ), ਆਪਣੇ ਭਵਿੱਖਤ ਦਾ ਖ਼ਿਆਲ ਕਰੋ।

੨. ਰਾਜੇ, ਅਮੀਰ ਤੇ ਕੰਗਾਲ ਕਿਸੇ ਨੇ ਵੀ ਇਥੇ ਨਹੀਂ ਰਹਿ ਸਕਣਾ, ਚਾਰੇ ਜੁਗਾਂ ਵਿਚ ਜੀਵ ਜੰਮਦੇ ਮਰਦੇ ਹੀ ਰਹਿੰਦੇ ਹਨ।

੩. ਜਦ 'ਰਹਣ ਰਹਣ' ਕਹਣ ਨਾਲ ਵੀ ਕੋਈ ਰਹਿ ਨਹੀਂ ਸਕਦਾ ਤਾਂ ਕਿਸ ਪਾਸ ਮੈਂ ਰਹਿਣ ਦੀ ਬੇਨਤੀ ਕਰਾਂ (ਤੇ ਕਿਉਂ ਕਰਾਂ)?

੪. ਰਾਮ ਦੇ ਨਾਮ ਦਾ ਇਕ ਸ਼ਬਦ ਹੀ ਐਸਾ ਹੈ ਜਿਸਦਾ



Sri Satguru Jagjit Singh Ji eLibrary NamdhariElibrary@gmail.com

ਅਸਰ ਰੋਕਿਆ ਨਹੀਂ ਜਾ ਸਕਦਾ, ਅਵੱਸ਼ ਫਲ ਦੇਵੇਗਾ। ਹਰੀ ਦੀ ਦਰਗਾਹ ਵਿਚ ਪਤਿ ਇੱਜ਼ਤ) ਪ੍ਰਾਪਤ ਕਰਨ ਲਈ ਇਹੋ ਸਹੀ ਮਤਿ ਹੈ, ਜੋ ਗੁਰੂ ਦੇਂਦਾ ਹੈ।

ਨੋਟ : ਪਉੜੀ ਵਿਚ ਗੁਰੂ ਸਾਹਿਬ ਜੀਵਾਂ ਨੂੰ ਖ਼ਬਰਦਾਰ ਕਰ ਰਹੇ ਹਨ ਕਿ ਇਸ ਸੰਸਾਰ ਵਿਚ ਕਿਸੇ ਨੇ ਵੀ ਸਦਾ ਲਈ ਨਹੀਂ ਟਿਕੇ ਰਹਿਣਾ। ਇਸ ਲਈ ਜੋ ਸਮਾਂ ਮਿਲਿਆ ਹੈ ਉਸ ਨੂੰ ਹੀ ਸਫਲ ਕਰੋ, ਗਿਲੇ ਕਰਨ ਦੀ ਲੋੜ ਕੀ ਹੈ, ਜਦੋਂ ਕਿ ਹਰ ਕੋਈ ਆਪਣੇ ਹੀ ਅੰਦਰੋਂ ਸ਼ਬਦ ਦੀ ਕਮਾਈ ਦਵਾਰਾ ਅੰਮ੍ਰਿਤ ਕਢ ਸਕਦਾ ਹੈ ਤੇ ਜੀਵਣ ਸਫਲਾ ਕਰ ਸਕਦਾ ਹੈ? ਜੋ ਮਨੁਖ ਵੀ ਇਉਂ ਨਹੀਂ ਕਰੇਗਾ ਉਹ ਜਨਮ ਮਰਣ ਦੇ ਗੇੜ ਹੀ ਕਢਦਾ ਰਹੇਗਾ । ਦੇਖੋ, ਗੁਰੂ ਸਾਹਿਬ ਮਨੁਖ ਨੂੰ ਹਰੀ ਦਾ ਹੀ ਬਣਾ ਦੇਣਾ ਚਾਹੁੰਦੇ ਹਨ। ਕਿਤਨਾ ਵੱਡਾ ਤੇ ਸੋਹਣਾ ਇਹ ਨਿਸ਼ਾਨਾ ਹੈ ਜੋ ਸਭ ਨੂੰ ਇਕੋ ਜੇਹਾ ਹੌਸਲਾ, ਉਮੀਦ, ਭਰੋਸਾ ਤੇ ਉਤਸ਼ਾਹ ਦੇਣ ਵਾਲਾ ਹੈ? ਗੁਰੂ ਸਾਹਿਬ ਮਨੁਖਾਂ ਨੂੰ ਆਪਣੇ ਪੈਰਾਂ ਤੇ ਖੜਾ ਕਰਨਾ ਚਾਹੁੰਦੇ ਹਨ। ਹਰ ਮਨੁਖ ਨੂੰ ਆਪਣੀ ਕਿਸਮਤ ਦਾ ਆਪ ਮਾਲਕ ਬਣਾ ਦੇਣਾ ਚਾਹੁੰਦੇ ਹਨ। ਸਚੇ ਹਰੀ ਦਾ ਭਗਤ ਉਹ ਹੈ ਜੋ ਕਦੇ ਆਪਣੀਆਂ ਗਲਤੀਆਂ ਦੀ ਸਜ਼ਾ ਭੁਗਤਨੋਂ ਨਹੀਂ ਸੰਗਦਾ, ਪਰ ਜੋ ਆਪਣੇ ਆਪ ਨੂੰ ਕਮਜ਼ੋਰ ਸਮਝੇ, ਕਿਸੇ ਹੋਰ ਤੋਂ ਡਰੇ ਜਾਂ ਕਿਸੇ ਦੀ ਮੁਥਾਜੀ ਕਰੇ, ਉਹ ਹਰੀ ਦੇ ਨੇੜੇ ਕਿਵੇਂ ਆਵੇ? ਜੋ ਮਨੁਖ ਹਰੀ ਦਾ ਸਚਮੁਚ ਹੀ ਹੋ ਜਾਂਦਾ ਹੈ ਉਹ ਰਿਐਤਾਂ ਨਹੀਂ ਚਾਹੁੰਦਾ । ਉਹ ਰਸਮੀ ਪੂਜਾ ਪਾਠ ਨਾਲ ਆਪ ਨੂੰ ਤੇ ਹਰੀ ਨੂੰ ਧੋਖਾ ਦੇ ਕੇ ਜਾਂ ਖ਼ੁਸ਼ਾਮਦ ਕਰਕੇ ਆਪਣੇ ਕੰਮ ਕਢਣਾ ਨਹੀਂ ਚਾਹੁੰਦਾ। ਉਹ ਆਪ ਮਿਹਨਤ ਕਰਕੇ ਤੇ ਹਰੀ ਦਾ ਹੋ ਕੇ, ਜਿਵੇਂ ਪਉੜੀ ਵਿਚ ਦਸਿਆ ਹੈ, ਸਭ ਕੁਝ ਪ੍ਰਾਪਤ ਕਰ ਸਕਦਾ ਤੇ ਕਰਨਾ ਚਾਹੁੰਦਾ ਹੈ। ਉਹ ਪਹਿਲਾਂ ਧਰਮੀ ਬਣ ਕੇ ਜੀਵਣ ਬਨਾਣਾ ਚਾਹੁੰਦਾ ਹੈ। ਉਹ ਨਾਮ ਦੁਆਰਾ ਅਧਿਆਤਮਕ ਉਸਾਰੀ ਕਰਕੇ ਸ਼ਕਤੀਸ਼ਾਲੀ ਹੋ



Sri Satguru Jagjit Singh Ji eLibrary NamdhariElibrary@gmail.com

ਜਾਂਦਾ ਹੈ ਤੇ ਆਪਣੇ ਮਾਲਕ ਹਰੀ ਵਾਂਗ ਮਾਣੋਂ ਕਰਨ ਕਾਰਨ ਸਮਰੱਥ ਹੋ ਜਾਂਦਾ ਹੈ। ਇਹ ਹੈ ਉਸ ਦਾ ਸੱਚਾ, ਨਿਰਮਲ ਤੇ ਇਸ ਲਈ ਬਹਾਦਰ ਜੀਵਣ। ਇਹੋ ਸਹਜ ਦੇ ਜੀਵਣ ਦਾ ਇਕ ਪਖ ਹੈ ਜੋ ਅਸੀਂ ਪਿਛੇ ਵੇਖ ਆਏ ਹਾਂ (ਪਉੜੀ ੭ ਵਿਚ)।

# ਪਉੜੀ (੧੨)

ਲਾਜ ਮਰੰਤੀ ਮਰਿ ਗਈ ਘੂਘਟੁ ਖੋਲਿ ਚਲੀ ॥
ਸਾਸ ਦਿਵਾਨੀ ਬਾਵਰੀ ਸਿਰ ਤੇ ਸੰਕ ਟਲੀ ॥
ਪ੍ਰੇਮਿ ਬੁਲਾਈ ਰਲੀ ਸਿਉ ਮਨ ਮਹਿ ਸਬਦੁ ਅਨੰਦੁ ॥
ਲਾਲਿ ਰਤੀ ਲਾਲੀ ਭਈ ਗੁਰਮੁਖਿ ਭਈ ਨਿਚਿੰਦੁ ॥੧੨॥

# ਪਦ-ਅਰਥ

ਲਾਜ–ਲੋਕ ਲਾਜ; ਪ੍ਰੇਮਿ–ਪ੍ਰੇਮ ਸਰੂਪ ਹਰੀ ਨੇ; ਰਲੀ–ਪ੍ਰੇਮ ਭਾਵਨਾ ਵਿਚ; ਸਾਸ–(ਮਾਇਆ ਰੂਪ) ਸਸ; ਨਿਚਿੰਦੁ–ਨਿਸਚਿੰਤ, ਬੇਫ਼ਿਕਰ।

# ਟੀਕਾ

੧. (ਸਭ ਕੋਈ ਜਾਣਦਾ ਹੈ ਕਿ ਮਾਇਆ ਦੇ ਪ੍ਰਭਾਵ ਹੇਠ ਹੋ ਕੇ ਜੀਵ ਕਿਸ ਤਰ੍ਹਾਂ ਲੋਕ-ਲਾਜ ਦੀ ਖਾਤਰ ਬੇਹੂਦਗੀਆਂ ਕਰਦੇ ਰਹਿੰਦੇ ਹਨ ਤੇ ਕਸ਼ਟ ਵੀ ਪਾਂਦੇ ਹਨ। ਏਥੇ ਇਕ ਗੁਰਮੁਖ ਜੀਵ-ਇਸਤ੍ਰੀ ਦੇ ਅਲੰਕਾਰ ਨਾਲ ਸਮਝਾਇਆ ਗਿਆ ਹੈ ਕਿ ਜੋ ਜੀਵ-ਇਸਤ੍ਰੀ ਹਰੀ ਦੇ ਪ੍ਰੇਮ ਵਿਚ ਹੋ ਜਾਂਦੀ ਹੈ, ਉਹ ਲੋਕ-ਲਾਜ ਤਿਆਗ ਕੇ ਅਜਿਹੇ ਜੀਵਣ-ਕਰਮ ਬਣਾਉਂਦੀ ਹੈ ਜੋ ਵਿਖਾਲਾ ਜਾਂ ਬਨਾਵਟ ਨਹੀਂ ਹੁੰਦੇ। ਉਸ ਦੀਆਂ ਜੀਵਣ ਕੀਮਤਾਂ ਹੀ ਬਦਲ ਜਾਂਦੀਆਂ ਹਨ) ਉਸ ਦੀ ਬੁੱਧੀ ਜੋ ਲੋਕ-ਲਾਜ ਵਿਚ ਹੀ ਰਹਿੰਦੀ ਸੀ, ਮਰ ਜਾਂਦੀ ਹੈ ਤੇ ਉਹ ਪ੍ਰਗਟ ਹੋ ਕੇ ਆਪਣਾ ਜੀਵਣ ਗੁਜ਼ਾਰਦੀ ਹੈ (ਹਰੀ ਦੇ ਰਾਹ ਤੇ ਨਿਧੜਕ ਹੋ ਕੇ ਚਲਦੀ ਹੈ)।



Sri Satguru Jagjit Singh Ji eLibrary NamdhariElibrary@gmail.com

੨. ਉਸ ਦੀ ਮਾਇਆ-ਸਸ ਮਾਨੋਂ ਪਾਗਲ ਹੋ ਗਈ ਹੈ (ਹੁਣ ਮਾਇਆ ਦਾ ਪ੍ਰਭਾਵ ਹੀ ਨਹੀਂ ਰਿਹਾ) ਤੇ ਉਸ ਦੇ ਸਿਰ ਤੋਂ ਸਭ ਸੰਕਾ ਦੂਰ ਹੋ ਗਈ ਹੈ।

੩. ਪ੍ਰੇਮ ਸਰੂਪ ਹਰੀ-ਪਤੀ ਨੇ, ਪ੍ਰੇਮ ਭਾਵਨਾ ਵਿਚ, ਉਸ ਨੂੰ ਆਪਣੇ ਪਾਸ ਸਦ ਲਿਆ ਹੈ ਕਿਉਂਕਿ ਅਨੰਦ ਸਰੂਪ ਗੁਰ-ਸ਼ਬਦ ਉਸ ਦੇ ਮਨ ਵਿਚ ਸਥਿਰ ਹੋ ਗਿਆ ਹੋਇਆ ਹੈ ('ਸ਼ਬਦੁ ਅਨੰਦੁ' ਲਈ ਵੇਖੋ ਪਉੜੀਆਂ ੨੨ ਤੇ ੩੬)।

੪. ਪਿਆਰੇ ਹਰੀ ਦੇ ਰੰਗ (ਪ੍ਰੇਮ) ਵਿਚ ਉਹ ਲਾਲ ਹੋ ਗਈ ਹੈ ਤੇ ਗੁਰੂ ਦੁਆਰਾ ਬੇਫਿਕਰ ਹੋ ਕੇ ਜੀਵਣ-ਖੇਡ ਖੇਡਦੀ ਹੈ।

ਨੋਟ : ਵੇਖੋ, ਗੁਰੂ ਸਾਹਿਬ ਦਾ ਮਾਨਵ-ਵਾਦ ਕਿਤਨਾ ਅਲੌਕਿਕ ਹੈ। ਮਨੁੱਖ ਜਾਤੀ ਦੀ ਕੋਈ ਵੀ ਸਮਸਿਆ, ਭਾਵੇਂ ਜੀਵਣ ਦੇ ਕਿਸੇ ਵੀ ਖੇਤਰ ਨਾਲ ਸੰਬੰਧਤ ਹੋਵੇ, ਉਹਨਾਂ ਦੀਆਂ ਨਜ਼ਰਾਂ ਵਿਚ ਹੀ ਹੁੰਦੀ ਹੈ। ਏਥੇ ਲੋਕ ਲਾਜ ਦਾ ਜ਼ਿਕਰ ਹੈ ਜੋ ਸਮਾਜਕ ਖੇਤਰ ਵਿਚ ਕਿਤਨੀ ਬਰਬਾਦੀ ਦਾ ਕਾਰਨ ਬਣੀ ਹੋਈ ਹੈ ਤੇ ਕਾਮਾਦਿਕ ਬੁਰਾਈਆਂ ਵਾਂਗ ਹੀ ਇਹ ਅਧਿਆਤਮਕ ਖੇਤਰ ਵਿਚ ਵੀ ਵਿਕਾਸ ਦੇ ਰਾਹ ਵਿਚ ਰੁਕਾਵਟ ਬਣੀ ਹੁੰਦੀ ਹੈ :

## ਪਉੜੀ (੧੩)

ਲਾਹਾ ਨਾਮੁ ਰਤਨੁ ਜਪਿ ਸਾਰੁ ॥
ਲਬੁ ਲੋਭੁ ਬੁਰਾ ਅਹੰਕਾਰੁ ॥
ਲਾੜੀ ਚਾੜੀ ਲਾਇਤਬਾਰੁ ॥
ਮਨਮੁਖੁ ਅੰਧਾ ਮੁਗਧੁ ਗਵਾਰੁ ॥
ਲਾਹੇ ਕਾਰਣਿ ਆਇਆ ਜਗਿ ॥
ਹੋਇ ਮਜੂਰੁ ਗਇਆ ਠਗਾਇ ਠਗਿ ॥
ਲਾਹਾ ਨਾਮੁ ਪੂੰਜੀ ਵੇਸਾਹੁ ॥
ਨਾਨਕ ਸਚੀ ਪਤਿ ਸਚਾ ਪਾਤਿਸਾਹੁ ॥੧੩॥



Sri Satguru Jagjit Singh Ji eLibrary NamdhariElibrary@gmail.com

## ਪਦ-ਅਰਥ

ਸਾਰੁ–ਸਰੇਸ਼ਟ; ਲਾਤੀ ਚਾੜੀ–ਲਾ ਕੇ ਤੇ ਚੁਕਣ ਲਈ ਕਹੀ ਗਲ; ਲਾਇਤਬਾਰੁ–ਚੁਗਲੀ; ਮਜੂਰ–ਸੇਵਕ, ਗੁਲਾਮ; ਮੁਗਧੁ–ਮੂਰਖ; ਵੇਸਾਹੁ–ਸਿਦਕ, ਭਰੋਸਾ, ਵਿਸ਼ਵਾਸ ।

## ਟੀਕਾ

੧. ਹੇ ਜੀਵ, ਨਾਮ ਰਤਨ ਹੀ ਸਰੇਸ਼ਟ ਲਾਭ ਉਪਜਾਣ ਵਾਲਾ ਹੈ, ਨਾਮ ਨੂੰ ਹੀ ਜਪਿਆ ਕਰ ।

੨. (ਦੂਜੇ ਪਾਸੇ) ਲਬ, ਲੋਭ ਤੇ ਹੰਕਾਰ ਆਦਿਕ ਬੁਰੇ ਹਨ (ਭੈੜੇ ਹਨ, ਇਹ ਦੁਖ ਉਪਜਾਉਂਦੇ ਹਨ)

੩. ਲਾਈ ਚਾਈ ਤੇ ਚੁਗਲੀ ਵੀ ਬੁਰੇ ਹੀ ਸਮਝਿਆ ਕਰ ।

੪. ਇਹਨਾਂ ਦੇ ਅਸਰ ਹੇਠ ਤਾਂ ਮਨਮੁਖ ਹੁੰਦਾ ਹੈ ਤੇ ਇਸੇ ਲਈ ਹੀ ਉਹ ਅੰਨ੍ਹਾ ਹੈ, ਮੂਰਖ ਹੈ, ਗਵਾਰ ਹੈ ।

੫. ਇਹ ਜੀਵ ਆਇਆ ਤਾਂ ਸੰਸਾਰ ਵਿਚ ਲਾਭ ਦੀ ਖਾਤਰ ਸੀ,

੬. ਪਰ ਏਥੇ ਆ ਕੇ ਮਾਇਆ ਦਾ ਗੁਲਾਮ ਹੋ ਗਿਆ ਹੈ ਤੇ ਠਗਣੀ (ਮਾਇਆ) ਤੋਂ ਆਪਣੇ ਆਪ ਨੂੰ ਠਗਾਂਦਾ ਰਹਿੰਦਾ ਹੈ ।

੭. ਪਰ, ਜੋ ਮਨੁਖ ਸਿਦਕ (ਹਰੀ ਵਿਚ ਵਿਸ਼ਵਾਸ) ਨੂੰ ਪੂੰਜੀ ਬਣਾਂਦਾ ਹੈ, ਤੇ ਨਾਮ ਰੂਪੀ ਲਾਭ ਖਟਦਾ ਹੈ,

੮. ਹੇ ਨਾਨਕ, ਉਸ ਨੂੰ ਸਚਾ ਪਾਤਸ਼ਾਹ (ਹਰੀ) ਸੱਚੀ ਇਜ਼ਤ ਦਿੰਦਾ ਹੈ (ਮਾਇਕੀ ਲਾਭਾਂ ਤੋਂ ਉਪਜੀ ਇਜ਼ਤ ਕੋਈ ਇਜ਼ਤ ਨਹੀਂ ਹੈ) ।

ਨੋਟ:–ਪਉੜੀ ਦਾ ਸਾਰ ਇਉਂ ਦਿਤਾ ਜਾ ਸਕਦਾ ਹੈ :

'ਇਹੁ ਮਨੁ ਸਕਤੀ ਇਹੁ ਮਨੁ ਸੀਉ ॥''

(ਗਉੜੀ ਕਬੀਰ ਜੀ, ਪੰਨਾ ੩੪੨)

ਅਰਥਾਤ 'ਇਹ ਮਨ ਹੀ ਹੈ ਜੋ ਮਾਇਆ ਦਾ ਰੂਪ ਲੈ ਲੈਂਦਾ ਹੈ ਤੇ ਇਹੋ ਮਨ ਹਰੀ ਦਾ ਰੂਪ ਵੀ ਲੈ ਲੈਂਦਾ ਹੈ (ਜੇ ਇਸ ਨੂੰ ਵਲ ਆਵੰਦਾ ਹੋਵੇ।'' ਗੁਰੂ ਸਾਹਿਬ ਦਸ ਰਹੇ ਹਨ ਕਿ ਰਸਤੇ ਦੋ ਹੀ ਹਨ–ਇਕ ਮਾਇਆ ਦਾ ਤੇ ਦੂਸਰਾ ਹਰੀ ਦਾ। ਹਰੀ ਦੇ ਰੁਖ ਜਾਣ ਵਾਲੇ ਗੁਰਮੁਖਿ ਹਨ ਤੇ ਮਾਇਆ ਦੇ ਰਾਹੇ ਪਏ ਹੋਏ ਮਨਮੁਖ ਹਨ।

ਗਿਆਨਵਾਨਾਂ ਦਾ ਰਸਤਾ ਇਉਂ ਸੁਤੇ ਚਲਦਾ ਹੈ :

"ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ॥
ਅਨਦਿਨੁ ਲਾਹਾ ਹਰਿਨਾਮੁ ਲੈਨਿ ਅਖੁਟ ਭਰੇ ਭੰਡਾਰ॥''

(ਪੰਨਾ ੬੮)

ਅਰਥਾਤ : ''ਗਿਆਨਵਾਨਾਂ ਦਾ ਧਨ ਨਾਮ ਹੁੰਦਾ ਹੈ, ਜਿਸ ਦਾ ਉਹ ਸਹਜ ਵਿਚ ਹੋ ਕੇ ਵਪਾਰ ਕਰਦੇ ਹਨ (ਸਹਜ ਲਈ ਵੇਖੋ ਪਉੜੀ ੭)। ਉਹ ਰੋਜ਼ ਹੀ ਹਰੀ ਦੇ ਨਾਮ ਦਾ ਲਾਭ ਲੈਂਦੇ ਰਹਿੰਦੇ ਹਨ ਤੇ ਉਹਨਾਂ ਦੇ (ਅਧਿਆਤਮਕ) ਭੰਡਾਰੇ ਅਮੁਕ ਰਹਿੰਦੇ ਹਨ।'' ਇਹਨਾਂ ਭੰਡਾਰਿਆਂ ਕਰਕੇ ਹੀ ਉਹ ਲੋਕ ਅਤੇ ਪ੍ਰਲੋਕ ਦੋਹਾਂ ਵਿਚ ਮਾਣ ਪ੍ਰਾਪਤ ਕਰਦੇ ਹਨ।

ਅਗਲੀ ਪਉੜੀ ਵਿਚ ਵੀ ਇਹੋ ਖਿਆਲ ਚਲਦਾ ਹੈ।

## ਪਉੜੀ (੧੪)

ਆਇ ਵਿਗੂਤਾ ਜਗੁ ਜਮਪੰਥੁ॥
ਆਈ ਨ ਮੇਟਣ ਕੋ ਸਮਰਥੁ॥
ਆਥਿ ਸੈਲ ਨੀਚ ਘਰਿ ਹੋਇ॥
ਆਥਿ ਦੇਖਿ ਨਿਵੈ ਜਿਸੁ ਦੋਇ॥
ਆਥਿ ਹੋਇ ਤਾ ਮੁਗਧੁ ਸਿਆਨਾ॥
ਭਗਤਿ ਬਿਹੂਨਾ ਜਗੁ ਬਉਰਾਨਾ॥
ਸਭ ਮਹਿ ਵਰਤੈ ਏਕੋ ਸੋਇ॥
ਜਿਸ ਨੋ ਕਿਰਪਾ ਕਰੇ ਤਿਸੁ ਪਰਗਟੁ ਹੋਇ॥੧੪॥



Sri Satguru Jagjit Singh Ji eLibrary NamdhariElibrary@gmail.com

## ਪਦ-ਅਰਥ

ਵਿਗੂਤਾ–ਖਰਾਬ ਹੋਇਆ; ਆਈ–ਮਾਇਆ, ਧਨ–ਦੌਲਤ; ਸੈਲ–ਪਹਾੜ, ਪਹਾੜ ਜਿੰਨੀ ਵਡੀ, ਭਾਵ ਚੋਖੀ। ਬਿਹੂਨਾ–ਖਾਲੀ; ਬਉਰਾਨਾ–ਸੁਦਾਈ।

## ਟੀਕਾ

੧. ਇਹ ਜਗਤ (ਹਰੀ ਦਾ ਰਸਤਾ ਛਡ ਕੇ ਮਾਇਆ ਦਾ ਰਸਤਾ) ਜਮ ਦਾ ਰਸਤਾ ਫੜਦਾ ਹੈ,

੨. (ਹਾਲਾਂਕਿ) ਮਾਇਆ ਦੇ ਅਸਰ ਨੂੰ ਮੇਟਣ ਦੀ ਸਮਰਥਾ ਵੀ ਇਸ ਪਾਸ ਨਹੀਂ ਹੁੰਦੀ।

੩. (ਪਰ ਵੇਖੋ, ਮਾਇਆ ਦਾ ਪ੍ਰਭਾਵ ਕਿਸ ਹਦ ਤੱਕ ਦੁਨੀਆਂ ਕਬੂਲਦੀ ਹੈ:) ਜੇ ਕਿਸੇ ਨੀਚ ਦੇ ਘਰ ਵੀ ਇਹ ਮਾਇਆ ਬਹੁਤੀ ਹੋ ਜਾਵੇ,

੪. ਤਾਂ ਉਸ ਮਾਇਆ ਨੂੰ ਵੇਖ ਕੇ ਅਮੀਰ ਤੇ ਗਰੀਬ ਦੋਵੇਂ ਹੀ ਉਸ ਅਗੇ ਨਿਵੰਦੇ ਹਨ (ਖੁਸ਼ਾਮਦ ਕਰਦੇ ਹਨ)।

੫. (ਏਥੋਂ ਤੱਕ ਕਿ) ਜੇ ਕਿਸੇ ਮੂਰਖ ਪੁਰਖ ਪਾਸ ਭੀ ਮਾਇਆ ਆ ਗਈ ਹੋਵੇ ਤਾਂ ਉਹ ਵੀ ਸਿਆਣਾ ਹੀ ਸਮਝਿਆ ਜਾਂਦਾ ਹੈ ('ਜਿਸ ਦੇ ਘਰ ਦਾਣੇ, ਉਹ ਕਮਲੇ ਵੀ ਸਿਆਣੇ', ਇਉਂ ਆਮ ਲੋਕਾਂ ਦੀ ਬੋਲੀ ਵਿਚ ਇਹੋ ਗੱਲ ਆਖੀ ਜਾਂਦੀ ਹੈ, ਜਿਸ ਦਾ ਤਰਜਮਾ ਹੀ ਗੁਰੂ ਸਾਹਿਬ ਏਥੇ ਕਰ ਰਹੇ ਸਮਝਣੇ ਚਾਹੀਦੇ ਹਨ)।

੬. (ਅਸਲ ਬਾਤ ਇਹ ਹੈ ਕਿ) ਭਗਤੀ ਤੋਂ ਬਿਨਾਂ ਸਾਰਾ ਜਗਤ ਸੁਦਾਈ ਹੋਇਆ ਫਿਰਦਾ ਹੈ (ਕਿਉਂਕਿ ਜੀਵਣ ਕੀਮਤਾਂ ਹੀ ਉਲਟ ਪੁਲਟ ਹੋ ਜਾਂਦੀਆਂ ਹਨ)।

੭. (ਸੋ ਮਿੱਤਰੋ, ਆਪਣੇ ਅੰਦਰੋਂ ਹਰੀ ਨੂੰ ਲੱਭ ਕੇ ਸਹੀ



Sri Satguru Jagjit Singh Ji eLibrary NamdhariElibrary@gmail.com

ਅਰਥਾਂ ਵਿਚ, ਅਮੀਰ ਹੋ ਜਾਉ) ਉਹ ਤੁਹਾਥੋਂ ਦੂਰ ਨਹੀਂ, ਜੋ ਤੁਹਾਡੇ ਸਭ ਦੇ ਅੰਦਰ ਹੀ ਵਸਦਾ ਹੈ।

੮. ਪਰ ਜਿਸ ਵਡਭਾਗੀ ਉਤੇ ਉਹ ਕ੍ਰਿਪਾ ਕਰਦਾ ਹੈ, ਉਸ ਦੇ ਹੀ ਅੰਦਰ ਉਹ ਪ੍ਰਗਟ ਹੁੰਦਾ ਹੈ (ਤੇ ਸਹੀ ਰਸਤੇ ਤੋਰਦਾ ਹੈ)।

ਨੋਟ : ਪਾਠਕ ਵੇਖ ਸਕਦੇ ਹਨ ਕਿ ਨਾਮ ਕੀ ਹੈ, ਇਸ ਤੋਂ ਕੀ ਫਲ ਉਪਜਦੇ ਹਨ ਤੇ ਇਸ ਦੀ ਘਾਟ ਕਿਵੇਂ ਹਾਨੀਕਾਰਕ ਹੁੰਦੀ ਹੈ, ਇਨ੍ਹਾਂ ਸਾਰੇ ਪਖਾਂ ਉਤੇ ਕਿਸੇ ਇਕ ਪਉੜੀ ਵਿਚ ਵਿਚਾਰ ਨਹੀਂ ਸੀ ਕੀਤੀ ਜਾ ਸਕਦੀ ਤੇ ਨਾ ਹੀ ਕੀਤੀ ਗਈ ਹੈ ? ਨਾਮ ਦੇ ਸਾਰੇ ਪਖਾਂ ਨੂੰ ਵੱਖ ਵੱਖ ਪਉੜੀਆਂ ਵਿਚ ਜਗਿਆਸੂਆਂ ਦੇ ਤਜਰਬਿਆਂ ਦੇ ਆਧਾਰ ਤੇ ਵਿਖਾਇਆ ਜਾ ਰਿਹਾ ਹੈ। ਨਾਮ ਸਬੰਧੀ ਕੁਝ ਪਉੜੀਆਂ ਅਗਾਂਹ ਵੀ ਆਉਣਗੀਆਂ, ਜਿਨ੍ਹਾਂ ਵਿਚ ਪਉੜੀ ੫੧ ਖ਼ਾਸ ਤੌਰ ਤੇ ਨੋਟ ਕਰਨ ਵਾਲੀ ਹੈ। ਇਸ ਵਿਚ ਨਾਮ ਦੀ ਵਿਆਖਿਆ ਕੁਝ ਵਧੇਰੇ ਹੈ। ਪਉੜੀ ੨੦ਵੀਂ ਵਿਚ ਨਾਮ ਨਾਲ ਸੰਬੰਧਤ ਸਗੁਨ ਸਮਾਧੀ ਦਾ ਪਖ ਦਿਤਾ ਗਿਆ ਹੈ।

## ਪਉੜੀ (੧੫)

ਜੁਗਿ ਜੁਗਿ ਥਾਪਿ ਸਦਾ ਨਿਰਵੈਰੁ ॥
ਜਨਮਿ ਮਰਣਿ ਨਹੀ ਧੰਧਾ ਧੈਰੁ ॥
ਜੋ ਦੀਸੈ ਸੋ ਆਪੇ ਆਪਿ ॥
ਆਪਿ ਉਪਾਇ ਆਪੇ ਘਟ ਥਾਪਿ ॥
ਆਪਿ ਅਗੋਚਰੁ ਧੰਧੈ ਲੋਈ ॥
ਜੋਗ ਜੁਗਤਿ ਜਗਜੀਵਨੁ ਸੋਈ ॥
ਕਰਿ ਆਚਾਰੁ ਸਚੁ ਸੁਖੁ ਹੋਈ ॥
ਨਾਮ ਵਿਹੂਣਾ ਮੁਕਤਿ ਕਿਵ ਹੋਈ ॥੧੫॥



Sri Satguru Jagjit Singh Ji eLibrary NamdhariElibrary@gmail.com

## ਪਦ-ਅਰਥ

ਧੰਧਾ ਧੈਰੁ–ਧੰਧਿਆਂ ਵਿਚ ਧਾਵੰਦਾ (ਭਟਕਦਾ) ਫਿਰਦਾ ਹੈ, ਘਟ–ਘਟਾਂ (ਦਿਲਾਂ) ਵਾਲੇ ਜੀਵਾਂ ਦੇ ਤੌਰ ਤੇ; ਅਗੋਚਰੁ–ਮਨ, ਇੰਦ੍ਰਿਆਂ ਦੀ ਪਹੁੰਚ ਤੋਂ ਪਰੇ; ਲੋਈ–ਲੋਕਾਈ, ਜਗਤ; ਅਚਾਰੁ– ਜੀਵਨ ਕਰਮ।

## ਟੀਕਾ

੧. ਹਰੀ ਜੁਗਾਂ ਜੁਗਾਂ ਵਿਚ ਜੀਵਾਂ ਨੂੰ ਥਾਪ (ਬਣਾ) ਕੇ ਆਪ ਸਦਾ ਹੀ ਨਿਰਵੈਰ ਰਹਿੰਦਾ ਹੈ (ਪਰ ਜੀਵ ਕਿਉਂ ਨਿਰਵੈਰ ਨਹੀਂ ਹੁੰਦੇ ? ਵੇਖੋ ਨੋਟ)

੨. ਉਹ ਆਪ ਨ ਜਨਮ ਵਿਚ ਹੈ ਨ ਮਰਣ ਵਿਚ ਹੈ ਤੇ ਨ ਧੰਧਿਆਂ ਵਿਚ ਭਟਕਦਾ ਫਿਰਦਾ ਹੈ, ਜਿਵੇਂ ਜੀਵ ਭਟਕਦੇ ਫਿਰਦੇ ਹਨ (ਸਵਾਲ ਉਪਜਦਾ ਹੈ ਕਿ ਜੀਵ ਕਿਉਂ ਭਟਕਦੇ ਹਨ ਜਦੋਂ ਕਿ :)

੩. ਜੋ ਕੁਝ ਵੀ ਦਿਸ ਰਿਹਾ ਹੈ ਉਹ ਸਭ ਹਰੀ ਹੀ ਆਪੇ ਆਪ ਹੈ।

੪. ਆਪ ਹੀ ਸਭਨਾਂ ਨੂੰ ਉਪਜਾ ਕੇ ਆਪ ਹੀ ਉਹਨਾਂ ਨੂੰ ਦਿਲਾਂ ਵਾਲੇ ਜੀਵਾਂ ਦੇ ਤੌਰ ਤੇ ਅਸਥਾਪਨ ਕਰਦਾ ਹੈ (ਪਰ ਉਸ ਨੇ ਜੀਵਾਂ ਨੂੰ ਵਖਰੇ ਵਖਰੇ ਰਾਹੀਂ ਕਿਉਂ ਤੋਰ ਦਿਤਾ ਹੈ ? ਵੇਖੋ ਨੋਟ)

੫. ਆਪ ਹੀ ਸਭਨਾਂ ਨੂੰ ਜਗਤ ਧੰਧਿਆਂ ਵਿਚ ਪਾ ਕੇ, ਆਪ ਮਨ ਇੰਦ੍ਰਿਆਂ ਤੋਂ ਹੀ ਉਚੇਰਾ ਹੋ ਕੇ ਰਹਿੰਦਾ ਹੈ (ਇਹ ਕਿਉਂ ? ਵੇਖੋ ਨੋਟ)

੬. (ਪਰ ਇਸ ਦੇ ਬਾਵਜੂਦ ਵੀ) ਉਹੋ, ਸਾਰੇ ਜਗਤ ਦਾ ਜੀਵਣ, ਜੁੜਨ ਦੀ ਜੁਗਤਿ ਆ ਜਾਣ ਨਾਲ ਲੱਭ ਵੀ ਪੈਂਦਾ ਹੈ।

੭. ਹੇ ਜੀਵ, ਜੇ ਤੂੰ ਸਚ ਨੂੰ ਹੀ ਆਪਣਾ ਜੀਵਨ-ਕਰਮ ਬਣਾ



Sri Satguru Jagjit Singh Ji eLibrary NamdhariElibrary@gmail.com

ਲਵੇਂ ਤਾਂ ਤੂੰ ਸੁਖ ਪ੍ਰਾਪਤ ਕਰ ਲਵੇਂਗਾ (ਸੁਖ ਸਰੂਪ ਸਚੇ ਹਰੀ ਦੇ ਅੰਦਰ ਆ ਵਸਣ ਨਾਲ, ਨਾਮ ਦੁਆਰਾ),

੮. ਕਿਉਂਕਿ ਜੋ ਵੀ ਮਨੁੱਖ ਨਾਮ ਤੋਂ ਬਿਨਾਂ ਹੋਵੇਗਾ ਉਹ ਮੁਕਤ ਕਿਵੇਂ ਹੋ ਸਕੇਗਾ ? (ਨਹੀਂ ਹੋ ਸਕੇਗਾ, ਵੇਖੋ ਪਉੜੀ ੨੩)।

ਨੋਟ : ਇਸ ਪਉੜੀ ਨਾਲ ਪਉੜੀਆਂ ੫ ਤੇ ੭ ਦੋਵੇਂ ਰਲਾ ਕੇ ਵੇਖੋ। ਇਨ੍ਹਾਂ ਸਭਨਾਂ ਦਾ ਭਾਵ ਇਹ ਹੈ ਕਿ ਸਾਰਾ ਦਿਸਦਾ ਪਿਸਦਾ ਸੰਸਾਰ ਹਰੀ ਦਾ ਆਪਣਾ ਹੀ ਪ੍ਰਗਟਾਵਾ ਹੈ। ਇਸ ਨਜ਼ਰ ਵਿਚ, ਨਿਰਾ ਮਨੁੱਖ-ਮਾਤ੍ਰ ਨਹੀਂ, ਸਭ ਜੀਵ ਜੰਤ, ਸਭ ਰੁੱਖ ਬਿਰਖ, ਬਨਸਪਤੀ, ਸਭ ਪਦਾਰਥਕ ਸੰਸਾਰ, ਜੋ ਜ਼ਾਹਿਰਾ ਤੌਰ ਤੇ ਨਿਰਜਿੰਦ ਹੀ ਦਿਸਦਾ ਹੈ, ਉਸ ਦਾ ਹੀ ਜ਼ਹੂਰ, ਪ੍ਰਗਟਾਵਾ ਹੈ ਤੇ ਇਸ ਲਈ ਸਾਰੇ ਸੰਸਾਰ ਨਾਲ ਜੀਵਾਂ ਦੀ ਇਕ ਅਸਚਰਜ ਤੇ ਵਿਸ਼ਾਲ ਸਾਂਝ ਬਣ ਗਈ ਹੈ :

'ਸਰਬ ਭੂਤ ਆਪਿ ਵਰਤਾਰਾ ॥
ਸਰਬ ਨੈਨ ਆਪਿ ਪੇਖਨਹਾਰਾ ॥'

(ਗਉੜੀ ਮਹਲਾ ੫, ਪੰਨਾ ੨੯੪)

ਅਰਥਾਤ 'ਸਭ ਸਰੀਰਾਂ ਵਿਚ ਆਪਿ ਵਰਤ ਰਿਹਾ ਹੈ, ਸਭ ਨੈਣਾਂ ਵਿਚ ਵੇਖਣ ਵਾਲਾ ਆਪ ਹੀ ਹੈ।' ਖਾਸ ਤੌਰ ਤੇ ਇਸ ਪ੍ਰਗਟਾਵੇ ਵਿਚ ਮਾਨਵ-ਜਾਤੀ ਦੀ ਏਕਤਾ ਦੀ ਕਿਤਨੀ ਵਿਸ਼ਾਲ ਸਾਂਝ ਉਪਜ ਸਕਣੀ ਚਾਹੀਦੀ ਹੈ। ਸਭ ਇਨਸਾਨ ਉਸ ਦਾ ਹੀ ਰੂਪ ਹਨ, ਉਸ ਦਾ ਹੀ ਨਾਮ ਹਨ, ਫਿਰ ਵਿਖੇਵੇਂ ਦੀ ਕਿਥੇ ਗੁੰਜਾਇਸ਼ ਰਹਿ ਜਾਣੀ ਹੋਈ ?

'ਏਕ ਮਹਲਿ ਤੂੰ ਪੰਡਿਤੁ ਬਕਤਾ ਏਕ ਮਹਲਿ ਖਲੁ ਹੋਤਾ ॥
ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ ਏਕ ਮਹਲਿ ਕਛੂ ਨ ਲੇਤਾ ॥'

(ਗਉੜੀ ਮਹਲਾ ੫, ਪੰਨਾ ੨੦੬)

ਅਰਥਾਤ 'ਇਕ ਸਰੀਰ ਅੰਦਰ ਤੂੰ ਵਖਿਆਨੀ ਪੰਡਿਤ ਹੈਂ ਤੇ ਦੂਜੇ ਵਿਚ ਮੂਰਖ ਹੋ ਜਾਂਦਾ ਹੈਂ। ਇਕ ਸਰੀਰ ਵਿਚ ਤੂੰ ਆਪਣੇ



Sri Satguru Jagjit Singh Ji eLibrary NamdhariElibrary@gmail.com

ਲਈ ਸਭ ਕੁਝ ਇਕੱਠਾ ਕਰਨ ਵਾਲਾ ਹੈਂ ਤੇ ਦੂਜੇ ਵਿਚ ਪੂਰਾ ਤਿਆਗੀ ਹੋ ਕੇ ਵਰਤਦਾ ਹੈਂ।" ਗੁਰੂ ਨਾਨਕ ਦੇਵ ਜੀ ਇਸੇ ਭਾਵਨਾ ਵਿਚ ਇਉਂ ਵੀ ਬੋਲੇ ਸਨ :

'ਸਿਰੁ ਨਾਨਕ ਲੋਕਾ ਪਾਵ ਹੈ ॥
ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥'

(ਬਸੰਤ ਮ: ੧, ਪੰਨਾ ੧੧੬੮)

'ਨਾਨਕ ਦਾ ਸਿਰ ਸਭ ਲੋਕਾਂ ਦੇ ਪੈਰਾਂ ਹੇਠ ਹੈ, ਕਿਉਂਕਿ ਉਸ ਨੂੰ ਸਾਰੇ ਹੀ ਜੀਵ ਉਸ ਹਰੀ ਦਾ ਹੀ ਨਾਮ ਹੋ ਕੇ (ਹਰੀ ਦਾ ਹੀ ਆਪਣਾ ਆਪ ਹੋ ਕੇ) ਦਿਸੇ ਹਨ ਤੇ ਇਸ ਲਈ ਹੀ ਨਾਨਕ ਸਭ ਮਨੁੱਖ ਜਾਤੀ ਤੋਂ ਸਦਕੇ ਹੋ ਹੋ ਜਾਂਦਾ ਹੈ।' ਇਹ ਏਕਤਾ ਦੀ ਨਜ਼ਰ ਹੈ, ਜਿਸ ਵਿਚ ਬੇਗਾਨਾ ਕੋਈ ਰਹਿ ਹੀ ਨਹੀਂ ਜਾਂਦਾ ਪਰ ਇਉਂ ਦਿਸਦਾ ਤਾਂ ਤਦੋਂ ਹੀ ਹੈ ਜਦੋਂ :

'ਜਿਸੁ ਨਾਮੁ ਰਿਦੈ ਤਿਸੁ ਵਡ ਪਰਵਾਰਾ ॥'

(ਭੈਰਉ ਮਹਲਾ ੫, ਪੰਨਾ ੧੧੫੬)

ਜਿਸ ਦਿਲ ਅੰਦਰ ਹਰੀ, ਨਾਮ ਦੁਆਰਾ, ਆ ਵਸਦਾ ਹੈ, ਉਸ ਦੀ ਸਾਰੀ ਦੁਨੀਆਂ, ਆਪਣਾ ਹੀ ਟਬਰ, ਹੋ ਜਾਂਦੀ ਹੈ। ਫਿਰ :

'ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥
ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥'

(ਸਿਰੀ ਰਾਗ ਮਹਲਾ ੧ ਪੰਨਾ ੬੨)

'ਸਭ ਕੋਈ ਚੰਗਾ ਹੈ, ਮਾੜਾ ਕੋਈ ਵੀ ਨਹੀਂ। ਕਿਉਂ? ਇਸ ਲਈ ਕਿ ਸਾਰੇ ਸਰੀਰ ਇਕੋ ਹਰੀ ਤੋਂ ਬਣੇ ਹਨ ਤੇ ਇਕ ਉਸੇ ਦਾ ਹੀ ਚਾਨਣ ਤਿੰਨਾਂ ਲੋਕਾਂ ਵਿਚ ਹੈ।'

ਗੁਰੂ ਸਾਹਿਬ ਦਸਣਾ ਚਾਹੁੰਦੇ ਹਨ ਕਿ ਇਸ ਬੁਨਿਆਦ ਉਤੇ ਹੀ ਸੰਸਾਰ ਅੰਦਰ ਵਰਤੋਂ ਹੋਣੀ ਚਾਹੀਦੀ ਹੈ। ਫਿਰ ਆਰਥਕ, ਸਮਾਜਕ, ਰਾਜਨੀਤਕ ਤੇ ਹੋਰ ਸਭ ਖੇਤਰਾਂ ਵਿਚ ਏਕਤਾ ਵਰਤਣੀ ਚਾਹੀਦੀ ਹੈ ਤੇ ਵਿਖੇਵੇਂ, ਕਿਸੇ ਵੀ ਸ਼ਕਲ ਵਿਚ, ਨਹੀਂ ਦਿਸਣੇ



Sri Satguru Jagjit Singh Ji eLibrary NamdhariElibrary@gmail.com

ਚਾਹੀਦੇ। ਏਥੋਂ ਤੱਕ ਅਸਾਂ ਪਉੜੀ ਦੇ ਇਕ ਪਖ ਉਤੇ ਹੀ ਟਿਪਣੀ ਕੀਤੀ ਹੈ ਤੇ ਕੁਝ ਸਿਟੇ ਵੀ ਕਢੇ ਹਨ ਪਰ ਪਉੜੀ ਦਾ ਇਕ ਪਖ ਇਹ ਵੀ ਹੈ ਕਿ ਹਰੀ ਨੇ ਆਪ ਹੀ ਜੀਵਾਂ ਨੂੰ ਉਪਾਇਆ ਤੇ ਅਸਥਾਪਨ ਕੀਤਾ ਹੈ। ਇਸ ਦਾ ਇਹ ਅਰਥ ਹੋਇਆ ਕਿ ਜਿਸ ਨੂੰ ਅਸੀਂ ਬੁਰਾਈ ਕਹਿੰਦੇ ਹਾਂ, ਉਹ ਵੀ ਉਸ ਤੋਂ ਹੀ ਉਪਜੀ ਹੈ। ਸਮੁੱਚੀ ਰਚਨਾ ਵਿਚ, ਅਰਥਾਤ ਉਸ ਦੀ ਵਿਉਂਤ ਵਿਚ, ਇਸ ਅਖੌਤੀ ਬੁਰਾਈ ਦੀ ਵੀ ਕੋਈ ਲੋੜੀਂਦੀ ਥਾਂ ਹੋਣੀ ਹੈ, ਕਿਉਂਕਿ ਉਸ ਸਰਬ ਸਮਰਥ ਤੇ ਸੰਪੂਰਨ ਪਾਰਬ੍ਰਹਮ ਤੋਂ ਬੁਰਾਈ ਨਿਕਲ ਹੀ ਨਹੀਂ ਸਕਣੀ ਚਾਹੀਦੀ:

'ਇਸ ਤੇ ਹੋਇ ਸੁ ਨਾਹੀ ਬੁਰਾ ॥' (ਗਉੜੀ ਮਹਲਾ ੫)

ਅਰਥਾਤ 'ਜੋ ਵੀ ਹਰੀ ਤੋਂ ਹੁੰਦਾ ਹੈ ਉਹ ਬੁਰਾ ਨਹੀਂ ਹੋ ਸਕਦਾ।' ਇਹ ਸੰਸਾਰ ਉਸ ਦੀ ਲੀਲ੍ਹਾ ਹੈ, ਮੌਜ ਹੈ, ਉਸ ਦੇ ਅਨੰਦ ਵਿਚੋਂ ਨਿਕਲੀ ਹੈ। ਵਡਿਆਂ ਦੇ ਅਨੰਦ ਕੋਈ ਹੌਲੇ ਜਿਹੇ ਅਨੰਦ ਨਹੀਂ ਹੁੰਦੇ, ਉਹਨਾਂ ਦਾ ਕੋਈ ਮਨੋਰਥ ਹੁੰਦਾ ਹੈ। ਜਿਸ ਨੂੰ ਸੰਸਾਰ ਬੁਰਾਈ ਕਹਿੰਦਾ ਹੈ, ਉਸ ਬੁਰਾਈ ਦੀ ਮਨੁੱਖੀ ਵਿਕਾਸ ਲਈ ਲੋੜ ਹੁੰਦੀ ਹੈ। ਦੁੱਖ ਨੂੰ ਬੁਰਾਈ ਸਮਝ ਲਿਆ ਜਾਂਦਾ ਹੈ ਪਰ ਦੁੱਖਾਂ ਕਲੇਸ਼ਾਂ ਵਿਚੋਂ ਲੰਘ ਕੇ ਹੀ ਸ਼ਖਸੀਅਤ ਦਾ ਬਨਣ ਬਨਾਣ ਤੇ ਪਕਣ ਪਕਾਣ ਚਲਦਾ ਹੈ। ਜਿਵੇਂ ਪਹਿਲਵਾਨ ਸਰੀਰਕ ਕਸਰਤਾਂ ਦੁਆਰਾ ਤੇ ਵਿਰੋਧੀਆਂ ਨਾਲ ਘੁਲ ਕੇ ਹੀ ਆਪਣਾ ਜਿਸਮ ਪਕਾਂਦਾ ਹੈ ਤਿਵੇਂ ਮਾਨਸਿਕ ਤੇ ਆਤਮਕ ਉਸਾਰੀ ਲਈ ਬੁਰਾਈ ਨਾਲ ਘੁਲਣਾ ਵਿਕਾਸ ਤੇ ਉਨਤੀ ਲਈ ਜ਼ਰੂਰੀ ਹੁੰਦਾ ਹੈ। ਮਾਇਆ ਠੀਕ ਬੁਰਾਈ ਹੀ ਗਿਣੀ ਜਾਂਦੀ ਹੈ ਪਰ:

'ਮਾਇਆ ਤ ਮੋਹਣੀ ਤਿਨੈ ਕੀਤੀ'
(ਰਾਮਕਲੀ ਮਹਲਾ ੩, ਪੰਨਾ ੯੧੮)

ਮਾਇਆ ਦੇ ਅਸਰਾਂ ਨੂੰ ਆਪਣੇ ਯਤਨਾਂ ਨਾਲ ਜ਼ਾਇਲ ਕਰਕੇ ਹੀ ਸ਼ਖ਼ਸੀਅਤ ਬਣਦੀ ਹੈ ਤੇ ਫਲਦੀ ਫੁਲਦੀ ਹੈ। ਜੋ ਇਸ ਤਰ੍ਹਾਂ

Sri Satguru Jagjit Singh Ji eLibrary NamdhariElibrary@gmail.com

ਕਰਦਾ ਹੈ, ਮੁੜ ਉਹ ਮਾਇਆ ਦਾ ਗ਼ੁਲਾਮ ਨਹੀਂ ਰਹਿੰਦਾ, ਸਗੋਂ ਸੁਆਮੀ ਹੋ ਜਾਂਦਾ ਹੈ। ਫਿਰ ਇਹੋ ਕਾਮ, ਕਰੋਧ ਆਦਿਕ ਸੇਵਕ ਤੇ ਗੁਲਾਮ ਹੋ ਜਾਂਦੇ ਹਨ। ਇਹਨਾਂ ਸਾਰਿਆਂ ਸੇਵਕਾਂ ਨੂੰ ਹੱਦ ਵਿਚ ਰੱਖ ਕੇ ਉਹ ਮੁਨਾਸਬ ਸੇਵਾ ਲੈਂਦਾ ਹੈ, ਹਦੋਂ ਅਗਾਂਹ ਜਾ ਕੇ ਹੀ ਇਹ ਦੁਖਦਾਇਕ ਤੇ ਹਾਨੀਕਾਰਕ ਹੋ ਜਾਂਦੇ ਹਨ। ਕਾਮ ਠੀਕ ਇਕ ਤਰ੍ਹਾਂ ਬੁਰਾਈ ਹੈ ਪਰ ਇਸ ਕਾਮ ਤੋਂ ਹੀ ਦੁਨੀਆਂ ਚਲਦੀ ਹੈ । ਕਰੋਧ ਤੋਂ ਹੀ ਬੁਰਾਈ ਨਾਲ ਘਿਰਣਾ ਹੋ ਕੇ, ਜਦੋ-ਜਿਹਦ ਚਲਦੀ ਹੈ। ਦੇਖੋ, ਕਾਮ ਤੇ ਕਰੋਧ ਦੋਹਾਂ ਦੇ ਗੁਣਕਾਰੀ ਪਖਾਂ ਦਾ ਜ਼ਿਕਰ ਇਉਂ ਵੀ ਕੀਤਾ ਗਿਆ ਹੋਇਆ ਹੈ :

"ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥"

(ਬਸੰਤ ਮਹਲਾ ੧, ਪੰਨਾ ੧੧੭੧)

ਅਰਥਾਤ 'ਕਾਮ ਕਰੋਧ ਦੋਹਾਂ ਨੂੰ ਰੰਬੇ ਬਣਾਓ ਤੇ ਸਰੀਰ ਰੂਪ ਧਰਤੀ ਨੂੰ ਗੋਡੋ।' ਜਿਵੇਂ ਧਰਤੀ ਗੋਡਨ ਸਮੇਂ, ਧਰਤੀ ਨਾਲ ਪਿਆਰ (ਜਿਸ ਤੋਂ ਕਾਮ ਜਨਮ ਲੈਂਦਾ ਹੈ) ਅਤੇ ਨਦੀਨ ਨਾਲ ਕਰੋਧ (ਘ੍ਰਿਣਾ) ਦੀ ਵਰਤੋਂ ਕੀਤੀ ਜਾਂਦੀ ਹੈ, ਤਿਵੇਂ ਸਰੀਰ ਰੂਪ ਧਰਤੀ ਨੂੰ ਸ਼ੁਧ ਕਰਨ ਲਈ ਗੁਣਾਂ ਦਾ ਪਿਆਰ ਤੇ ਅਵਗੁਣਾਂ ਦੇ ਕੱਟਣ ਲਈ ਕਰੋਧ, ਇਹ ਦੋ ਬਸੋਲੇ ਬਣਾਏ ਜਾ ਸਕਦੇ ਹਨ। ਇਸ ਤਰ੍ਹਾਂ ਮੋਹ ਭਾਵੇਂ ਇਕ ਤਰ੍ਹਾਂ ਬੁਰਾਈ ਵੀ ਹੈ, ਪਰ ਦੂਜੀ ਤਰ੍ਹਾਂ ਇਹ ਮੋਹ ਦਾ ਹੀ ਰੂਪ ਹੈ ਜੋ ਮਾਂ ਦੇ ਅੰਦਰ ਦਾਖ਼ਲ ਹੋ ਕੇ ਬੱਚਿਆਂ ਦੀ ਪਰਵਰਿਸ਼ ਦਾ ਕਾਰਨ ਬਣਦਾ ਹੈ । ਚੰਗੀਆਂ ਚੀਜ਼ਾਂ ਦੀ ਲਾਲਸਾ ਵੀ ਲੋਭ ਦੇ ਚੰਗੇ ਪੱਖ ਤੋਂ ਨਿਕਲਦੀ ਹੈ। ਹੰਕਾਰ ਠੀਕ ਬਹੁਤ ਵਡੀ ਬੁਰਾਈ ਹੈ ਪਰ ਸ੍ਵੈ-ਮਾਨ ਜਾਂ ਅਣਖ ਆਦਿਕ ਦੈਵੀ ਗੁਣ ਇਸ ਤੋਂ ਹੀ ਨਿਕਲਦੇ ਹਨ । ਸੋ, ਇਕ ਪਾਸੇ 'ਹਉਮੈ ਦੀਰਘ ਰੋਗ ਹੈ' ਤੇ ਦੂਜੇ ਪਾਸੇ 'ਦਾਰੂ ਭੀ ਇਸ ਮਾਹਿ' ਹੀ ਹੈ। ਬਾਣੀ ਵਿਚ ਮਨ ਨੂੰ ਮਾਰਨ ਦਾ ਜ਼ਿਕਰ ਵੀ ਖੁਲ੍ਹ ਕੇ ਆਂਦਾ



Sri Satguru Jagjit Singh Ji eLibrary NamdhariElibrary@gmail.com

ਰਹਿੰਦਾ ਹੈ ਪਰ ਇਸ ਦਾ ਅਰਥ ਵੀ ਮਨ ਨੂੰ ਮਾਰ ਦੇਣਾ ਨਹੀਂ ਹੈ, ਇਸ ਦੀਆਂ ਕਮਜ਼ੋਰੀਆਂ ਮਾਰਨੀਆਂ ਹਨ, ਇਸ ਦੀ ਭਟਕਣਾ ਨੂੰ ਮਾਰਨਾ ਹੈ, ਇਸ ਅੰਦਰ ਦਾਖ਼ਲ ਹੋਈ ਬੁਰਾਈ ਨੂੰ ਕੱਟਣਾ ਹੈ। ਫਿਰ :

'ਅਬ ਮਨੁ ਉਲਟਿ ਸਨਾਤਨੁ ਹੂਆ ॥'

(ਗਉੜੀ ਕਬੀਰ ਜੀ, ੩੨੭)

ਅਰਥਾਤ, 'ਹੁਣ ਮੇਰਾ ਮਨ ਪਲਟ ਕੇ ਆਪਣੀ ਪਹਿਲੀ ਹਾਲਤ ਅਰਥਾਤ ਕੁਦਰਤੀ ਹਾਲਤ ਵਿਚ ਆ ਗਿਆ ਹੈ'। ਇਨ੍ਹਾਂ ਵਿਸ਼ਾਲ ਅਰਥਾਂ ਵਿਚ ਜਗਤ ਦੀ ਸਾਰੀ ਖੇਡ ਹੁਕਮ ਦੀ ਖੇਡ ਹੁੰਦੀ ਹੈ। ਜਿਸਨੂੰ ਵਿਚਾਰ ਨਹੀਂ ਉਸ ਲਈ ਇਹ ਖੇਡ ਹੁਕਮ ਦੀ ਨਹੀਂ ਰਹਿੰਦੀ, ਹਉਮੈ ਦੀ ਖੇਡ ਬਣ ਜਾਂਦੀ ਹੈ। ਜੀਵਨ ਦਾ ਮਨੋਰਥ ਹੁਕਮੀ ਜੀਵਨ ਬਨਾਣ ਵਿਚ ਹੈ ਜੋ ਨਾਮ ਦੁਆਰਾ ਬਣਦਾ ਹੈ। ਫਿਰ ਸਾਰੇ ਕੰਮ ਕਾਜ ਸੱਚ ਉਤੇ ਅਧਾਰਤ ਹੁੰਦੇ ਹਨ। ਜੀਵਨ ਸਹਜ ਵਿਚ ਹੋ ਕੇ ਚਲਦਾ ਹੈ, ਕਰਮਾਂ ਦੇ ਬੰਧਨਾਂ ਤੋਂ ਛੁਟਕਾਰਾ ਹੋ ਜਾਣ ਨਾਲ, ਜਨਮ ਮਰਨ ਦਾ ਚੱਕਰ ਸਮਾਪਤ ਹੋ ਜਾਂਦਾ ਹੈ। ਅਗਾਂਹ ਜਾ ਕੇ, ਪਉੜੀ (੧੮) ਵਿਚ ਇਸ ਵਿਚਾਰ ਨੂੰ ਵਧੇਰੇ ਸਮਝਣ ਵਿਚ ਸਹਾਇਤਾ ਮਿਲੇਗੀ।

## ਪਉੜੀ (੧੬)

"ਵਿਣੁ ਨਾਵੈ ਵੇਰੋਧੁ ਸਰੀਰ ॥
ਕਿਉ ਨ ਮਿਲਹਿ ਕਾਟਹਿ ਮਨ ਪੀਰ ॥
ਵਾਟ ਵਟਾਊ ਆਵੈ ਜਾਇ ॥
ਕਿਆ ਲੇ ਆਇਆ ਕਿਆ ਪਲੈ ਪਾਇ ॥
ਵਿਣੁ ਨਾਵੈ ਤੋਟਾ ਸਭ ਥਾਇ ॥
ਲਾਹਾ ਮਿਲੈ ਜਾ ਦੇਇ ਬੁਝਾਇ ॥



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਵਣਜੁ ਵਾਪਾਰੁ ਵਣਜੈ ਵਾਪਾਰੀ ॥
ਵਿਣੁ ਨਾਵੈ ਕੈਸੀ ਪਤਿ ਸਾਰੀ'' ॥੧੬॥

## ਪਦ-ਅਰਥ

ਵੇਰੋਧੁ–ਖਿਚਾ ਖਿਚੀ, ਡਾਵਾਂ-ਡੋਲ ਹਾਲਤ; ਵਟਾਊ–ਮੁਸਾਫਰ; ਸਾਰੀ–ਸ੍ਰੇਸ਼ਟ।

## ਟੀਕਾ

੧. 'ਨਾਮ ਤੋਂ ਬਿਨਾਂ, ਸਰੀਰਾਂ ਅੰਦਰ (ਜੀਵਨ ਅੰਦਰ) ਡਾਵਾਂ-ਡੋਲ ਹਾਲਤ ਹੁੰਦੀ ਹੈ (ਜੀਵਨ ਸਮਤੁਲਤ ਹੋ ਕੇ ਨਹੀਂ ਚਲ ਸਕਦਾ)।

੨. ਹੇ ਭਾਈ, ਤੂੰ ਹਰੀ ਨੂੰ ਕਿਉਂ ਨਹੀਂ ਮਿਲਦਾ (ਜਿਸ ਤੋਂ ਬਿਨਾਂ ਤੂੰ ਕਦੇ ਵੀ ਸਫਲ ਜੀਵਨ ਨਹੀਂ ਜੀ ਸਕਦਾ : "ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥" ਮਾਝ ਮਹਲਾ ੧, ਪੰਨਾ ੧੪੨) ਅਤੇ ਆਪਣੀ ਸਾਰੀ ਪੀੜ ਕਟ ਲੈਂਦਾ।

੩. (ਇਹ ਜੀਵ) ਮੁਸਾਫਰ ਦੀ ਤਰ੍ਹਾਂ ਸੰਸਾਰ ਵਿਚ ਆਂਵਦਾ ਅਤੇ ਮੁੜ ਏਥੋਂ ਚਲਾ ਜਾਂਦਾ ਹੈ।

੪. ਪਰ ਇਸ ਨੂੰ ਪਤਾ ਹੀ ਨਹੀਂ ਹੁੰਦਾ ਕਿ ਕੀ ਲੈ ਕੇ ਆਇਆ ਸੀ ਤੇ ਕੀ ਖੱਟ ਕੇ ਚਲਿਆ ਹੈ (ਜੋਤਿ ਸਰੂਪ ਹੁੰਦਾ ਹੋਇਆ ਵੀ ਇਹ ਜੋਤ ਦੀ ਰੋਸ਼ਨੀ ਵਿਚ ਨਹੀਂ ਤੁਰਿਆ ਤੇ ਖਾਲੀ ਹੱਥ ਚਲਾ ਜਾਂਦਾ ਹੈ)।

੫. (ਸੱਚੀ ਬਾਤ ਇਹ ਹੈ ਕਿ) ਨਾਮ ਵਿਹਾਜਣ ਤੋਂ ਬਿਨਾਂ ਹਰ ਥਾਂ ਘਾਟਾ ਹੀ ਘਾਟਾ ਹੁੰਦਾ ਹੈ।

੬. ਪਰ ਨਾਮ ਦਾ ਲਾਹਾ ਵੀ ਤਾਂ ਹੀ ਮਿਲਦਾ ਹੈ ਜੇ ਹਰੀ, ਨਾਮ ਜਪਣ ਦੀ ਜਾਚ ਵੀ ਸਮਝਾ ਦੇਵੇ (ਕਿਉਂਕਿ 'ਸੋਈ ਰਾਮ ਸਭੈ ਕਹੈ ਸੋਈ ਕਉਤਕਹਾਰੁ')।

੭. ਇਹ ਜੀਵ ਵਪਾਰੀ ਹੈ ਤੇ ਵਣਜ-ਵਪਾਰ ਕਰਦਾ ਹੈ



Sri Satguru Jagjit Singh Ji eLibrary NamdhariElibrary@gmail.com

(ਆਪਣੀ ਰੁਚੀ ਅਨੁਸਾਰ, ਆਪਣੇ ਸੁਭਾਉ ਅਨੁਸਾਰ। ਵੇਖੋ ਅਗਲੀ ਪਉੜੀ ਵੀ)।

੮. (ਯਾਦ ਰਖੋ ਕਿ) ਨਾਮ ਦੀ ਸਹੀ ਸੂਝ ਤੋਂ ਬਿਨਾਂ ਹਰੀ ਦੀ ਦਰਗਾਹ ਵਿਚ ਕਿਵੇਂ ਕਿਸੇ ਨੂੰ ਸ੍ਰੇਸ਼ਟ ਇੱਜ਼ਤ ਮਿਲ ਸਕਦੀ ਹੈ ?

ਨੋਟ : ਪਉੜੀ ਵਿਚ ਨਾਮ ਦਾ ਸਹੀ ਤਸੱਵਰ ਕਰਾਣ ਲਈ ਸੇਧਾਂ ਦਿਤੀਆਂ ਗਈਆਂ ਹਨ।

# ਪਉੜੀ (੧੭)

"ਗੁਣ ਵੀਚਾਰੇ ਗਿਆਨੀ ਸੋਇ ॥
ਗੁਣ ਮਹਿ ਗਿਆਨੁ ਪਰਾਪਤਿ ਹੋਇ ॥
ਗੁਣਦਾਤਾ ਵਿਰਲਾ ਸੰਸਾਰਿ ॥
ਸਾਚੀ ਕਰਣੀ ਗੁਰ ਵੀਚਾਰਿ ॥
ਅਗਮ ਅਗੋਚਰੁ ਕੀਮਤਿ ਨਹੀ ਪਾਇ ॥
ਤਾ ਮਿਲੀਐ ਜਾ ਲਏ ਮਿਲਾਇ ॥
ਗੁਣਵੰਤੀ ਗੁਣ ਸਾਰੇ ਨੀਤ ॥
ਨਾਨਕ ਗੁਰਮਤਿ ਮਿਲੀਐ ਮੀਤ" ॥੧੭॥

# ਪਦ-ਅਰਥ

ਸਾਰੇ–ਸੰਭਾਲਦੀ ਹੈ, ਯਾਦ ਕਰਦੀ ਹੈ; ਨੀਤ–ਰੋਜ਼।

# ਟੀਕਾ

੧. ਗਿਆਨੀ ਉਹ ਹੁੰਦਾ ਹੈ ਜੋ (ਨਿਰਾ ਪੜ੍ਹ, ਸੁਣ ਨਹੀਂ ਛੱਡਦਾ) ਹਰੀ ਦੇ ਗੁਣਾਂ ਨੂੰ (ਹਰੀ ਦੀ ਪ੍ਰਾਪਤੀ ਲਈ, ਡੂੰਘਾਈ ਵਿਚ ਜਾ ਕੇ) ਵਿਚਾਰਦਾ ਹੈ।

੨. (ਇਸ ਤਰ੍ਹਾਂ ਕੀਤਿਆਂ) ਉਸ ਨੂੰ ਗੁਣਾਂ ਵਿਚੋਂ ਹਰੀ ਦੀ ਪ੍ਰਾਪਤੀ ਵਾਲੇ ਗੁਣਾਂ ਦਾ ਗਿਆਨ ਲੱਭਦਾ ਹੈ।

੩. ਪਰ ਸੰਸਾਰ ਵਿਚ ਕੋਈ ਵਿਰਲਾ ਹੀ ਹੁੰਦਾ ਹੈ ਜੋ



Sri Satguru Jagjit Singh Ji eLibrary NamdhariElibrary@gmail.com

(ਅਜੇਹੇ ਗੁਣ ਗ੍ਰਹਿਣ ਕਰਕੇ) ਦੂਜਿਆਂ ਨੂੰ ਗੁਣ ਦੇਣ ਲਈ ਗੁਣਾਂ ਦਾ ਦਾਤਾ ਵੀ ਹੋ ਜਾਂਦਾ ਹੈ।

੪. ਗੁਰ-ਸ਼ਬਦ ਦੀ ਵਿਚਾਰ ਦੁਆਰਾ, ਉਸ ਦੀ ਕਰਣੀ ਸੱਚੀ ਹੋ ਜਾਂਦੀ ਹੈ ਅਰਥਾਤ ਉਸ ਦੇ ਸਾਰੇ ਕੰਮ-ਕਾਜ ਸਹੀ ਸੇਧਾਂ ਲੈ ਕੇ ਤੁਰਦੇ ਹਨ (ਹੇਠਾਂ 'ਨੋਟ' ਵਿਚ ਇਸ ਦੀ ਵਿਆਖਿਆ ਵੇਖੋ)।

੫. (ਇਹ ਵੀ ਯਾਦ ਰਖੋ ਕਿ) ਜੀਵ ਅਗਮ ਅਗੋਚਰ (ਮਨ, ਇੰਦ੍ਰਿਆਂ ਦੀ ਪਹੁੰਚ ਤੋਂ ਪਰ੍ਹੇ) ਹਰੀ ਦੀ ਕੀਮਤ ਪਾ ਹੀ ਨਹੀਂ ਸਕਦਾ (ਜਿੰਨਾ ਚਿਰ ਉਹ ਮਾਇਕੀ ਸੰਸਾਰ ਦੀਆਂ ਰੁਚੀਆਂ ਤੋਂ ਉਠ ਕੇ ਉਚੇਰੀ ਸੁਰਤ ਵਿਚ ਨਹੀਂ ਅਪੜਦਾ)।

੬. ਉਹ ਮਿਲਦਾ ਵੀ ਤਾਂ ਹੀ ਹੈ ਜਦੋਂ ਉਹ ਆਪ ਹੀ ਜੀਵ ਨੂੰ ਗੁਣਾਂ ਨਾਲ ਭਾਰਾ ਗਉਰਾ ਹੋਇਆ ਵੇਖ ਕੇ ਆਪਣੇ ਨਾਲ ਮਿਲਾ ਲੈਂਦਾ ਹੈ ( : ਗੁਣ ਕਹਿ ਗੁਣੀ ਸਮਾਵਣਿਆ'। ਹੋਰ : 'ਗੁਣ ਕਹੁ ਹਰਿ ਲਹੁ'। ਪਉੜੀ ਰਾਹੀਂ ਵੀ ਏਸੇ ਰਾਹੇ ਪਾਇਆ ਜਾ ਰਿਹਾ ਹੈ, ਕਿਉਂਕਿ ਇਹ ਨਾਮ ਦਾ ਹੀ ਇਕ ਅਮੋਲਕ ਪੱਖ ਹੈ)।

੭. ਇਸੇ ਲਈ ਹੀ ਗੁਣਵਾਨ ਜੀਵ-ਇਸਤ੍ਰੀ ਸਦਾ ਉਸ ਦੇ ਗੁਣਾਂ ਨੂੰ ਹੀ ਸੰਭਾਲਦੀ ਹੈ (ਯਾਦ ਕਰ ਕਰ ਕੇ ਇਕੱਠਾ ਕਰਦੀ ਹੈ)।

੮. ਹੇ ਨਾਨਕ, ਗੁਰੂ ਦੀ ਮਤਿ ਦੁਆਰਾ ਹਰੀ-ਮਿਤ੍ਰ ਨੂੰ ਇਸ ਤਰ੍ਹਾਂ ਮਿਲ ਸਕੀਦਾ ਹੈ।

ਨੋਟ : ਪਉੜੀ ਵਿਚ ਹਰੀ ਦੇ ਗੁਣ, ਗੁਣਾਂ ਦਾ ਸਹੀ ਗਿਆਨ ਤੇ ਗਿਆਨੀ ਹੋ ਕੇ ਕੀਤੇ ਕਰਮ, ਤਿੰਨਾਂ ਦਾ ਹੀ ਇਕੱਠਾ ਸੰਖੇਪ ਵਰਣਨ ਹੈ, ਜਿਸ ਨੂੰ ਅਸੀਂ ਕੁਝ ਹੋਰ ਸਤਰਾਂ ਦੇ ਕੇ ਸਮਝਣ ਦਾ ਯਤਨ ਕਰਦੇ ਹਾਂ : 'ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥ ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥੧॥ ਚਿਤ ਚੇਤਸਿ ਕੀ ਨਹੀ ਬਾਵਰਿਆ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥' (ਮਾਰੂ ਮਹਲਾ ੧, ਪੰ: ੯੯੦)

ਅਰਥਾਤ-'ਸਾਡਾ ਮਨ ਮਾਨੋਂ ਕਾਗ਼ਜ਼ ਹੈ ਤੇ ਕਰਨੀ ਰੂਪ



Sri Satguru Jagjit Singh Ji eLibrary NamdhariElibrary@gmail.com

ਸਿਆਹੀ ਨਾਲ ਸਾਡੇ ਕੀਤੇ ਹੋਏ ਮੰਦੇ ਜਾਂ ਚੰਗੇ ਕਰਮ ਸਾਡੇ ਮਨ ਉਤੇ ਮਾਨੋ ਲਿਖੇ (ਉਕਰੇ) ਜਾਂਦੇ ਹਨ। ਸਹਜੇ ਸਹਜੇ ਇਹ ਲੇਖ ਸਾਡੀ ਕਿਰਤ (ਸੁਭਾਉ ਦਾ ਹਿੱਸਾ) ਬਣ ਜਾਂਦੇ ਹਨ। (ਇਹਨਾਂ ਕਰਮਾਂ ਦੇ ਅਸਰਾਂ ਨੂੰ ਜ਼ਾਇਲ ਕਰਨ ਲਈ ਗਿਆਨੀ ਹੋ ਕੇ, ਮਨਾਂ ਅੰਦਰ ਗੁਣ ਇਕੱਠੇ ਕਰਨ ਦੀ ਲੋੜ ਹੁੰਦੀ ਹੈ ਤੇ ਗੁਣਾਂ ਦਾ ਖ਼ਜ਼ਾਨਾ ਹਰੀ ਆਪ ਹੈ) ਸੋ, ਹੇ ਕਮਲੇ (ਇਆਣ) ਮਨ ਤੂੰ ਉਸ ਹਰੀ ਨੂੰ ਯਾਦ ਕਿਉਂ ਨਹੀਂ ਕਰਦਾ, ਜਿਸ ਦੇ ਗੁਣਾਂ ਦਾ ਕੋਈ ਅੰਤ ਵੀ ਨਹੀਂ ਹੈ ? ਯਾਦ ਰੱਖ, ਉਸ ਨੂੰ ਵਿਸਾਰਣ ਨਾਲ ਹੀ ਤੇਰੇ ਗੁਣ ਨਸ਼ਟ ਹੋਏ ਹਨ ਤੇ ਹੁਣ ਤੂੰ ਉਸ ਦਾ ਨਾਮ ਸਿਮਰ ਕੇ ਗੁਣ ਇਕੱਠੇ ਕਰ। ਤਾਂ ਹੀ ਤੇਰੀ ਕਲਿਆਣ ਹੋਸੀ। ਜਿੰਨਾ ਚਿਰ ਤੂੰ ਗੁਣਾਂ ਨਾਲ ਭਾਰਾ ਗਉਰਾ ਨਹੀਂ ਹੁੰਦਾ, ਤੂੰ ਹਰੀ ਨੂੰ ਪ੍ਰਾਪਤ ਵੀ ਨਹੀਂ ਕਰ ਸਕਦਾ ਤੇ ਜਨਮ ਮਰਣ ਵੀ ਨਹੀਂ ਮੁਕਾਅ ਸਕਦਾ।'

ਗੁਰੂ ਸਾਹਿਬ ਇਸ ਪਉੜੀ ਤੇ ਇਸ ਤੋਂ ਪਹਿਲੀ ਪਉੜੀ ਵਿਚ ਸਮਝਾ ਰਹੇ ਹਨ ਕਿ ਹਰ ਮਨੁੱਖ ਹਰੀ ਦੀ ਜੋਤਿ ਲੈ ਕੇ ਆਇਆ ਹੈ ਤੇ ਇਸ ਲਈ ਉਹ ਸਭ ਰੱਬੀ ਸ਼ਕਤੀਆਂ ਦਾ ਵੀ ਮਾਲਕ ਹੈ। ਪਰ ਇਹ ਸ਼ਕਤੀਆਂ ਉਸ ਅੰਦਰ ਬੀਜ ਰੂਪ ਵਿਚ ਹੀ ਪਈਆਂ ਹੁੰਦੀਆਂ ਹਨ ਤੇ ਇਹਨਾਂ ਨੂੰ ਹਰ ਕੋਈ ਬੋਹੜ ਦੀ ਸ਼ਕਲ ਦੇ ਸਕਦਾ ਹੈ ਜੇ ਉਸ ਨੂੰ ਨਾਮ ਦੁਆਰਾ ਜੀਵਨ ਘੜਨ ਦਾ ਵੱਲ ਆ ਗਿਆ ਹੋਵੇ। ਇਹ ਵੱਲ ਸਿਖਣਾ ਸਮਾਂ ਤੇ ਮਿਹਨਤ ਮੰਗਦੇ ਹਨ। ਪਰ ਯਾਦ ਰੱਖੋ ਕਿ ਜਿੰਨਾ ਚਿਰ ਬੀਜ ਨੂੰ ਬਟਕ ਦਾ ਰੂਪ ਨਾ ਮਿਲ ਜਾਵੇ, ਮਨੋਰਥ ਸਿਧ ਨਹੀਂ ਹੁੰਦਾ। ਜੀਵਾਂ ਦੇ ਮਨਾਂ ਦੀਆਂ ਹਾਲਤਾਂ ਆਪਣੇ ਆਪਣੇ ਕਰਮਾਂ ਦੇ ਕਾਰਨ ਅੱਡ ਅੱਡ ਹੋ ਗਈਆਂ ਹੋਈਆਂ ਹਨ ਤੇ ਉਹਨਾਂ ਹਾਲਤਾਂ ਅਨੁਸਾਰ ਜੀਵਾਂ ਦੇ ਰਾਹ ਵੀ ਅੱਡ ਅੱਡ ਹੋ ਗਏ ਹੋਏ ਹਨ। ਜੇ ਸਭ ਜੀਵਾਂ ਦਾ ਮੁੱਢ ਏਸੇ ਇਕ ਜਨਮ ਤੋਂ ਹੋਇਆ ਹੁੰਦਾ ਤਾਂ ਉਨ੍ਹਾਂ ਦੀਆਂ ਹਾਲਤਾਂ ਵੀ ਇਕ ਹੋ ਸਕਦੀਆਂ



Sri Satguru Jagjit Singh Ji eLibrary NamdhariElibrary@gmail.com

ਸਨ ਪਰ ਜੀਵ ਤਾਂ ਕਈ ਜਨਮ ਜਨਮਾਤ੍ਰੀ ਲੰਘਦੇ ਆਏ ਹਨ। ਇਸ ਲਈ ਆਪਣੇ ੨ ਕਰਮਾਂ ਅਨੁਸਾਰ ਉਹਨਾਂ ਦੇ ਮਨਾਂ ਦੀਆਂ ਹਾਲਤਾਂ ਵੀ ਅੱਡ ਅੱਡ ਹੋ ਗਈਆਂ ਹਨ। ਸੋ, ਉਨ੍ਹਾਂ ਦੇ ਪ੍ਰਸਪਰ ਵਖੇਵੇਂ, ਥੋਹੜੇ ਜਾਂ ਬਹੁਤੇ, ਕਰਮਾਂ ਦਾ ਨਤੀਜਾ ਹਨ ਤੇ ਇਸੇ ਲਈ ਉਹਨਾਂ ਦੇ ਰਾਹ ਵੀ ਅੱਡ ਅੱਡ ਹੋ ਗਏ ਹਨ :

"ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ" (ਪੰਨਾ ੯੯੦) ਦਾ ਇਹੋ ਅਰਥ ਹੈ।

ਹੋਰ : "ਨਕਿ ਨਥ ਖਸਮ ਹਥਿ ਕਿਰਤੁ ਧਕੇ ਦੇ ॥"

(ਸੋਰਠਿ ਮਹਲਾ ੨, ਪੰਨਾ ੬੫੩)

ਤੇ ਬਚਾਉ ਹੁੰਦਾ ਹੈ ਨਾਮ ਦੁਆਰਾ, ਜਿਵੇਂ ਪਉੜੀਆਂ ਵਿਚ ਸਮਝਾਇਆ ਗਿਆ ਹੈ।

## ਪਉੜੀ (੧੮)

"ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥
ਜਿਉ ਕੰਚਨ ਸੋਹਾਗਾ ਢਾਲੈ ॥
ਕਸਿ ਕਸਵਟੀ ਸਹੈ ਸੁ ਤਾਉ ॥
ਨਦਰਿ ਸਰਾਫ ਵੰਨੀ ਸਚੜਾਉ ॥
ਜਗਤੁ ਪਸੂ ਅਹੰ ਕਾਲੁ ਕਸਾਈ ॥
ਕਰਿ ਕਰਤੈ ਕਰਣੀ ਕਰਿ ਪਾਈ ॥
ਜਿਨਿ ਕੀਤੀ ਤਿਨਿ ਕੀਮਤਿ ਪਾਈ ॥
ਹੋਰ ਕਿਆ ਕਹੀਐ ਕਿਛੁ ਕਹਣੁ ਨ ਜਾਈ" ॥੧੮॥

## ਪਦ-ਅਰਥ

ਕਉ ਗਾਲੈ–ਕਉ ਉਗਾਲੈ (ਉ ਦਾ ਉਚਾਰਨ ਦੋਹੀਂ ਪਾਸੀਂ ਹੋ ਕੇ, ਜਿਵੇਂ ਸਤਰ ਚੌਥੀ ਵਿਚ ਸਚੜਾਉ ਨੂੰ ਸਚ ਚੜਾਉ ਕੀਤਾ ਗਿਆ ਹੈ। ਗੁਰੂ ਸਾਹਿਬ ਦੀ ਸੰਕੁਚਵੀ ਸ਼ੈਲੀ ਏਸੇ ਤਰ੍ਹਾਂ ਹੋਰ ਥਾਈ ਵੀ ਪ੍ਰਗਟ ਹੁੰਦੀ ਰਹਿੰਦੀ ਹੈ, ਜਿਵੇਂ : 'ਕਿਆ ਭਵੀਐ ਸਚਿ ਸੂਚਾ ਹੋਇ' ਵਿਚ ਸ਼ਬਦ ਸਚਿ ਦੋਹੀਂ ਪਾਸੀਂ ਲੱਗਦਾ ਹੈ। ਸੋ, ਗਾਲੈ ਦਾ ਅਰਥ



Sri Satguru Jagjit Singh Ji eLibrary NamdhariElibrary@gmail.com

ਹੈ–ਉਗਾਲ ਦੇਂਦਾ ਹੈ, ਸੋਧਕੇ ਨਵਾਂ ਨਿਰੋਆ ਕੁਦਰਤੀ ਰੂਪ ਦੇ ਦੇਂਦਾ ਹੈ। 'ਗਾਲੈ' ਸ਼ਬਦ ਦਾ ਇਕ ਹੋਰ ਅਰਥ ਹੈ 'ਗਾਲ ਸੁਟਦਾ ਹੈ', 'ਨਸ਼ਟ ਕਰ ਦਿੰਦਾ ਹੈ', ਜਿਵੇਂ ਪਾਣੀ ਵਿਚ ਪਈ ਹਰ ਚੀਜ਼ ਨੂੰ ਪਾਣੀ ਗਾਲ ਸੁਟਦਾ ਹੈ। ਏਥੇ, ਇਸ ਨੂੰ 'ਉਗਾਲੈ' ਦੇ ਅਰਥਾਂ ਵਿਚ ਲੈਣਾ ਹੈ, ਜਿਵੇਂ ਕਹਾਵਤ ਵੀ ਹੈ : 'ਫਗਨ ਦੀ ਫਗਾਲੀ, ਕੁਚਜੀ ਮੈਲ ਉਗਾਲੀ'। ਪਹਿਲਾ ਅਰਥ ਤਾਂ ਏਥੇ ਢੁਕਦਾ ਹੀ ਨਹੀਂ ਹੈ ਤੇ ਦੂਜਾ 'ਸੋਧਨ', ਮੈਲ ਧੋ ਕੇ ਕੁਦਰਤੀ ਰੂਪ ਦੇਣ' ਦੇ ਅਰਥਾਂ ਵਿਚ ਠੀਕ ਬੈਠਦਾ ਹੈ। ਕਾਮ-ਕਰੋਧ ਨੇ ਉਂਞ ਤਾਂ ਮਨੁੱਖੀ ਜੀਵਨ ਨੂੰ ਗ਼ੈਰ-ਕੁਦਰਤੀ ਕੀਤਾ ਹੋਇਆ ਹੈ ਤੇ ਇਸੇ ਨੇ ਹੀ ਮੁੜ ਕੁਦਰਤੀ ਰੂਪ ਵਿਚ ਲਿਆਣਾ ਹੈ (ਵੇਖੋ ਪਉੜੀ ੧੫), ਵੰਨੀ ਸਚੜਾਉ–ਸਚ ਵੰਨੀ ਦਾ ਚੜਾਉ ਕਰ ਕੇ, ਕਰਿ–ਹੱਥ ਵਿਚ।

## ਟੀਕਾ

੧. ਕਾਮ-ਕ੍ਰੋਧ, ਗੁਰਮੁਖ-ਜੀਵ ਦੀ ਕਾਇਆਂ ਨੂੰ ਉਗਾਲ ਦੇਂਦਾ ਹੈ, ਸੋਧ ਦਿੰਦਾ ਹੈ, ਸੁਧ ਕਰ ਦਿੰਦਾ (ਕੁਦਰਤੀ ਹਾਲਤ ਵਿਚ ਲੈ ਆਂਦਾ ਹੈ)।

੨. ਜਿਵੇਂ ਸੋਹਾਗਾ ਸੋਨੇ ਨੂੰ ਢਾਲ ਦਿੰਦਾ ਹੈ (ਤੇ ਸ਼ੁੱਧ ਕਰ ਦਿੰਦਾ ਹੈ)। ਕਾਮ, ਪਿਆਰ ਦੇ ਰੂਪ ਵਿਚ, ਇਸ ਕਾਇਆਂ ਦੀ ਸੰਭਾਲ ਕਰਦਾ ਹੈ ਤੇ ਕਰੋਧ, ਘ੍ਰਿਣਾ ਦੇ ਰੂਪ ਵਿਚ, ਇਸ ਦੀਆਂ ਮੈਲਾਂ ਗਵਾ ਦਿੰਦਾ ਹੈ :–'ਪਰਹਰਿ ਮੈਲੁ ਜਲਾਇ ਕਲੰਕੁ' (ਵੇਖੋ ਪਉੜੀ ੨੨, ਗੁਰਮੁਖਿ ਦੀ ਮਹਿਮਾ ਵਿਚ)।

੩. ਏਸੇ ਲਈ ਹੀ ਸੋਨਾ ਕਸਵਟੀ ਦੀ ਕਸ ਅਤੇ ਕੁਠਾਲੀ ਦਾ ਤਾਉ ਸਹਿ ਲੈਂਦਾ ਹੈ, ਜਿਵੇਂ ਗੁਰਮੁਖ-ਜੀਵ ਬਾਹਰਲੇ ਹਾਲਾਤ ਦੀਆਂ ਔਕੜਾਂ ਉਤੇ ਆਪਣੀ ਸ਼ਕਤੀ ਨਾਲ ਕਾਬੂ ਪਾ ਲੈਂਦਾ ਹੈ (ਪਵਿਤ੍ਰ ਸਰੀਰ ਵਿਚ ਸਹਿਣ ਦੀ ਸ਼ਕਤੀ ਜੂ ਆ ਜਾਂਦੀ ਹੈ)।

੪. ਫਿਰ, ਜਿਵੇਂ ਪਾਰਖੂ ਸਰਾਫ ਦੀਆਂ ਨਜ਼ਰਾਂ ਵਿਚ



Sri Satguru Jagjit Singh Ji eLibrary NamdhariElibrary@gmail.com

ਸੋਨਾ ਸੱਚੀ ਵੰਨੀ ਵਾਲਾ ਹੋ ਕੇ ਦਿਸਦਾ ਹੈ, ਤਿਵੇਂ ਇਹ ਗੁਰਮੁਖ-ਜੀਵ ਵੀ ਗੁਰੂ ਸਰਾਫ ਦੀ ਪਰਵਾਨਗੀ ਲਈ ਸੱਚ ਦਾ ਰੰਗ ਚੜ੍ਹਾ ਲੈਂਦਾ ਹੈ। ਕਾਮ-ਕਰੋਧ ਦਾ ਗਲਿਆ ਹੋਇਆ ਆਮ ਸਰੀਰ ਤਾਂ ਨਸ਼ਟ ਹੋ ਜਾਂਦਾ ਹੈ। ਉਹ ਗੁਰੂ-ਸਰਾਫ ਦੀ ਪ੍ਰਵਾਨਗੀ ਵੀ ਪ੍ਰਾਪਤ ਕਰਨ ਜੋਗਾ ਨਹੀਂ ਰਹਿੰਦਾ। ਗੁਰੂ ਸਾਹਿਬ ਇਸ ਸੁੰਦਰ ਤੇ ਅਤਿ ਸਿਖਿਆਦਾਇਕ ਅਲੰਕਾਰ ਨਾਲ ਸਮਝਾ ਰਹੇ ਹਨ ਕਿ ਆਮ ਜੀਵ ਕਾਮ-ਕਰੋਧ ਦੀ ਬੜੀ ਦੁਰਵਰਤੋਂ ਕਰਦੇ ਹਨ ਤੇ ਮੈਲੇ ਹੋ ਜਾਂਦੇ ਹਨ, ਵਰਨਾ ਜਿਵੇਂ ਪਉੜੀ ੧੫ ਵਿਚ ਦੱਸਿਆ ਗਿਆ ਹੈ, ਖੇਡ ਤਾਂ ਇਹ ਸਾਰੀ ਕਰਤੇ ਦੀ ਆਪਣੀ ਹੀ ਹੈ, ਜਿਸ ਵਿਚ ਬੁਰਾਈ ਨਹੀਂ ਹੋ ਸਕਦੀ। ਕਾਮ-ਕ੍ਰੋਧ ਜੇ ਬੁਰਾਈ ਵੀ ਹਨ ਤਾਂ ਕਰਤੇ ਦੀ ਇਸ ਵਿਉਂਤ ਵਿਚ ਭੀ ਭੇਦ ਹੈ। ਕਰਤਾ, ਮਨੁੱਖਾਂ ਨੂੰ ਉਹਨਾਂ ਦੇ ਆਪਣੇ ਯਤਨਾਂ ਨਾਲ ਘੜਨਾ, ਸਵਾਰਨਾ ਤੇ ਬਨਾਣਾ ਚਾਹੁੰਦਾ ਹੈ। ਸੋ, ਇਕ ਪਖ ਨਾਲ ਵੇਖਿਆਂ ਜੇ ਕਾਮ-ਕ੍ਰੋਧ ਬੁਰਾਈ ਹੈ ਤਾਂ ਦੂਜੇ ਪਖ ਨਾਲ ਇਹ ਕਰਤੇ ਦੀ ਵਡਿਆਈ ਹੋ ਕੇ ਦਿਸਦੀ ਹੈ। ਪਉੜੀ ੧੫ ਵਿਚ 'ਖੇਤੀ' ਦਾ ਦ੍ਰਿਸ਼ਟਾਂਤ ਲੈ ਕੇ ਸਰੀਰ ਨੂੰ ਕਾਮ-ਕ੍ਰੋਧ ਨਾਲ ਸਵਾਰਨ ਦਾ ਰਾਹ ਵਿਖਾਇਆ ਗਿਆ ਸੀ। ਏਥੇ ਸਰੀਰ ਨੂੰ ਕੰਚਨ ਆਖ ਕੇ, ਸੋਹਾਗੇ ਦੀ ਅਲੰਕਾਰਕ ਸਹਾਇਤਾ ਲਈ ਗਈ ਹੈ। ਵੇਖੋ ਕਾਇਆਂ ਸ਼ੁੱਧ ਹੋ ਕੇ ਕੰਚਨ ਹੀ ਕਹਾਂਦੀ ਹੈ, ਜਿਵੇਂ :

'ਕੰਚਨ ਕਾਇਆ ਨਿਰਮਲ ਹੰਸੁ ॥
ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥'

ਹਰ ਮਨੁੱਖ ਨੂੰ ਇਸ ਰਾਹ ਤੇ ਸਫ਼ਲਤਾ ਨਾਲ ਚਲ ਸਕਣਾ ਚਾਹੀਦਾ ਹੈ। ਜਿਵੇਂ, ਕਾਮ ਤੇ ਕ੍ਰੋਧ ਦੇ ਦੋ ਰੰਬੇ ਬਣ ਸਕਦੇ ਹਨ ਤੇ ਸਰੀਰ-ਖੇਤੀ ਨੂੰ ਵਧੇਰੇ ਸ਼ਕਤੀ-ਸ਼ਾਲੀ ਕਰ ਸਕਦੇ ਹਨ, ਤਿਵੇਂ ਏਥੇ ਵੀ ਕਾਮ ਤੇ ਕ੍ਰੋਧ ਦੋਹਾਂ ਦਾ ਨਿਰੋਆ ਤੇ ਸੁਚਾ-ਉੱਚਾ ਪੱਖ ਹੀ ਲਿਆ ਗਿਆ ਹੈ। ਇਨ੍ਹਾਂ ਦੀ ਨਿਰੋਈ ਵਰਤੋਂ ਨਾਲ ਇਨਸਾਨੀ ਜੀਵਨ



Sri Satguru Jagjit Singh Ji eLibrary NamdhariElibrary@gmail.com

ਬਹੁਤ ਸੁੰਦਰ ਢੰਗ ਨਾਲ ਗੁਜ਼ਰਦਾ ਹੈ। ਇਸ ਤੋਂ ਹੀ ਜਤ-ਸਤ, ਸੰਜਮ ਅਤੇ ਧੀਰਜ ਆਦਿਕ ਦੇ ਸੰਕਲਪ ਉਪਜਦੇ ਹਨ।

੫. ਪਰ ਦੇਖੋ, ਫਿਰ ਵੀ ਜਗਤ ਪਸ਼ੂ ਹੋ ਕੇ ਰਹਿ ਗਿਆ ਹੈ (ਉਹ ਇਸ ਭੇਦ ਨੂੰ ਸਮਝਦਾ ਹੀ ਨਹੀਂ। ਇਸ ਦਾ ਕਾਰਨ ਹੈ ਅਹੰਕਾਰ-ਕਸਾਈ ਜੋ ਕਾਲ (ਅਰਥਾਤ ਜਨਮ ਮਰਣ) ਉਪਜਾਉਂਦਾ ਹੈ।

੬. ਇਹ ਭੁੱਲ ਹੀ ਜਾਂਦਾ ਹੈ ਕਿ ਕਰਤੇ ਨੇ 'ਕਰਣੀ' ਦਾ ਵੀ ਇਕ ਅਸੂਲ ਬਣਾਇਆ ਹੋਇਆ ਹੈ ਤੇ ਸਭ ਜੀਵਾਂ ਦੇ ਆਪਣੇ ਹੱਥ ਵਿਚ ਧਰ ਦਿਤਾ ਹੋਇਆ ਹੈ ਤੇ ਇਸ ਤਰ੍ਹਾਂ ਚੰਗੀ ਜਾਂ ਮੰਦੀ ਕਰਣੀ ਲਈ ਉਹਨਾਂ ਨੂੰ ਜ਼ਿੰਮੇਵਾਰ ਵੀ ਬਣਾਇਆ ਹੈ :

"ਜੇਹਾ ਬੀਜੈ ਸੁ ਲੁਣੈ ਕਰਮਾ ਸੰਦੜਾ ਖੇਤੁ ॥"

ਅਰਥਾਤ 'ਇਹ ਸੰਸਾਰ ਕਰਮਾਂ ਦਾ ਮਾਨੋ ਇਕ ਖੇਤ ਹੈ, ਜਿਸ ਵਿਚ ਜੋ ਕੁਝ ਕੋਈ ਬੀਜੇਗਾ ਉਸ ਦਾ ਫਲ ਉਹ ਆਪ ਹੀ ਪ੍ਰਾਪਤ ਕਰੇਗਾ (ਦੇਖੋ ਪਉੜੀ ੧੭ ਦੀ ਵਿਆਖਿਆ। ਉਥੇ ਕਰਣੀ ਦਾ ਇਹੋ ਕਿਆਸ ਹੀ ਵਿਚਾਰਿਆ ਗਿਆ ਸੀ।)

੭. ਜਿਸ ਕਰਤਾਰ ਨੇ ਕਰਣੀ ਦਾ ਉੱਤਲਾ ਅਸੂਲ ਬਣਾਇਆ ਹੋਇਆ ਹੈ, ਉਹ ਏਸ ਅਸੂਲ ਅਨੁਸਾਰ ਹੀ ਜੀਵਾਂ ਦੀ ਕੀਮਤ ਪਾਏਗਾ (ਇਸ ਅਸੂਲ ਦੇ ਮੁਤਾਬਿਕ ਹੀ ਹਰ ਕਿਸੇ ਨੇ ਲੇਖਾ ਦੇਣਾ ਹੁੰਦਾ ਹੈ, 'ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ'–ਸਲੋਕ,ਜਪੁਜੀ)

੮. ਇਸ ਦੇ ਉਲਟ, ਹੋਰ ਕੀ ਕਿਹਾ ਜਾ ਸਕਦਾ ਹੈ ? (ਕੁਛ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਹ ਅਟੱਲ ਅਸੂਲ ਹੈ)।

## ਪਉੜੀ (੧੯)

ਖੋਜਤ ਖੋਜਤ ਅੰਮ੍ਰਿਤੁ ਪੀਆ ॥
ਖਿਮਾ ਗਹੀ ਮਨੁ ਸਤਿਗੁਰਿ ਦੀਆ ॥
ਖਰਾ ਖਰਾ ਆਖੈ ਸਭੁ ਕੋਇ ॥



Sri Satguru Jagjit Singh Ji eLibrary NamdhariElibrary@gmail.com

ਖਰਾ ਰਤਨੁ ਜੁਗ ਚਾਰੇ ਹੋਇ ॥
ਖਾਤ ਪੀਅੰਤ ਮੂਏ ਨਹੀ ਜਾਨਿਆ ॥
ਖਿਨ ਮਹਿ ਮੁਏ ਜਾ ਸਬਦੁ ਪਛਾਨਿਆ ॥
ਅਸਥਿਰੁ ਚੀਤੁ ਮਰਨਿ ਮਨੁ ਮਾਨਿਆ ॥
ਗੁਰ ਕਿਰਪਾ ਤੇ ਨਾਮੁ ਪਛਾਨਿਆ ॥੧੯॥

## ਪਦ-ਅਰਥ

ਗਹੀ–ਪਕੜੀ, ਖਰਾ–ਸ਼ੁੱਧ, ਪਵਿੱਤਰ (ਜਿਸ ਵਿਚ ਕੋਈ ਰਲਾ ਨਹੀਂ ਹੈ); ਅਸਥਿਰੁ–ਅਡੋਲ।

## ਟੀਕਾ

੧. ਲੱਭਦਿਆਂ ਲੱਭਦਿਆਂ ਮੈਂ (ਸਤਿਗੁਰ ਤੋਂ) ਨਾਮ ਅੰਮ੍ਰਿਤ ਪੀ ਲਿਆ।

੨. (ਸਿੱਟਾ ਇਹ ਹੋਇਆ ਕਿ) ਮੈਂ ਖਿਮਾਂ ਦਾ ਧਾਰਨੀ ਹੋ ਗਿਆ, ਸਤਿਗੁਰ ਨੇ ਮੈਨੂੰ ਨਵਾਂ ਹੀ ਮਨ (ਜੀਵਨ) ਦੇ ਦਿਤਾ ਅਰਥਾਤ ਐਸਾ ਜੀਵਨ,ਜਿਸ ਵਿਚ ਜੀਵਨ ਦੀਆਂ ਸਾਰੀਆਂ ਕੀਮਤਾਂ ਹੀ ਬਦਲ ਗਈਆਂ (ਖਿਮਾਂ ਦੇ ਸੰਬੰਧ ਵਿਚ ਵੇਖੋ ਪਉੜੀ ੪੯ਵੀਂ):

੩. ਫਿਰ ਹਰ ਕੋਈ ਮੈਨੂੰ ਖਰਾ ਖਰਾ ਆਖਣ ਲੱਗ ਪਿਆ, ਕਿਉਂਕਿ,

੪. ਮੇਰੇ ਪਾਸ ਨਾਮ, ਐਸਾ ਖਰਾ ਰਤਨ ਹੋ ਗਿਆ ਜੋ ਚੌਹਾਂ ਜੁਗਾਂ ਵਿਚ ਭਾਵ ਸਦਾ ਹੀ ਖਰਾ ਬਣਾ ਛੱਡਦਾ ਹੈ।

੫. ਹੁਣ ਮੇਰੇ ਸਾਹਮਣੇ ਇਹ ਤਸਵੀਰ ਆ ਗਈ ਹੈ ਕਿ (ਭੁੱਲੜ ਜੀਵ) ਪਦਾਰਥਾਂ ਨੂੰ ਭੋਗਦਿਆਂ ਭੋਗਦਿਆਂ ਹੀ ਮਰ ਜਾਂਦੇ ਹਨ ਤੇ (ਨਾਮ) ਅੰਮ੍ਰਿਤ ਦੀ ਕਦਰ ਨਹੀਂ ਪਾਂਦੇ (ਜਿਸ ਨਾਲ ਜੀਵਨ ਹਰਾ ਭਰਾ) ਹੋਣਾ ਸੀ।

੬. ਦੂਜੇ ਪਾਸੇ, ਰੱਬ ਦੇ ਉਹ ਬੰਦੇ ਵੀ ਹਨ, ਜੋ ਸ਼ਬਦ ਨੂੰ ਪਛਾਣ ਲੈਂਦੇ ਹਨ, ਨਾਮ ਨੂੰ ਪਛਾਣ ਲੈਂਦੇ ਹਨ, ਇਸ ਤਰ੍ਹਾਂ ਉਹ

ਛਿੰਨ ਵਿਚ ਆਪਾ ਭਾਵ ਤੋਂ ਮਰਦੇ ਹਨ, ਫਿਰ ਉਨ੍ਹਾਂ ਦਾ ਮਨ ਇਸ ਕਿਸਮ ਦੇ ਮਰਨ ਨਾਲ ਪਤੀਜ ਜਾਂਦਾ ਹੈ।

'ਮਰਨੋ ਮਰਨੁ ਕਹੈ ਸਭੁ ਕੋਈ ॥ ਸਹਜੇ ਮਰੈ ਅਮਰੁ ਹੋਇ ਸੋਈ ॥'

(ਗਉੜੀ ਕਬੀਰ ਜੀ, ਪੰਨਾ ੩੨੭)

ਆਪਾ ਭਾਵ ਤੋਂ ਮਰਨ ਦਾ ਅਰਥ ਇਹ ਹੈ ਕਿ ਜੀਵ ਨੇ ਆਪਣੇ ਨੀਵੇਂ ਆਪੇ ਨੂੰ ਤਿਆਗ ਕੇ ਆਪਣੇ ਅਸਲ ਆਪੇ ਨੂੰ ਲੱਭ ਲਿਆ ਹੈ ਤੇ ਇਹ ਅਸਲ ਆਪਾ ਹੀ ਰੱਬ ਦਾ ਰੂਪ ਹੈ :

'ਆਪੁ ਪਛਾਣੈ ਹਰਿ ਮਿਲੈ ਬਹੁੜਿ ਨ ਮਰਣਾ ਹੋਇ ॥'

ਅਰਥਾਤ 'ਜੋ ਅਸਲ ਆਪਾ ਪਛਾਣ ਲੈਂਦੇ ਹਨ, ਉਹ ਹਰੀ ਨੂੰ ਮਿਲ ਪੈਂਦੇ ਹਨ ਤੇ ਉਹਨਾਂ ਨੂੰ ਫਿਰ ਮਰਣਾ ਨਹੀਂ ਪੈਂਦਾ। ਇਹ ਹੈ ਉਹ ਮਰਣਾ ਜੋ ਜੀਵ ਨੂੰ ਜਿਊਂਦਾ ਸ਼ਹੀਦ ਬਣਾਂਦਾ ਹੈ। ਇਸ ਦਾ ਇਹ ਅਰਥ ਵੀ ਹੋਇਆ ਕਿ ਜੋ ਪੁਰਸ਼ ਪਹਿਲਾਂ ਇਸ ਤਰ੍ਹਾਂ ਦਾ ਮਰਨ ਨਹੀਂ ਮਰਦੇ, ਉਹਨਾਂ ਨੂੰ ਕਿਸੇ ਵੀ ਕਾਜ ਲਈ ਮਰਨ ਦਾ ਹੱਕ ਨਹੀਂ ਪਹੁੰਚਦਾ, ਕਿਉਂਕਿ ਉਹ ਆਪਣੇ ਮਨੋਰਥ ਦੀ ਪੂਰਤੀ ਲਈ ਹੀ ਮਰਦੇ ਸਮਝਣੇ ਚਾਹੀਦੇ ਹਨ ਤੇ ਉਹ ਕਬੂਲ ਨਹੀਂ ਪੈ ਸਕਦੇ (ਸੱਚੀ ਸ਼ਹੀਦੀ ਦੀ ਬੁਨਿਆਦ ਹੀ ਆਪਾ ਭਾਵ ਤੋਂ ਮਰਨਾ ਹੈ।)

੭. ਆਪਾ ਭਾਵ ਤੋਂ ਮਰੇ ਹੋਏ ਜੀਵਾਂ ਦਾ ਚਿਤ ਅਡੋਲ ਹੋ ਜਾਂਦਾ ਹੈ (ਉਹ ਸਹਜ ਵਿਚ ਹੁੰਦੇ ਹਨ) ਤੇ ਇਸ ਤਰ੍ਹਾਂ ਦਾ ਮਰਨਾ ਉਹਨਾਂ ਨੂੰ ਸਦੀਵੀ ਤੌਰ ਤੇ ਚੰਗਾ ਲਗਦਾ ਹੈ। (ਸਹਜ ਲਈ ਵੇਖੋ ਪਉੜੀ ੭)

੮. ਗੁਰੂ ਦੀ ਕ੍ਰਿਪਾ ਨਾਲ ਉਹਨਾਂ ਨੇ ਨਾਮ ਨੂੰ ਪਛਾਣਿਆ ਹੁੰਦਾ ਹੈ।

## ਪਉੜੀ (੨੦)

ਗਗਨ ਗੰਭੀਰੁ ਗਗਨੰਤਰਿ ਵਾਸੁ ॥

ਗੁਣ ਗਾਵੈ ਸੁਖ ਸਹਜਿ ਨਿਵਾਸੁ ॥



Sri Satguru Jagjit Singh Ji eLibrary NamdhariElibrary@gmail.com

ਗਇਆ ਨ ਆਵੈ ਆਇ ਨ ਜਾਇ ॥
ਗੁਰਪਰਸਾਦਿ ਰਹੈ ਲਿਵ ਲਾਇ ॥
ਗਗਨੁ ਅਗੰਮੁ ਅਨਾਥੁ ਅਜੋਨੀ ॥
ਅਸਥਿਰੁ ਚੀਤੁ ਸਮਾਧਿ ਸਗੋਨੀ ॥
ਹਰਿਨਾਮੁ ਚੇਤਿ ਫਿਰਿ ਪਵਹਿ ਨ ਜੂਨੀ ॥
ਗੁਰਮਤਿ ਸਾਰੁ ਹੋਰ ਨਾਮ ਬਿਹੂਨੀ ॥੨੦॥

## ਪਦ-ਅਰਥ

ਗਗਨ–ਅਕਾਸ਼ ਵਾਂਗ ਸਰਬ ਵਿਆਪਕ, ਹਰੀ; ਗਗਨੰਤਰਿ–ਗਗਨ ਅੰਦਰ, ਹਰੀ ਅੰਦਰ; ਅਨਾਥੁ–ਜਿਸ ਦਾ ਕੋਈ ਨਾਥ (ਮਾਲਕ) ਨਹੀਂ, ਹਰੀ; ਸਗੋਨੀ–ਸਗੁਨੀ, ਸਰਗੁਨ ਹਰੀ ਵਿਚ; ਸਾਰੁ–ਸ੍ਰੇਸ਼ਟ।

## ਟੀਕਾ

੧. ਹਰੀ ਆਪ ਗੰਭੀਰ ਹੈ (ਅਥਾਹ ਹੈ, ਡੂੰਘਾ ਹੈ; ਬੇਅੰਤ ਗੁਣ ਵਡਿਆਈਆਂ ਦੇ ਕਾਰਨ ਭਾਰਾ ਗਉਰਾ ਹੈ) ਤੇ ਜਿਸ ਕਿਸੇ ਦਾ ਉਸ ਦੇ ਅੰਦਰ ਵਾਸਾ ਹੋ ਜਾਂਦਾ ਹੈ, ਉਹ ਵੀ ਉਸ ਵਾਂਗ ਗੰਭੀਰ ਹੋ ਜਾਂਦਾ ਹੈ (ਕਿਉਂ ?)

੨. (ਇਸ ਲਈ ਕਿ) ਉਹ ਉਸੇ ਦੇ ਗੁਣ ਗਾਵੰਦਾ ਰਹਿੰਦਾ ਹੈ ਜਿਸ ਦੇ ਕਾਰਨ ਉਹ (ਤਿੰਨ ਗੁਣਾਂ ਤੋਂ ਉਤੇ) ਸਹਜ ਵਿਚ ਗੁਣ ਭਰਪੂਰ ਹੋ ਕੇ ਸੁਖ ਪ੍ਰਾਪਤ ਕਰ ਗਿਆ ਹੈ।

੩. ਫਿਰ ਉਹ ਨਾ ਇਥੋਂ ਜਾ ਕੇ ਵਾਪਸ ਆਉਂਦਾ ਹੈ, ਨਾ ਏਥੇ ਆ ਕੇ ਕਿਸੇ ਹੋਰ ਜਨਮ ਵਿਚ ਜਾਂਦਾ ਹੈ (ਅਰਥਾਤ ਜਨਮ ਮਰਣ ਤੋਂ ਰਹਿਤ ਹੋ ਜਾਂਦਾ ਹੈ)।

੪. ਉਹ ਗੁਰੂ ਦੀ ਕ੍ਰਿਪਾ ਨਾਲ ਹਰੀ ਵਿਚ ਹੀ ਟਿਕਿਆ



Sri Satguru Jagjit Singh Ji eLibrary NamdhariElibrary@gmail.com

ਰਹਿੰਦਾ ਹੈ (ਤੇ ਹਰੀ ਦਾ ਰੂਪ ਬਣਿਆ ਰਹਿੰਦਾ ਹੈ)।

੫. (ਠੀਕ) ਹਰੀ ਆਪ ਪਹੁੰਚ ਤੋਂ ਹੀ ਰਹਤ ਹੈ, ਹਰੀ ਦਾ ਮਾਲਕ ਵੀ ਕੋਈ ਨਹੀਂ ਹੈ (ਅਰਥਾਤ ਉਹ ਕਿਸੇ ਦੇ ਅਧੀਨ ਵੀ ਨਹੀਂ ਹੈ ਤੇ ਉਸ ਦਾ ਆਪਣਾ ਹੁਕਮ ਸਭ ਉਤੇ ਚਲਦਾ ਹੈ), ਉਹ ਜੂਨਾਂ ਵਿਚ ਵੀ ਨਹੀਂ ਆਉਂਦਾ।

੬. ਪਰ ਸਰਗੁਨ ਸਮਾਧੀ ਦੁਆਰਾ (ਸਰਗੁਣ ਸਰੂਪ ਹਰੀ ਵਿਚ ਲਿਵ ਜੋੜ ਕੇ (ਉਸ ਤੱਕ ਅਪੜ ਸਕੀਦਾ ਹੈ) ਤੇ ਉਸ ਵਾਂਗ ਅਡੋਲ ਚਿਤ ਹੋ ਜਾਈਦਾ ਹੈ (ਉਸ ਵਾਂਗ ਹੀ ਹਰ ਤਰ੍ਹਾਂ ਭਾਰੇ ਗਉਰੇ ਹੋ ਜਾਈਦਾ ਹੈ)।

੭. ਸੋ, ਹੇ ਮਿਤਰੋ, ਹਰੀ ਦੇ ਨਾਮ ਨੂੰ ਹੀ ਚਿਤ ਵਿਚ ਲਿਆਓ, ਫਿਰ ਤੁਸੀਂ ਉਸ ਵਾਂਗ ਅਜੂਨੀ ਵੀ ਹੋ ਜਾਉਗੇ ਅਰਥਾਤ ਜਨਮ ਮਰਣ ਰਹਤ ਹੋ ਜਾਉਗੇ।

੮. ਤੁਸੀਂ ਗੁਰਮਤਿ ਨੂੰ ਹੀ ਸ੍ਰੇਸ਼ਟ ਮਤਿ ਮੰਨੋ, ਕਿਸੇ ਵੀ ਹੋਰ ਮਤਿ ਨੂੰ ਜੋ ਨਾਮ ਤੋਂ ਖਾਲੀ ਹੋਵੇ ਛਡ ਦਿਉ (ਕਿਉਂਕਿ ਨਾਮ ਹੀ ਮਨੁੱਖ ਦੀ ਜਾਗ੍ਰਤ ਸੰਪੂਰਨ ਕਰ ਦਿੰਦਾ ਹੈ, ਤੇ ਉਸ ਦੀ ਉਸਾਰੀ ਸਰਬ-ਪਖੀ ਹੋ ਜਾਂਦੀ ਹੈ।)

ਨੋਟ : ਪਉੜੀ ਦੀ ਛੇਵੀਂ ਸਤਰ ਨੇ ਸਪੱਸ਼ਟ ਸ਼ਬਦਾਂ ਵਿਚ ਆਖਿਆ ਹੈ ਕਿ ਹਰੀ ਦੇ ਸਰਗੁਨ ਸਰੂਪ ਵਿਚ ਹੀ ਧਿਆਨ ਜੋੜਨਾ ਹੁੰਦਾ ਹੈ, ਕਿਉਂਕਿ ਨਿਰਗੁਣ ਸਰੂਪ ਦਾ ਕੋਈ ਕਿਆਸ ਮਨ ਨੂੰ ਪਰਵਾਨ ਨਹੀਂ ਹੋ ਸਕਦਾ। ਮਨ ਸਹਾਰੇ ਦੇ ਤੌਰ ਤੇ ਕੋਈ ਠੋਸ ਚੀਜ਼ ਮੰਗਦਾ ਹੈ, ਜਿਸ ਦੇ ਗੁਣ, ਕਰਮ ਤੇ ਸੁਭਾਉ ਵਿਚੋਂ, ਚੋਣ ਕੀਤੀ ਜਾ ਸਕੇ। ਪਹਿਲੀ ਪਉੜੀ ਵਿਚ ਵੀ ਇਹ ਸਤਰ ਆਈ ਸੀ : 'ਓਅੰਕਾਰੁ ਕੀਆ ਜਿਨਿ ਚਿਤਿ' ਅਰਥਾਤ ਬ੍ਰਹਮਾ ਨੇ ਵੀ ਸਰਗੁਣ ਓਅੰਕਾਰ ਉਤੇ ਹੀ ਚਿਤ ਜੋੜਿਆ ਸੀ।



Sri Satguru Jagjit Singh Ji eLibrary NamdhariElibrary@gmail.com

# ਪਉੜੀ (੨੧)

ਘਰ ਦਰ ਫਿਰਿ ਥਾਕੀ ਬਹੁਤੇਰੇ ॥
ਜਾਤਿ ਅਸੰਖ ਅੰਤ ਨਹੀ ਮੇਰੇ ॥
ਕੇਤੇ ਮਾਤ ਪਿਤਾ ਸੁਤ ਧੀਆ ॥
ਕੇਤੇ ਗੁਰ ਚੇਲੇ ਫੁਨਿ ਹੂਆ ॥
ਕਾਚੇ ਗੁਰ ਤੇ ਮੁਕਤਿ ਨ ਹੂਆ ॥
ਕੇਤੀ ਨਾਰਿ ਵਰੁ ਏਕੁ ਸਮਾਲਿ ॥
ਗੁਰਮੁਖਿ ਮਰਣੁ ਜੀਵਣੁ ਪ੍ਰਭ ਨਾਲਿ ॥
ਦਹਦਿਸ ਢੂਢਿ ਘਰੈ ਮਹਿ ਪਾਇਆ ॥
ਮੇਲੁ ਭਇਆ ਸਤਿਗੁਰੂ ਮਿਲਾਇਆ ॥੨੧॥

# ਪਦ-ਅਰਥ

ਘਰ ਦਰ–ਜਨਮਾਂ ਵਿਚ; ਜਾਤਿ ਅਸੰਖ–ਅਣਗਿਣਤ ਜਾਤਾਂ (ਜਨਮਾਂ); ਫੁਨਿ–ਫਿਰ; ਦਹਦਿਸ–ਸਭ ਪਾਸੇ।

# ਟੀਕਾ

੧. ਮੇਰੀ ਜਿੰਦ ਅਨੇਕ ਜਨਮਾਂ ਵਿਚੋਂ ਗੁਜ਼ਰਦੀ ਹੋਈ ਥੱਕ ਗਈ ਹੈ।

੨. ਅਣਗਿਣਤ ਜਨਮਾਂ ਵਿਚੋਂ ਇਹ ਲੰਘੀ ਹੈ, ਜਿਨ੍ਹਾਂ ਦਾ ਮੈਨੂੰ ਕੋਈ ਅੰਤ ਹਿਸਾਬ ਹੀ ਨਹੀਂ ਦਿਸਿਆ।

੩. ਕਈ ਇਸ ਦੇ ਮਾਤਾ, ਪਿਤਾ, ਪੁੱਤਰ ਅਤੇ ਧੀ ਬਣੇ ਹਨ।

੪. ਤੇ ਕਈ ਇਸ ਦੇ ਗੁਰੂ ਹੋਏ ਹਨ ਤੇ ਫਿਰ ਕਈ ਚੇਲੇ ਵੀ ਹੋਏ ਹਨ।

੫. (ਇਉਂ ਜਨਮਾਂ ਵਿਚੋਂ ਲੰਘਦਿਆਂ ਮੈਨੂੰ ਦਿਸ ਪਿਆ ਹੈ ਕਿ) ਕਦੇ ਵੀ ਕੱਚੇ ਗੁਰੂ ਪਾਸੋਂ ਮੁਕਤੀ ਨਹੀਂ ਹੁੰਦੀ (ਹੋ ਸਕਦੀ

Sri Satguru Jagjit Singh Ji eLibrary NamdhariElibrary@gmail.com

ਹੁੰਦੀ ਤਾਂ ਮੈਂ ਜਨਮਾਂ ਵਿਚੋਂ ਕਿਉਂ ਲੰਘਦੀ ?)

੬. ਹੇ ਭਾਈ, ਕੇਵਲ ਇਕ ਹਰੀ ਹੀ ਸਭ ਦਾ ਪਤੀ ਹੈ ਤੇ ਕਿਤਨੀਆਂ ਹੀ ਜੀਵ-ਇਸਤ੍ਰੀਆਂ ਉਸ ਦੀਆਂ ਨਾਰੀਆਂ ਹਨ। ਤੂੰ ਵੀ ਕੇਵਲ ਉਸ ਨੂੰ ਹੀ ਯਾਦ ਕਰਿਆ ਕਰ, ਸਿਮਰਿਆ ਕਰ (ਤੇ ਉਸ ਦੀ ਅਗਵਾਈ ਵਿਚ ਹੀ ਤੁਰਿਆ ਕਰ)।

੭. ਇਸੇ ਲਈ ਹੀ ਗੁਰਮੁਖ ਜੀਵ-ਇਸਤ੍ਰੀ ਆਪਣਾ ਮਰਨ ਜੀਵਨ ਹਰੀ ਨਾਲ ਹੀ ਬਣਾਂਦੀ ਹੈ (ਪਰ ਉਹ ਹੈ ਕਿਥੇ ?)।

੮. ਸਭ ਪਾਸੇ ਭਾਲ ਕਰ ਕੇ ਉਸ ਨੇ ਆਖਰਕਾਰ ਆਪਣੇ ਅੰਦਰ ਹੀ ਉਸ ਨੂੰ ਪਾਇਆ ਹੈ।

੯. ਉਸ ਦਾ ਮੇਲ ਹੋ ਗਿਆ ਹੈ, ਜੋ ਸਤਿਗੁਰੂ ਨੇ ਹੀ ਕਰਾਇਆ ਹੈ।

ਨੋਟ : ਇਸ ਪਉੜੀ ਵਿਚ ਹਰੀ-ਗੁਰੂ ਦਾ ਕਿਆਸ ਦੇ ਕੇ, ਆਵਾਗਵਨ ਦੀ ਪ੍ਰਚੱਲਤ ਵਿਚਾਰਧਾਰਾ ਦਾ ਜ਼ਿਕਰ ਛੇੜਿਆ ਗਿਆ ਹੈ। ਇਸ ਵਿਚਾਰਧਾਰਾ ਨੂੰ ਗੁਰੂ ਸਾਹਿਬ ਕਿੰਨਾ ਕੁ ਪਰਵਾਨ ਕਰਦੇ ਸਨ, ਇਸ ਬਾਬਤ ਪੱਕੇ ਤੌਰ ਤੇ ਤਾਂ ਕੁਝ ਨਹੀਂ ਕਿਹਾ ਜਾ ਸਕਦਾ। ਹਾਂ, ਗੁਰੂ ਜੀ ਦਾ ਇਹ ਯਕੀਨ ਸਪੱਸ਼ਟ ਹੈ ਕਿ ਮੌਤ ਉਪਰੰਤ ਜੀਵ ਦੀ ਹੋਂਦ ਖ਼ਤਮ ਨਹੀਂ ਹੋ ਜਾਂਦੀ। ਪੰਜ ਭੂਤਕ ਸਰੀਰ ਤਾਂ ਠੀਕ ਖ਼ਤਮ ਹੋ ਜਾਂਦਾ ਹੈ, ਸਰੀਰ ਨੂੰ ਬਨਾਣ ਵਾਲੇ ਤਤ, ਤਤਾਂ ਵਿਚ ਜਾ ਮਿਲਦੇ ਹਨ ਪਰ ਆਤਮਾ ਅਬਿਨਾਸ਼ੀ ਹੈ ਤੇ ਇਹ ਕੇਵਲ ਹਰੀ ਵਿਚ ਹੀ ਮਿਲ ਸਕਦੀ ਹੈ, ਨਹੀਂ ਤਾਂ ਧਕੇ ਖਾਂਦੀ ਫਿਰਦੀ ਹੈ। ਜਿੰਨਾ ਚਿਰ ਇਹ ਯੋਗ ਨਹੀਂ ਹੋ ਜਾਂਦੀ ਓਨਾ ਚਿਰ ਇਸ ਨੂੰ ਸਰੀਰ ਧਾਰਨ ਕਰਨੇ ਪੈਂਦੇ ਹਨ। ਪਰ ਇਹ ਕਿਵੇਂ ਹੁੰਦਾ ਹੈ ? ਇਹ ਇਕ ਪਰਾਭੌਤਿਕ ਬਾਤ ਹੈ, ਜਿਸ ਬਾਬਤ ਕੋਈ ਆਖਰੀ ਗੱਲ ਕਹੀ ਹੀ ਨਹੀਂ ਜਾ ਸਕਦੀ। ਇਸੇ ਲਈ ਗੁਰੂ ਸਾਹਿਬ ਨੇ ਜਿਥੇ ਹਿੰਦੂਆਂ ਦੇ

੮੪ ਲੱਖ ਜੂਨਾਂ ਵਾਲੇ ਸੰਕਲਪ ਦਿਤੇ ਹਨ, ਉਥੇ ਉਨ੍ਹਾਂ ਭਗਤ ਫਰੀਦ ਜੀ ਦੀ ਰਾਹੀਂ ਮੁਸਲਮਾਨਾਂ ਦੇ ਸੰਕਲਪ ਵੀ ਇਉਂ ਦਿਤੇ ਸਨ :

'ਗੋਰਾਂ ਸੇ ਨਿਮਾਣੀਆਂ ਬਹਸਨਿ ਰੂਹਾਂ ਮਲਿ ॥' (ਪੰ: ੧੩੮੩)

ਇਸ ਕਿਸਮ ਦੇ ਸੰਕਲਪਾਂ ਬਾਬਤ ਗੁਰੂ ਸਾਹਿਬ ਦਾ ਨਜ਼ਰੀਆ ਵਧੇਰੇ ਠੀਕ ਸਮਝਣ ਸਮਝਾਣ ਲਈ ਅਸੀਂ ਆਪਣੇ ਸਾਹਮਣੇ 'ਨਰਕ ਤੇ ਸਵਰਗ', 'ਬੇਤਰਨੀ ਨਦੀ' ਦੇ ਭਿਆਨਕ ਦ੍ਰਿਸ਼, ਪੁਰਸਲਾਤ ਦੇ 'ਦੁਹੇਲੇ ਪੰਥ', ਦੋਜਖ ਦੀਆਂ ਪੀੜਾਂ ਅਤੇ ਧਰਮਰਾਜ ਤੇ ਉਸ ਦੇ ਮੁਨਸ਼ੀਆਂ 'ਚਿਤਰ ਤੇ ਗੁਪਤ' ਦੇ ਲਿਖੇ ਜਾਂਦੇ ਲੇਖਿਆਂ ਆਦਿਕ ਦੇ ਕਈ ਦ੍ਰਿਸ਼ ਗੁਰਬਾਣੀ 'ਚੋਂ ਵੇਖ ਸਕਦੇ ਹਾਂ। ਪਰ ਇਨ੍ਹਾਂ ਸਭਨਾਂ ਦਾ ਅਖਰੀ ਭਾਵ ਨਹੀਂ ਲੈਣਾ ਹੁੰਦਾ। ਦੁਨੀਆਂ ਦੀ ਸਮਝ-ਗੋਚਰਾ ਕਰਨ ਲਈ ਦੁਨੀਆਂ ਅੰਦਰ ਅਗੇ ਹੀ ਪਰਵਾਣ ਕੀਤੇ ਵਿਚਾਰਾਂ ਨੂੰ ਲੈ ਲਿਆ ਜਾਂਦਾ ਹੈ ਤੇ ਇਨ੍ਹਾਂ ਨੂੰ ਕਈ ਵਾਰ ਤਸਵੀਰਾਂ ਜਾਂ ਅਲੰਕਾਰਕ ਢੰਗਾਂ ਨਾਲ ਹੋਰ ਆਸਾਨ ਬਣਾ ਦਿਤਾ ਜਾਂਦਾ ਹੈ। ਧਰਮਰਾਜ ਦੀ ਕਚਹਿਰੀ ਵਿਚ ਲੇਖ ਲਿਖੇ ਜਾਣ ਦੀ ਗੱਲ ਕੇਵਲ ਇਹ ਦ੍ਰਿੜ੍ਹ ਕਰਣ ਕਰਾਣ ਲਈ ਹੀ ਹੁੰਦੀ ਹੈ ਕਿ ਮਾੜੇ ਕਰਮਾਂ ਦਾ ਫਲ ਮਾੜਾ ਹੈ ਤੇ ਚੰਗੇ ਕਰਮਾਂ ਦਾ ਫਲ ਚੰਗਾ ਹੈ ਤੇ ਇਸ ਫਲ ਨੂੰ ਨਰਕਾਂ ਸੁਰਗਾਂ ਦੀਆਂ ਤਸਵੀਰਾਂ ਦੇ ਕੇ ਹੋਰ ਅਸਰਦਾਇਕ ਬਣਾਇਆ ਜਾਂਦਾ ਹੈ। ਇਸੇ ਤਰ੍ਹਾਂ ਹੀ ਗੁਰੂ ਸਾਹਿਬ ਨੇ ਪੁਰਾਣਾਂ ਵਿਚ ਆਈਆਂ ਸਾਖੀਆਂ ਬਤੌਰ ਉਦਾਹਰਣਾਂ ਦੇ ਕੇ ਉਨ੍ਹਾਂ ਵਿਚੋਂ ਕੋਈ ਸਿਖਿਆ ਦ੍ਰਿੜ੍ਹ ਕਰਾਣੀ ਹੁੰਦੀ ਹੈ, ਪਰ ਇਉਂ ਕੀਤਿਆਂ ਸਾਖੀਆਂ ਦੇ ਸੱਚ ਝੂਠ ਹੋਣ ਦੀ ਜ਼ਿੰਮੇਵਾਰੀ ਗੁਰੂ ਜੀ ਦੀ ਨਹੀਂ ਹੋ ਜਾਂਦੀ। ਮਹਾਂ-ਪੁਰਸ਼ ਸਦਾ ਲੋਕਾਂ ਦੀ ਬੋਲੀ ਵਿਚ ਹੀ ਆਪਣੇ ਖ਼ਿਆਲ ਦਸਦੇ ਆਏ ਹਨ। ਸਪਾਈਨੋਜ਼ਾ ਨੇ ਠੀਕ ਕਿਹਾ ਸੀ ਕਿ ਅੰਜੀਲ ਦੀ ਬੋਲੀ ਜਾਣ ਬੁਝ ਕੇ ਹੀ ਅਲੰਕਾਰਾਂ ਤੇ ਤਸ਼ਬੀਹਾਂ ਦੁਆਰਾ ਦਿਤੀ ਗਈ ਹੈ। ਇਨ੍ਹਾਂ ਨੂੰ ਆਮ ਲੋਕਾਂ ਦੀ ਸਮਝ ਅਨੁਸਾਰ



Sri Satguru Jagjit Singh Ji eLibrary NamdhariElibrary@gmail.com

ਢਾਲਿਆ ਗਿਆ ਹੈ, ਇਉਂ ਉਹਨਾਂ ਦੀ ਅਪੂਰਨ ਜਾਣਕਾਰੀ ਨੂੰ ਮੁਖ ਰੱਖ ਕੇ ਹੀ ਕੀਤਾ ਗਿਆ ਹੈ। ਸੰਤਾਯਾਨਾ ਦੇ ਇਹ ਬਚਨ ਵੀ ਨੋਟ ਕਰਨ ਵਾਲੇ ਹਨ : ਧਰਮ ਦੀਆਂ ਸਚਾਈਆਂ ਦੱਸਣ ਲਈ ਜੋ ਚਿੰਨ੍ਹ ਵਰਤੇ ਜਾਂਦੇ ਹਨ, ਉਹਨਾਂ ਦਾ ਨਿਰਾ ਅਖਰੀ ਭਾਵ ਲੈਣਾ ਅਨਹੋਣਾ ਵਿਚਾਰ ਹੈ। ਕਹਾਣੀਆਂ ਦੇ ਪਿਛੇ ਜੋ ਪਵਿੱਤ੍ਰ ਭਾਵਨਾ ਹੁੰਦੀ ਹੈ ਉਸ ਦੀ ਕਦਰ ਕਰਨੀ ਤੇ ਕਾਵਯ ਰਚਨਾ ਦੀ ਖ਼ੂਬਸੂਰਤੀ ਵੇਖਣੀ ਚਾਹੀਦੀ ਹੈ।

## ਪਉੜੀ (੨੨)

ਗੁਰਮੁਖਿ ਗਾਵੈ ਗੁਰਮੁਖਿ ਬੋਲੈ ॥
ਗੁਰਮੁਖਿ ਤੋਲਿ ਤੋੁਲਾਵੈ ਤੋਲੈ ॥
ਗੁਰਮੁਖਿ ਆਵੈ ਜਾਇ ਨਿਸੰਗੁ ॥
ਪਰਹਰਿ ਮੈਲੁ ਜਲਾਇ ਕਲੰਕੁ ॥
ਗੁਰਮੁਖਿ ਨਾਦ ਬੇਦ ਬੀਚਾਰੁ ॥
ਗੁਰਮੁਖਿ ਮਜਨੁ ਚਜੁ ਅਚਾਰੁ ॥
ਗੁਰਮੁਖਿ ਸਬਦੁ ਅੰਮ੍ਰਿਤੁ ਹੈ ਸਾਰੁ ॥
ਨਾਨਕ ਗੁਰਮੁਖਿ ਪਾਵੈ ਪਾਰੁ ॥੨੨॥

## ਪਦ-ਅਰਥ

ਗੁਰਮੁਖਿ–ਗੁਰੂ ਦੀ ਅਗਵਾਈ ਵਿਚ ਆਇਆ ਜੀਵ; ਬੋਲੈ–ਦੱਸਦਾ ਹੈ; ਮਜਨ–ਇਸ਼ਨਾਨ (ਤੀਰਥਾਂ ਦੇ); ਚਜੁ–ਸਹੀ ਜਾਚ (ਕਰਮ ਕਾਂਡਾਂ ਦੇ ਮਨੋਰਥ ਨੂੰ ਸਾਹਮਣੇ ਰਖ ਕੇ); ਅਚਾਰੁ–ਕਰਮ।

## ਟੀਕਾ

੧. ਗੁਰਮੁਖਿ ਹਰੀ ਦੇ ਗੁਣ ਗਾਉਂਦਾ ਹੈ ਤੇ (ਭਾਰਾ ਗਉਰਾ ਹੋ ਕੇ ਦੁਨੀਆਂ ਨੂੰ ਵੀ) ਹਰੀ ਦੇ ਗੁਣ ਦਸਦਾ ਹੈ (ਪਰਉਪਕਾਰੀ ਜੂ ਹੋਇਆ)।



Sri Satguru Jagjit Singh Ji eLibrary NamdhariElibrary@gmail.com

੨. ਗੁਰਮੁਖਿ ਸੱਚ ਹੀ ਤੋਲਦਾ ਹੈ ਤੇ ਦੂਜਿਆਂ ਤੋਂ ਵੀ ਤੁਲਵਾਉਂਦਾ ਹੈ (ਉਹ ਦੁਨੀਆਂ ਵਿਚ ਸੱਚ ਵਰਤਦਾ ਵੇਖਣਾ ਚਾਹੁੰਦਾ ਹੈ)।

੩. ਗੁਰਮੁਖਿ (ਸੰਸਾਰ ਅੰਦਰ) ਸ਼ੰਕਾ ਰਹਿਤ ਹੋ ਕੇ ਵਿਚਰਦਾ ਹੈ (ਉਸ ਦੇ ਜੀਵਨ ਨੂੰ ਉਸ ਦੇ ਪਕੇ ਬਣੇ ਵਿਸ਼ਵਾਸ਼ ਹੀ ਤੋਰਦੇ ਹਨ। ਉਹ ਹੌਲੀਆਂ ਗੱਲਾਂ ਨਹੀਂ ਕਰਦਾ, ਨਾ ਭੁਲ ਭੁਲੇਖਿਆਂ ਵਿਚ ਬੋਲਦਾ ਹੈ)।

੪. ਗੁਰਮੁਖਿ ਆਪਣੀ ਮੈਲ ਦੂਰ ਕਰ ਚੁੱਕਾ ਹੈ, ਆਪਣੇ ਦੋਸ਼ਾਂ ਨੂੰ ਸਾੜ ਕੇ (ਵੇਖੋ ਪਉੜੀ ੧੮)।

੫. ਗੁਰਮੁਖਿ ਆਪ ਹੀ ਮਾਨੋ ਨਾਦ ਹੈ ਤੇ ਵੇਦ ਦਾ ਗਿਆਨ ਵਿਚਾਰ ਹੈ (ਗੁਰਮੁਖਿ ਦੇ ਦਰਸ਼ਨਾਂ ਵਿਚ ਹੀ ਨਾਦ ਤੇ ਵੇਦ ਦੋਹਾਂ ਦੇ ਫਲ ਆ ਜਾਂਦੇ ਹਨ)।

੬. ਗੁਰਮੁਖਿ ਦੇ ਦਰਸ਼ਨਾਂ ਵਿਚ ਹੀ ਤੀਰਥ ਇਸ਼ਨਾਨ, ਕਰਮ ਤੇ ਕਰਮ ਕਾਂਡਾਂ ਦੀ ਸੁਚੱਜ (ਸਹੀ ਜਾਚ) ਆ ਜਾਂਦੇ ਹਨ ਜਿਵੇਂ ਜਪੁ ਜੀ ਵਿਚ ਹੈ : ਸੁਣਿਐ ਅਠਸਠਿ ਕਾ ਇਸਨਾਨੁ ॥'

ਅਰਥਾਤ 'ਨਾਮ ਸੁਣਨ ਨਾਲ ਇਉਂ ਸਮਝੋ ਕਿ ੬੮ ਤੀਰਥਾਂ ਦੇ ਇਸ਼ਨਾਨਾਂ ਦਾ ਫਲ ਪ੍ਰਾਪਤ ਹੋ ਗਿਆ ਹੈ।'

੭. ਗੁਰਮੁਖਿ ਆਪ ਹੀ ਸ਼ਬਦ ਹੈ (ਉਸ ਦੇ ਜੀਵਨ ਵਿਚ ਗੁਰ-ਸ਼ਬਦ ਸਥਿਰ ਹੋ ਕੇ ਉਸ ਨੂੰ ਮਾਨੋਂ ਸ਼ਬਦ ਦਾ ਰੂਪ ਹੀ ਬਣਾ ਗਿਆ ਹੈ), ਗੁਰਮੁਖਿ ਹੀ ਸਰੇਸ਼ਟ ਅੰਮ੍ਰਿਤ ਹੈ (ਵੇਖੋ ਪਉੜੀਆਂ ੧੨ ਤੇ ੩੬)।

੮. ਹੇ ਨਾਨਕ, ਗੁਰਮੁਖਿ ਸੰਸਾਰ ਸਾਗਰ ਨੂੰ ਪਾਰ ਕਰ ਲੈਂਦਾ ਹੈ।

ਨੋਟ : ਸ਼ਬਦ 'ਗੁਰਮੁਖਿ' ਦੀ ਵਰਤੋਂ ਅਸਾਂ ਪਿਛੇ ਕਈ ਥਾਈਂ ਵੇਖੀ ਹੈ। ਇਸ ਦਾ ਅਰਥ ਹੈ 'ਗੁਰੂ ਦੀ ਅਗਵਾਈ ਵਿਚ ਤੁਰਨ ਵਾਲਾ', ਜਿਵੇਂ ਮਨਮੁਖ ਦਾ ਅਰਥ ਹੈ ਮਨ ਦੀ ਅਗਵਾਈ ਵਿਚ

ਤੁਰਨ ਵਾਲਾ । ਗੁਰੂ ਸਾਹਿਬ ਨੇ ਇਨ੍ਹਾਂ ਦੋਹਾਂ ਦੇ ਫਰਕਾਂ ਨੂੰ 'ਸਿਧ ਗੋਸਟਿ' ਬਾਣੀ ਅੰਦਰ ਕਈ ਥਾਈਂ ਵਰਨਣ ਕੀਤਾ ਹੈ। ਅਸੀਂ ਕੁਝ ਹਵਾਲੇ ਇਥੇ ਵੀ ਦਿੰਦੇ ਹਾਂ ਤਾਂ ਜੋ ਗੁਰਮੁਖਿ ਦਾ ਸਰੂਪ ਟਾਕਰੇ ਵਿਚ ਵਧੇਰੇ ਖੁਲ੍ਹ ਕੇ ਸਾਹਮਣੇ ਆ ਜਾਵੇ :

'ਮਨਮੁਖਿ ਬਿਨਸੈ ਆਵੈ ਜਾਇ ॥
ਨਾਨਕ ਗੁਰਮੁਖਿ ਸਾਚਿ ਸਮਾਇ ॥' (ਪੰਨਾ ੯੩੯)

ਅਰਥਾਤ 'ਮਨਮੁਖ ਮਾਇਆ ਵਿਚ ਨਸ਼ਟ ਹੋ ਜਾਂਦਾ ਹੈ। ਪਰ, ਹੇ ਨਾਨਕ, ਗੁਰਮੁਖਿ ਆਪਣੇ ਅੰਦਰ ਵਸਦੇ ਹਰੀ ਵਿਚ ਸੱਚ ਦੁਆਰਾ ਸਮਾ ਜਾਂਦਾ ਹੈ; (ਇਸ ਤਰ੍ਹਾਂ ਉਹ ਇਹ ਵੀ ਵੇਖ ਲੈਂਦਾ ਹੈ ਕਿ ਜਿਸ ਤਰ੍ਹਾਂ ਹਰੀ ਦਾ ਪ੍ਰਕਾਸ਼ ਉਸ ਦੇ ਆਪਣੇ ਅੰਦਰ ਹੋਇਆ ਹੈ, ਉਸੇ ਤਰ੍ਹਾਂ ਦੂਜਿਆਂ ਅੰਦਰ ਵੀ ਇਹੋ ਪ੍ਰਕਾਸ਼ ਹੈ ਤੇ ਜੇ ਇਹ ਧੁੰਧਲਾ ਵੀ ਹੋ ਗਿਆ ਹੈ ਤਾਂ ਮੁੜ ਵੀ ਕੀਤਾ ਜਾ ਸਕਦਾ ਹੈ)।

ਹੋਰ : 'ਮਨਮੁਖਿ ਭੂਲੈ ਜਮ ਕੀ ਕਾਣਿ ॥
ਪਰ ਘਰੁ ਜੋਹੈ ਹਾਣੇ ਹਾਣਿ ॥
ਗੁਰਮੁਖਿ ਸਾਚੇ ਕਾ ਭਉ ਪਾਵੈ ॥
ਗੁਰਮੁਖਿ ਬਾਣੀ ਅਘੜੁ ਘੜਾਵੈ ॥ (ਪੰਨਾ ੯੪੧)

ਅਰਥਾਤ "ਮਨਮੁਖ ਸਹੀ ਜੀਵਨ ਰਾਹ ਤੋਂ ਖੁੰਝ ਜਾਂਦਾ ਹੈ ਤੇ ਇਸ ਲਈ ਜਮਾਂ ਦੇ ਡਰ ਵਿਚ ਹੀ ਪਿਆ ਰਹਿੰਦਾ ਹੈ (ਆਵਾਗਵਣ ਦੇ ਚੱਕਰ ਕੱਢਦਾ ਰਹਿੰਦਾ ਹੈ)। ਉਹ ਆਪਣੇ ਘਰ (ਨਿਜ-ਸਰੂਪ) ਦੇ ਸੁੱਖ ਨੂੰ ਛੱਡ ਕੇ ਬਾਹਰ ਪਦਾਰਥਾਂ ਲਈ ਭਟਕਦਾ ਹੈ। ਇਸ ਵਿਚ ਉਸ ਨੂੰ ਘਾਟਾ ਹੀ ਘਾਟਾ ਹੈ (ਨੀਵੀਆਂ ਖਾਹਿਸ਼ਾਂ ਉਸ ਨੂੰ ਨੀਵੀਂ ਪੱਧਰ ਤੇ ਹੀ ਰੱਖਦੀਆਂ ਹਨ ਤੇ ਕਿਰਤ ਦਾ ਬੱਧਾ ਉਹ ਬਾਹਰ ਧੱਕੇ ਖਾਂਦਾ ਰਹਿੰਦਾ ਹੈ। ਉਸ ਨੂੰ ਪਤਾ ਨਹੀਂ ਕਿ ਸੁੱਖ ਦੇ ਸੋਮੇਂ ਉਸ ਦੇ ਆਪਣੇ ਅੰਦਰ ਹੀ ਮੌਜੂਦ ਹਨ। ਵਿਚਾਰ-ਸ਼ਕਤੀ ਤਾਂ ਉਸ ਨੂੰ ਮਿਲੀ ਹੋਈ ਹੀ ਹੈ, ਜਿਵੇਂ ਹੋਰ ਸਭ ਮਨੁੱਖਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਕੁਦਰਤ ਵਲੋਂ ਮਿਲਦੀ ਹੀ ਹੈ ਪਰ ਉਸ ਦਾ ਮਨ ਚੰਚਲ ਹੈ, ਕਮਜ਼ੋਰ ਹੈ ਤੇ ਪਾਪ-ਪੁੰਨ ਦਾ ਫ਼ਰਕ ਵੇਖ ਨਹੀਂ ਸਕਦਾ ਜਾਂ ਵੇਖਦਾ ਹੋਇਆ ਵੀ ਪਾਪ ਦੀ ਖਿੱਚ ਤੋਂ ਬਚ ਨਹੀਂ ਸਕਦਾ)। ਦੂਜੇ ਪਾਸੇ ਗੁਰਮੁਖ ਸੱਚੇ ਹਰੀ ਦਾ ਡਰ ਆਪਣੇ ਮਨ ਵਿਚ ਵਸਾਈ ਰੱਖਦਾ ਹੈ। ਗੁਰ-ਸ਼ਬਦ ਦੁਆਰਾ ਉਹ ਅਸਾਧ ਮਨ ਨੂੰ ਸਾਧ ਲੈਂਦਾ ਹੈ।'' ਇਸ ਚਲਦੀ ਪਉੜੀ ਵਿਚ ਤਾਂ ਗੁਰਮੁਖਿ ਦੀ ਵਡਿਆਈ ਕਰਦਿਆਂ ਗੁਰੂ ਸਾਹਿਬ ਲੋਟ ਪੋਟ ਹੁੰਦੇ ਦਿਸ ਰਹੇ ਹਨ। ਉਨ੍ਹਾਂ ਦੀਆਂ ਨਜ਼ਰਾਂ ਵਿਚ 'ਗੁਰਮੁਖ' ਸ਼ਬਦ ਨਿਰਾ ਉਸ ਬੰਦੇ ਲਈ ਨਹੀਂ ਵਰਤਿਆ ਗਿਆ, ਜਿਸ ਨੂੰ ਦੁਨੀਆਂ ਇਕ ਭਲਾ ਜੇਹਾ ਪੁਰਸ਼ ਹੀ ਸਮਝਦੀ ਹੈ। ਗੁਰੂ ਸਾਹਿਬ ਉਸ ਨੂੰ ਬ੍ਰਹਮ ਗਿਆਨੀ-ਸੰਤ ਦੇ ਆਦਰਸ਼ਕ ਰੂਪ ਵਿਚ ਹੀ ਵੇਖਦੇ ਤੇ ਪੇਸ਼ ਕਰਦੇ ਹਨ। ਉਸ ਦੇ ਰੋਮ ਰੋਮ ਵਿਚੋਂ ਰੱਬ ਦਾ ਪਿਆਰ ਨਿਕਲਦਾ ਵੇਖਦੇ ਹਨ। ਉਹ ਪਾਰਬ੍ਰਹਮ ਦਾ ਨਿਰਾ ਗਿਆਨੀ ਹੀ ਨਹੀਂ ਹੈ, ਉਸ ਨੇ ਸਗੋਂ ਪਾਰਬ੍ਰਹਮ ਨੂੰ ਆਪਣੇ ਅੰਦਰ ਵਰਤਾਇਆ ਹੈ। ਉਸ ਨੇ ਪਹਿਲਾਂ ਬ੍ਰਹਮ ਨੂੰ ਪਛਾਣਿਆ ਹੈ, ਫਿਰ ਆਪਣੇ ਅੰਦਰ ਸਹੀ ਕੀਤਾ ਹੈ ਤੇ ਫਿਰ ਸੇਵਕ ਹੋ ਕੇ ਦੂਜਿਆਂ ਨੂੰ ਵੀ ਰਾਹ ਵਿਖਾਲਿਆ ਹੈ। ਰੂਹਾਨੀ ਜ਼ਿੰਦਗੀ ਦੀ ਮਸ਼ਕ ਕਰਕੇ ਪਹਿਲਾਂ ਉਸ ਨੇ ਅੰਦਰੂਨੀ ਸ਼ਕਤੀ ਵਧਾਈ ਹੈ ਤੇ ਮੁੜ ਦੂਜਿਆਂ ਦੀ ਵਧਾਈ ਹੈ। ਗੁਰੂ ਸਾਹਿਬ ਉਸ ਗਿਆਨੀ ਸੇਵਕ ਬਾਬਤ ਇਉਂ ਬੋਲੇ ਸਨ :

"ਪ੍ਰਣਵਤਿ ਨਾਨਕੁ ਗਿਆਨੀ ਕੈਸਾ ਹੋਇ ॥
ਆਪੁ ਪਛਾਣੈ ਬੂਝੈ ਸੋਇ ॥" (ਪੰਨਾ ੨੫)

ਇਸ ਪਉੜੀ ਦਾ ਟਾਕਰਾ ਤੀਜੀ ਪਉੜੀ ਨਾਲ ਕਰੋ। ਓਥੇ 'ਗੁਰੂ' ਦੀ ਮਹਿਮਾ ਹੈ ਤੇ ਏਥੇ ਗੁਰਮੁਖ ਦੀ, ਪਰ ਦੋਹਾਂ ਵਿਚ ਫਰਕ ਕਰਨਾ ਔਖਾ ਹੋ ਗਿਆ ਹੈ। 'ਗੁਰਮੁਖਿ' ਦੀ ਸ਼ਖ਼ਸੀਅਤ ਵਿਚ ਐਸੀ ਸਭ ਪਾਸੀਂ ਤੇ ਮਿਲਵੀਂ ਪੂਰਨਤਾ ਆਈ ਹੈ ਕਿ ਉਸ ਵਿਚ ਭਗਤੀ, ਗਿਆਨ ਤੇ ਕਰਮ ਇਕੱਠੇ ਚਲ ਪਏ ਹਨ। ਉਹ ਸੇਵਕ ਹੋ ਕੇ

Sri Satguru Jagjit Singh Ji eLibrary NamdhariElibrary@gmail.com

ਵਿਚਰਦਾ ਹੈ ਕਿਉਂਕਿ ਉਹ ਸਭ ਦੇ ਅੰਦਰ ਆਪਣਾ ਆਪ ਵੇਖਦਾ ਹੈ। ਪਉੜੀ ਵਿਚ ਤਾਂ ਉਸ ਨੂੰ ਗੁਰ-ਸ਼ਬਦ ਦਾ ਰੂਪ ਬਣਾ ਦਿਤਾ ਗਿਆ ਹੈ। ਉਸ ਦੇ ਨਿਰੇ ਦਰਸ਼ਨਾਂ ਤੋਂ ਹੀ ਨਾਦ, ਵੇਦ ਅਤੇ ਤੀਰਥ ਇਸ਼ਨਾਨ ਦੇ ਫਲ ਪ੍ਰਾਪਤ ਕਰ ਲਈਦੇ ਹਨ। ਗੁਰਮੁਖ ਦੀ ਮਹਿਮਾ ਇਸੇ ਢੰਗ ਵਿਚ ਇਉਂ ਵੀ ਕੀਤੀ ਗਈ ਹੈ :

ਗੁਰਮੁਖਿ ਅਸ਼ਟਸਿਧੀ ਸਭਿ ਬੁਧੀ ॥
ਗੁਰਮੁਖਿ ਭਵਜਲੁ ਤਰੀਐ ਸਚ ਸੁਧੀ ॥ (ਪੰਨਾ ੯੪੧)

ਅਰਥਾਤ 'ਗੁਰਮੁਖਿ ਅੱਠਾਂ ਹੀ ਸਿਧੀਆਂ ਅਤੇ ਸਾਰੀਆਂ ਹੀ ਬੁਧੀਆਂ ਦਾ ਮਾਨੋ ਰੂਪ ਹੈ। ਗੁਰਮੁਖਿ ਦੀ ਸੰਗਤ ਵਿਚ, ਸਚ ਦੀ ਸੂਝ ਪ੍ਰਾਪਤ ਕਰਕੇ ਸੰਸਾਰ ਸਾਗਰ ਤਰੀਦਾ ਹੈ।' ਇਸ ਤੋਂ ਵੀ ਵੱਧ, 'ਗੁਰਮੁਖ' ਨੂੰ ਇਉਂ ਮਹਾਨ ਬਣਾਇਆ ਹੈ :

ਗੁਰਮੁਖਿ ਧਰਤੀ ਸਾਚੈ ਸਾਜੀ ॥ (ਪੰਨਾ ੯੪੧)

ਅਰਥਾਤ 'ਗੁਰਮੁਖਾਂ ਲਈ ਹੀ ਸੱਚੇ ਹਰੀ ਨੇ ਧਰਤੀ ਬਣਾਈ ਹੈ (ਦੇਖੋ, ਕਿਤਨਾ ਵਿਸ਼ਾਲ ਹੈ ਗੁਰੂ ਜੀ ਦਾ ਮਾਨਵਵਾਦ। ਉਹ ਸਾਰੇ ਜਗਤ ਨੂੰ ਹੀ ਗੁਰਮੁਖ ਬਨਾਣਾ ਚਾਹੁੰਦੇ ਹਨ, ਇਸੇ ਲਈ ਹੀ ਉਨ੍ਹਾਂ ਧਰਤੀ ਨੂੰ ਧਰਮਸਾਲ, ਧਰਮਖੰਡ, ਦੇ ਨਾਮ ਦਿਤੇ ਸਨ। ਇਸੇ ਲਈ ਹੀ ਉਹ ਭਾਰਤ ਦੇ ਅੰਦਰ ਤੇ ਭਾਰਤ ਤੋਂ ਬਾਹਰ ਜਗਤ ਵਿਚ ਫਿਰੇ ਸਨ। ਗੁਰਮੁਖ ਲਹਿਰ ਨੂੰ ਮਜ਼ਬੂਤ ਕਰਨ ਲਈ ਉਹ ਗੁਰਮੁਖ ਲਭਦੇ ਫਿਰਦੇ ਸਨ। ਮਨੁਖ ਜਾਤੀ ਦੀਆਂ ਸਭ ਸਮੱਸਿਆਵਾਂ ਦਾ ਹੱਲ ਹੀ ਇਹ ਹੈ ਕਿ ਗੁਰਮੁਖਾਂ ਦੀ ਅਗਵਾਈ ਸਭ ਕਿਸੇ ਲਈ ਪ੍ਰਾਪਤ ਹੋ ਜਾਵੇ। ਇਸ ਮਨੋਰਥ ਦੀ ਪੂਰਤੀ ਲਈ ਹੀ ਉਹ ਥਾਂ ਥਾਂ ਸੰਗਤਾਂ ਕਾਇਮ ਕਰਦੇ ਸਨ, ਜਿਨ੍ਹਾਂ ਦੇ ਕੇਂਦਰ ਗੁਰਮੁਖ ਬਣਦੇ ਸਨ। ਇਸ ਤਰ੍ਹਾਂ ਉਨ੍ਹਾਂ ਦਾ ਸੰਦੇਸ਼ ਦੇਸ ਕਾਲ ਦੀਆਂ ਹੱਦਾਂ ਟੱਪ ਜਾਂਦਾ ਸੀ ਤੇ ਸੰਸਾਰ-ਵਿਆਪੀ ਹੋ ਜਾਂਦਾ ਸੀ। ਅਸੀਂ ਏਥੇ ਯੋਗੀਆਂ ਵਲੋਂ ਪੁਛੇ ਇਕ ਪ੍ਰਸ਼ਨ ਅਤੇ ਗੁਰੂ ਜੀ ਵਲੋਂ



Sri Satguru Jagjit Singh Ji eLibrary NamdhariElibrary@gmail.com

ਦਿਤੇ, ਉੱਤਰ ਨੂੰ ਦੇ ਕੇ, ਇਸ ਪਖ ਦੀ ਸੋਝੀ ਖੁਲ੍ਹ ਕੇ ਕਰਨੀ ਚਾਹੁੰਦੇ ਹਾਂ :

ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥
ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥
ਕਿਸੁ ਵਖਰ ਕੇ ਤੁਮ ਵਣਜਾਰੇ ॥
ਕਿਉਕਰਿ ਸਾਥੁ ਲੰਘਾਵਹੁ ਪਾਰੇ ॥੧੭॥ (ਪੰਨਾ ੯੩੯)

(ਜੋਗੀ ਪੁੱਛਦੇ ਹਨ ਕਿ ਜੇ ਸੰਸਾਰ-ਤਿਆਗ ਦੀ ਸਾਡੀ ਵਿਚਾਰ-ਧਾਰਾ ਠੀਕ ਨਹੀਂ, ਜਿਵੇਂ ਤੁਸਾਂ ਸਾਨੂੰ ਅਗੇ ਦਸਿਆ ਹੈ ਤਾਂ) ਤੁਸੀਂ ਆਪ ਕਿਸ ਕਾਰਣ ਘਰ ਛੱਡਿਆ ਹੈ ਤੇ ਉਦਾਸੀ(ਹੋ ਕੇ ਫਿਰਦੇ ਹੋ)? ਕਿਸ ਕਾਰਣ ਕਰ ਕੇ ਤੁਸੀਂ ਆਪਣੇ ਮੌਜੂਦਾ ਉਦਾਸ-ਭੇਖ ਦੇ ਧਾਰਨੀ ਬਣੇ ਹੋ ? ਕਿਸ ਵਸਤੂ ਦੇ ਤੁਸੀਂ ਵਪਾਰੀ ਹੋ? ਕਿਵੇਂ ਤੁਸੀਂ ਆਪਣੇ ਸਾਥੀਆਂ ਨੂੰ (ਦੁਤਰ ਸੰਸਾਰ ਸਾਗਰ ਤੋਂ ਪਾਰ ਲੰਘਾਵੋਗੇ ? ਅਸਾਂ ਤਾਂ ਸਾਥੀਆਂ ਦਾ ਤਿਆਗ ਹੀ ਕਰ ਛੱਡਿਆ ਹੈ। ਪਰ ਤੁਹਾਡੇ ਤਾਂ ਹਨ, ਤੁਸੀਂ ਉਨ੍ਹਾਂ ਸਾਰਿਆਂ ਨੂੰ ਕਿਵੇਂ ਪਾਰ ਕਰੋਗੇ ?) ਗੁਰੂ ਜੀ ਦਾ ਉੱਤਰ ਇਹ ਹੈ :

ਗੁਰਮੁਖਿ ਖੋਜਤ ਭਏ ਉਦਾਸੀ ॥
ਦਰਸਨ ਕੈ ਤਾਈ ਭੇਖ ਨਿਵਾਸੀ ॥
ਸਾਚ ਵਖਰ ਕੇ ਹਮ ਵਣਜਾਰੇ ॥
ਨਾਨਕ ਗੁਰਮੁਖਿ ਉਤਰਸਿ ਪਾਰੇ ॥ (ਪੰਨਾ ੯੩੯)

ਅਰਥਾਤ : ਅਸੀਂ ਗੁਰਮੁਖਾਂ ਨੂੰ ਲੱਭਣ ਲਈ ਉਦਾਸੀ ਹੋਏ ਹਾਂ। ਸੰਸਾਰ ਦੁੱਖ ਵਿਚ ਹੈ, ਦੁੱਖ ਦਾ ਇਲਾਜ ਸੱਚ ਦਾ ਰਾਹ ਹੈ ਤੇ ਗੁਰਮੁਖ ਹੀ ਸੱਚ ਨੂੰ ਦੁਨੀਆਂ ਵਿਚ ਖਿਲਾਰਦੇ ਹਨ। ਜੋ ਲਾਂਭੇ ਹੋ ਬੈਠਦੇ ਹਨ, ਉਹ ਭਾਵੇਂ ਕਿੰਨੇ ਵੀ ਚੰਗੇ ਹੋਣ, ਆਪਣੇ ਫ਼ਰਜ਼ਾਂ ਤੋਂ ਨੱਸ ਗਏ ਹਨ। ਅਸੀਂ ਗੁਰਮੁਖਾਂ ਨੂੰ ਹੀ ਲੱਭਦੇ



Sri Satguru Jagjit Singh Ji eLibrary NamdhariElibrary@gmail.com

ਫਿਰਦੇ ਹਾਂ)।

ਅਸੀਂ ਹਰੀ-ਦਰਸ਼ਨ (ਗੁਰ-ਦਰਸ਼ਨ ਜਾਂ ਗੁਰਮੁਖ-ਦਰਸ਼ਨ) ਨੂੰ ਖਿਲਾਰਨ ਲਈ ਹੀ ਇਹ ਉਦਾਸੀ ਭੇਖ ਧਾਰਨ ਕੀਤਾ ਹੋਇਆ ਹੈ।

ਅਸੀਂ ਸੱਚ-ਵਸਤੂ ਦੇ ਹੀ ਵਪਾਰੀ ਹਾਂ (ਤੇ ਕਿਸੇ ਵੀ ਹੋਰ ਵਸਤੂ ਨੂੰ ਸੱਚ ਤੋਂ ਉਪਰ ਥਾਂ ਨਹੀਂ ਦਿੰਦੇ। ਕਿਸੇ ਦੁਨਿਆਵੀ ਲਾਭ ਲਈ ਅਸੀਂ ਸੱਚ ਨੂੰ ਛੱਡਦੇ ਵੀ ਨਹੀਂ)।

ਹੇ ਨਾਨਕ, ਗੁਰੂ ਦੀ ਸ਼ਰਨ ਵਿਚ ਆ ਕੇ ਹਰ ਕੋਈ ਪਾਰ ਉਤਰ ਸਕਦਾ ਹੈ (ਸੱਚ ਕਿਸੇ ਇਕ ਦੀ ਮੌਰੂਸ ਨਹੀਂ, ਸੱਚ ਕੋਈ ਐਸੀ ਚੀਜ਼ ਨਹੀਂ ਜੋ ਕੇਵਲ ਯੋਗੀਆਂ, ਤਿਆਗੀਆਂ ਜਾਂ ਤਪੱਸਵੀਆਂ ਨੂੰ ਹੀ ਪ੍ਰਾਪਤ ਹੋ ਸਕਦੀ ਹੈ, ਸਗੋਂ ਹਰ ਇਕ ਨੂੰ ਇਸ ਦੀ ਪ੍ਰਾਪਤੀ ਹੋ ਸਕਦੀ ਹੈ। ਸੇਵਾ ਤਿਆਗ, ਪ੍ਰੇਮ ਤੇ ਕੁਰਬਾਨੀ ਨਾਲ ਹਰ ਕੋਈ ਹਰੀ ਤੀਕ ਅੱਪੜ ਸਕਦਾ ਹੈ। ਸੋ ਸਾਡਾ ਇਹ ਦਾਅਵਾ ਗ਼ਲਤ ਨਹੀਂ ਕਿ ਸਾਡੇ ਸਾਥੀਆਂ ਦਾ ਵੀ ਪਾਰ ਉਤਾਰਾ ਹੋ ਜਾਏਗਾ, ਜੋ ਸਾਡੀ ਚਲਾਈ ਲਹਿਰ (ਗੁਰਮੁਖ-ਲਹਿਰ) ਵਿਚ ਸ਼ਾਮਲ ਹੋ ਜਾਣਗੇ।

ਨੋਟ : "ਪਉੜੀ ਦੇ ਸੰਬੰਧ ਵਿਚ ਖਾਸ ਨੋਟ ਕਰਨ ਵਾਲੀ ਗੱਲ ਇਹ ਵੀ ਹੈ ਕਿ ਸ਼ਬਦ 'ਨਾਦ' ਦੀ ਵਰਤੋਂ ਇਸੇ ਇਕ ਪਉੜੀ ਵਿਚ ਹੋਈ ਹੈ ਤੇ ਕੇਵਲ ਇਹ ਦਸਣ ਲਈ ਹੋਈ ਹੈ ਕਿ 'ਨਾਦ' ਨੂੰ ਗੁਰਮਤਿ ਵਿਚ ਕੋਈ ਥਾਂ ਨਹੀਂ। ਐਨ ਇਸ ਤਰ੍ਹਾਂ ਦੀ ਵਰਤੋਂ ਹੋਰ ਕਈ ਥਾਈਂ ਵੀ ਹੋਈ ਹੈ, ਜਿਨ੍ਹਾਂ ਵਿਚੋਂ ਕੁਝ ਪਾਠਕਾਂ ਦੇ ਸਾਹਮਣੇ ਰੱਖਣਾ ਬਣਦਾ ਹੈ :

(ੳ) ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
(ਜਪੁਜੀ, ਗੁਰੂ ਨਾਨਕ)

(ਅ) ਸਭਿ ਨਾਦ ਬੇਦ ਗੁਰਬਾਣੀ ॥ ਮਨੁ ਰਾਤਾ ਸਾਰਿਗਪਾਣੀ ॥
(ਰਾਮਕਲੀ ਮਹਲਾ ੧, ਪੰਨਾ ੮੭੯)

(ੲ) ਨ ਭੀਜੈ ਰਾਗੀ ਨਾਦੀ ਬੇਦਿ ॥ ਨ ਭੀਜੈ ਸੁਰਤੀ ਗਿਆਨੀ ਜੋਗਿ ॥ ਲੇਖਾ ਲਿਖੀਐ ਮਨ ਕੈ ਭਾਇ ॥ ਨਾਨਕ ਭੀਜੈ ਸਾਚੈ ਨਾਇ ॥ (ਸਾਰੰਗ ਮਹਲਾ ੧, ਪੰਨਾ ੧੨੩੭)

ਇਨ੍ਹਾਂ ਸਾਰਿਆਂ ਹਵਾਲਿਆਂ ਵਿਚ 'ਨਾਦ' ਨਹੀਂ, 'ਨਾਮ' ਪ੍ਰਧਾਨ ਹੈ। ਇਹ ਵੀ ਯਾਦ ਰਖਿਆ ਜਾਏ ਕਿ ਇਸ ਬਾਣੀ ਦਾ ਸਿਰਲੇਖ ਹੈ 'ਓਅੰਕਾਰ' ਜੋ ਪ੍ਰਮਾਤਮਾ ਦਾ ਧੁੰਨਾਤਮਕ (ਨਾਦਾਤਮਕ) ਨਾਮ ਮੰਨਿਆ ਗਿਆ ਹੋਇਆ ਹੈ। ਫਿਰ ਵੀ ਜੇ ਇਸ ੫੪ ਪਉੜੀਆਂ ਦੀ ਬਾਣੀ ਵਿਚ 'ਨਾਦ' ਦੀ ਵਰਤੋਂ ਕੇਵਲ ਇਕੋ ਸਤਰ ਵਿਚ ਹੋਵੇ ਤੇ ਹੋਵੇ ਵੀ ਸਿਖੀ ਦੀ ਵਿਲੱਖਣਤਾ ਵਿਚ ਨਾਮ ਦੀ ਵਿਸ਼ੇਸ਼ਤਾ ਦੱਸਣ ਲਈ ਤਾਂ ਸਿੱਟਾ ਇਹ ਹੀ ਨਿਕਲ ਸਕੇਗਾ ਕਿ ਸਿਖੀ ਵਿਚ 'ਨਾਦ' ਨੂੰ ਕੋਈ ਥਾਂ ਨਹੀਂ ਦਿਤੀ ਗਈ।

## ਪਉੜੀ (੨੩)

ਚੰਚਲੁ ਚੀਤੁ ਨ ਰਹਈ ਠਾਇ ॥
ਚੋਰੀ ਮਿਰਗੁ ਅੰਗੂਰੀ ਖਾਇ ॥
ਚਰਨ ਕਮਲ ਉਰਧਾਰੇ ਚੀਤ ॥
ਚਿਰੁ ਜੀਵਨੁ ਚੇਤਨੁ ਨਿਤ ਨੀਤ ॥
ਚਿੰਤਤ ਹੀ ਦੀਸੈ ਸਭੁ ਕੋਇ ॥
ਚੇਤਹਿ ਏਕੁ ਤਹੀ ਸੁਖੁ ਹੋਇ ॥
ਚਿਤਿ ਵਸੈ ਰਾਚੈ ਹਰਿ ਨਾਇ ॥
ਮੁਕਤਿ ਭਇਆ ਪਤਿ ਸਿਉ ਘਰਿ ਜਾਇ ॥੨੩॥

## ਪਦ-ਅਰਥ

ਠਾਇ–ਇਕ ਥਾਂ ਉਤੇ; ਮਿਰਗ–ਹਿਰਨ (ਮਨ ਰੂਪ); ਅੰਗੂਰੀ–ਨਵੀਂ ਫੁਟੀ ਵੇਲ (ਪਾਪ ਰੂਪ); ਉਰਧਾਰੇ–ਦਿਲ ਵਿਚ ਟਿਕਾਏ; ਚਿੰਤਤ–ਚਿੰਤਾਤੁਰ।


Sri Satguru Jagjit Singh Ji eLibrary NamdhariElibrary@gmail.com

੧. ਚੰਚਲ (ਚਲਾਇਮਾਨ) ਇਹ ਮਨ ਇੱਕ ਥਾਂ ਤੇ ਟਿਕਦਾ ਨਹੀਂ।

੨. ਹਿਰਨ ਰੂਪੀ ਇਹ ਮਨ ਪਾਪ ਰੂਪੀ ਅੰਗੂਰੀ ਲੁਕ ਲੁਕ ਕੇ ਖਾਂਦਾ ਹੈ।

੩. ਪਰ ਇਹੋ ਮਨ ਜੇ ਹਰੀ ਦੇ ਚਰਨ ਕਮਲ ਆਪਣੇ ਅੰਦਰ ਟਿਕਾ ਲਵੇ,

੪. ਤਾਂ ਇਹ ਮਨ ਸਦਾ ਹੀ ਚੇਤਨ (ਜਾਗਦਾ) ਤੇ ਵਡ-ਉਮਰਾ ਹੋ ਜਾਵੇ।

੫. (ਵੇਖੋ, ਸੰਸਾਰ ਵਿਚ ਹਰੀ ਨੂੰ ਚਿਤ ਵਿਚ ਨਾ ਵਸਾਣ ਕਰ ਕੇ) ਸਭ ਕੋਈ ਚਿੰਤਾਤੁਰ (ਚਿੰਤਾ ਫਿਕਰਾਂ ਵਿਚ) ਹੀ ਦਿੱਸਦਾ ਹੈ (ਕਿਉਂਕਿ ਅਨੰਦ-ਸਰੂਪ ਤੋਂ ਉਹ ਦੂਰ ਹੋ ਗਿਆ ਹੁੰਦਾ ਹੈ); ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥

੬. ਪਰ ਜੋ ਲੋਕ ਇੱਕ ਹਰੀ ਨੂੰ ਹੀ ਸਿਮਰਦੇ ਹਨ, ਉਨ੍ਹਾਂ ਦੇ ਮਨਾਂ ਵਿਚ ਸੁੱਖ ਵਰਤ ਜਾਂਦਾ ਹੈ।

੭. ਜਿਸ ਕਿਸੇ ਦੇ ਹਿਰਦੇ ਵਿੱਚ ਵੀ ਨਾਮ ਦਾ ਪਿਆਰ ਵੱਸ ਜਾਂਦਾ ਹੈ ਉਸਦੇ ਅੰਦਰ ਹਰੀ ਆਪ ਆ ਵਸਦਾ ਹੈ।

੮. ਉਹ ਸਮਝੋ ਮੁਕਤਿ ਹੋ ਗਿਆ ਹੈ (ਹਰੀ ਦੀ ਪ੍ਰਾਪਤੀ ਹੀ ਮੁਕਤੀ ਹੈ), ਉਹ ਇਜ਼ਤ ਨਾਲ ਆਪਣੇ ਅਸਲ ਘਰ ਅਪੜ ਗਿਆ ਹੈ (ਉਹ ਹਰੀ ਵਿਚ ਸਮਾ ਗਿਆ ਹੈ)।

ਨੋਟ:–ਗੁਰਮਤਿ ਵਿੱਚ ਮੁਕਤਿ (ਮੋਖ) ਦਾ ਸਿਧਾਂਤ ਇਹੋ ਹੈ। ਇਹ ਮੋਖ ਅਸਮਾਨਾਂ ਵਿਚ ਨਹੀਂ ਤੇ ਨਾ ਮਰ ਕੇ ਪ੍ਰਾਪਤ ਹੋਣਾ ਹੈ। ਏਥੇ ਹੀ ਮੁਕਤਿ ਹੋ ਸਕੀਦਾ ਹੈ। ਮੁਕਤਿ ਦਾ ਅਰਥ ਤਾਂ ਹੈ ਛੁਟਕਾਰਾ, ਆਜ਼ਾਦੀ। ਜਦ ਕੋਈ ਮਨੁੱਖ ਆਪਣੇ ਸਾਰੇ ਬੰਧਨਾਂ



Sri Satguru Jagjit Singh Ji eLibrary NamdhariElibrary@gmail.com

ਤੋਂ ਆਜ਼ਾਦ ਹੋ ਜਾਂਦਾ ਹੈ ਤਾਂ ਉਹ ਮੁਕਤਿ ਹੈ ਤੇ ਇਹ ਮੁਕਤੀ ਆਪਣੇ ਹੀ ਯਤਨਾਂ ਨਾਲ ਪ੍ਰਾਪਤ ਹੋਣੀ ਹੁੰਦੀ ਹੈ। ਫਿਰ ਮੁਕਤਿ ਹੋਇਆ ਜੀਵ ਹਰੀ ਦਾ ਰੂਪ ਹੀ ਹੋ ਜਾਂਦਾ ਹੈ। (ਇਹੋ ਮੁਕਤੀ ਹੈ ਤੇ ਇਹੋ ਸਹਿਜ ਹੈ)।

## ਪਉੜੀ (੨੪)

ਛੀਜੈ ਦੇਹ ਖੁਲੈ ਇਕ ਗੰਢਿ ॥
ਛੇਆਨਿਤ ਦੇਖਹੁ ਜਗਿ ਹੰਢਿ ॥
ਧੂਪ ਛਾਵ ਜੇ ਸਮ ਕਰਿ ਜਾਣੈ ॥
ਬੰਧਨ ਕਾਟਿ ਮੁਕਤਿ ਘਰਿ ਆਣੈ ॥
ਛਾਇਆ ਛੂਛੀ ਜਗਤੁ ਭੁਲਾਨਾ ॥
ਲਿਖਿਆ ਕਿਰਤੁ ਧੁਰੇ ਪਰਵਾਨਾ ॥
ਛੀਜੈ ਜੋਬਨੁ ਜਰੂਆ ਸਿਰਿ ਕਾਲ ॥
ਕਾਇਆ ਛੀਜੈ ਭਈ ਸਿਬਾਲ ॥੨੪॥

## ਪਦ-ਅਰਥ

ਛੀਜੈ–ਟੁੱਟਦੀ ਭਜਦੀ ਹੈ; ਛੇਆ–ਛੈ, ਖੈ, ਮੌਤ; ਹੰਢਿ–ਫਿਰ ਕੇ; ਧੂਪ ਛਾਵ–ਦੁੱਖ ਸੁੱਖ; ਛਾਇਆ–ਮਾਇਆ; ਛੂਛੀ–ਥੋਥੀ; ਜਰੂਆ–ਬੁਢੇਪਾ: ਸਿਬਾਲੁ–ਜਾਲਾ (ਪਾਣੀ ਦਾ)।

## ਟੀਕਾ

੧. ਜਦੋਂ ਸਰੀਰ ਟੁੱਟ ਜਾਂਦਾ ਹੈ, ਤਦੋਂ ਇਸ ਦੀ ਇੱਕ (ਆਤਮਾ) ਨਾਲ ਪਈ ਗੰਢ ਖੁਲ੍ਹ ਜਾਂਦੀ ਹੈ (ਤੇ ਇਹ ਮੁਰਦਾ ਹੋ ਕੇ ਰਹਿ ਜਾਂਦੀ ਹੈ)

੨. (ਯਾਦ ਰੱਖੋ,) ਮੌਤ ਨਿਤ ਨਿਤ ਹੀ ਹੈ (ਸਰੀਰ ਸਦੀਵੀ ਨਹੀਂ ਹੁੰਦਾ, ਕੇਵਲ ਆਤਮਾ ਹੀ ਸਦੀਵੀ ਹੈ) ਬੇਸ਼ੱਕ ਸਾਰੇ ਜਗਤ ਵਿਚ ਫਿਰ ਕੇ ਵੇਖ ਲੋ।



Sri Satguru Jagjit Singh Ji eLibrary NamdhariElibrary@gmail.com

੩. ਜੋ ਮਨੁੱਖ ਵੀ ਏਥੇ (ਸਹਜ ਦੀ ਹਾਲਤ ਵਿਚ ਹੋ ਕੇ) ਦੁੱਖ ਸੁਖ ਨੂੰ ਇਕ ਸਮਾਨ ਸਮਝਣ ਲੱਗ ਜਾਂਦਾ ਹੈ,

੪. ਉਹ ਸਭ ਮਾਇਕੀ ਬੰਧਨ ਕਟ ਕੇ ਆਪਣੇ ਆਪ ਨੂੰ ਮੁਕਤੀ ਦੇ ਘਰ ਵਿਚ ਲੈ ਆਉਂਦਾ ਹੈ (ਅਸੀਂ ਪਿਛੇ ਵੀ ਵੇਖ ਆਏ ਹਾਂ ਮੁਕਤੀ ਹੁੰਦੀ ਹੀ ਪ੍ਰਮਾਤਮਾ ਦੀ ਪ੍ਰਾਪਤੀ ਹੈ, ਜੋ ਸਹਜ ਵਿਚ ਅਪੜ ਕੇ ਹੀ ਹੁੰਦੀ ਹੈ। ਗੁਰੂ ਸਾਹਿਬ ਨਿਕੀਆਂ ਨਿਕੀਆਂ ਤੁਕਾਂ ਵਿਚ ਵਡੇ ਵਡੇ ਸਿਧਾਂਤਕ ਵਿਚਾਰ ਖਿਲਾਰਦੇ ਤੇ ਸਮਝਾਂਦੇ ਜਾਂਦੇ ਹਨ)।

੫. ਮਾਇਆ ਹੈ ਤਾਂ ਥੋਥੀ (ਹੌਲੀ, ਅਨਿਸਥਿਰ) ਪਰ ਵੇਖੋ ਇਸੇ ਨੇ ਸਾਰੇ ਜਗਤ ਨੂੰ ਹੀ ਭੁੱਲੀਂ ਪਾਇਆ ਹੋਇਆ ਹੈ।

੬. ਇਉਂ ਸਮਝੋ ਕਿ ਜੀਵਾਂ ਦੀ ਆਪਣੀ ਕਿਰਤ ਦਾ ਧੁਰੋਂ ਹੀ ਪਰਵਾਨਾ ਲਿਖਿਆ ਹੁੰਦਾ ਹੈ (ਇਸ ਪਰਵਾਨੇ ਤੋਂ ਛੁਟਕਾਰਾ ਆਪਣੀ ਇਸ ਕਿਰਤ (ਸੁਭਾਉ) ਨੂੰ ਬਦਲਣ ਨਾਲ ਹੀ ਹੋਣਾ ਹੈ। ਜੀਵ ਨੇ ਇਹ ਪਰਵਾਨਾ ਆਪ ਹੀ ਖੜ੍ਹਾ ਕੀਤਾ ਸੀ ਤੇ ਆਪ ਹੀ ਬਦਲ ਵੀ ਸਕਦਾ ਹੈ, ਆਪਣੇ ਹੀ ਉਪਰਾਲੇ ਨਾਲ)।

੭. (ਸੋ, ਚੇਤਾ ਰਖੋ ਕਿ) ਜਵਾਨੀ ਚਲੀ ਜਾਂਦੀ ਹੈ, ਬੁਢੇਪਾ ਆ ਜਾਂਦਾ ਹੈ ਤੇ ਫਿਰ ਸਿਰ ਉਤੇ ਕਾਲ ਆ ਖੜੋਂਦਾ ਹੈ;

੮. ਸਰੀਰ ਟੁੱਟ ਜਾਂਦਾ ਹੈ, ਪਾਣੀ ਦੇ ਜਾਲੇ ਵਾਂਗ ਢਿੱਲਾ ਪੈ ਜਾਂਦਾ ਹੈ (ਸਮਾਂ ਗਵਾਉ ਨਾ)।

## ਪਉੜੀ (੨੫)

ਜਾਪੈ ਆਪਿ ਪ੍ਰਭੂ ਤਿਹੁ ਲੋਇ ॥
ਜੁਗਿ ਜੁਗਿ ਦਾਤਾ ਅਵਰੁ ਨ ਕੋਇ ॥
ਜਿਉ ਭਾਵੈ ਤਿਉ ਰਾਖਹਿ ਰਾਖੁ ॥
ਜਸੁ ਜਾਚਉ ਦੇਵੈ ਪਤਿ ਸਾਖੁ ॥
ਜਾਗਤੁ ਜਾਗਿ ਰਹਾ ਤੁਧੁ ਭਾਵਾ ॥



Sri Satguru Jagjit Singh Ji eLibrary NamdhariElibrary@gmail.com

ਜਾ ਤੂ ਮਲਾਹ ਤਾ ਤੁਝ ਸਮਾਵਾ ॥
ਜੈਜੈਕਾਰੁ ਜਪਉ ਜਗਦੀਸ ॥
ਗੁਰਮਤਿ ਮਿਲੀਐ ਬੀਸ ਇਕੀਸ ॥੨੫॥

## ਪਦ-ਅਰਥ

ਜਾਪੈ–ਦਿਸਦਾ ਹੈ; ਤਿਹੁ ਲੋਇ–ਤਿੰਨਾਂ ਲੋਕਾਂ ਵਿਚ; ਜਾਚਉ–ਮੰਗਦਾ ਹਾਂ; ਬੀਸ–ਵੀਹ ਵਿਸਵੇ, ਯਕੀਨਨ; ਇਕੀਸ–ਇਕ ਈਸਰ ਨੂੰ; ਗੁਰਮਤਿ–ਗੁਰੂ ਦੀ ਸਿਖਿਆ ਦਵਾਰਾ, ਗੁਰੂ ਦੀ ਅਗਵਾਈ ਵਿਚ ਹੋ ਕੇ।

## ਟੀਕਾ

੧. ਹਰੀ (ਦਾਤਾ) ਤਿੰਨਾਂ ਲੋਕਾਂ ਵਿਚ ਹੈ ਤੇ ਦਿਸਦਾ ਵੀ ਹੈ ਜੇ ਉਹ ਦਾਤਾ ਆਪ ਹੀ (ਕਿਸੇ ਨੂੰ ਇਸ ਦਾਤ ਦੇ ਯੋਗ ਸਮਝੇ)।

੨. ਜੁਗਾਂ ਜੁਗਾਂ ਵਿਚ ਉਹ ਹੀ ਦਾਤਾ ਹੈ, ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ।

੩. (ਇਸ ਲਈ ਮੇਰੀ ਪ੍ਰਾਰਥਨਾ ਇਹ ਹੈ ਕਿ) ਜਿਸ ਹਾਲਤ ਵਿਚ ਮੈਨੂੰ ਰੱਖਣਾ ਤੈਨੂੰ ਭਾਉਂਦਾ ਹੋਵੇ, ਉਸ ਵਿਚ ਹੀ ਤੂੰ ਮੈਨੂੰ ਰੱਖ (ਜਦੋਂ ਮੈਂ ਤੇਰੀ ਦਾਤ ਪ੍ਰਾਪਤ ਕਰਨ ਯੋਗ ਹੋ ਜਾਵਾਂਗਾ ਤਾਂ ਤੇਰੀ ਦਾਤ ਆਪੇ ਮਿਲੇਗੀ)।

੪. ਸੋ, ਮੈਂ ਤੈਥੋਂ ਇਹ ਹੀ ਦਾਤਿ ਮੰਗਦਾ ਹਾਂ ਕਿ ਮੈਨੂੰ ਆਪਣੀ ਸਿਫਤ ਸਲਾਹ ਦੇਹ। ਕੇਵਲ ਇਸ ਤਰ੍ਹਾਂ ਹੀ ਤੇਰੀ ਦਰਗਾਹ ਵਿਚ ਮੇਰੀ ਇਜ਼ਤ ਬਣਦੀ ਹੈ, ਮੇਰੀ ਕਬੂਲੀਅਤ ਦੀ ਸ਼ਾਖ਼ ਬਣਦੀ ਹੈ।

੫. (ਜੇ ਮੈਂ ਤੇਰੀ ਸਿਫਤ ਸਲਾਹ ਦੁਆਰਾ) ਜਾਗਤ ਹੋ ਜਾਵਾਂ ਤੇ ਤੇਰੀ ਬਖ਼ਸ਼ੀ ਰੋਸ਼ਨੀ ਵਿਚ ਸੁਚੇਤ ਰਹਾਂ ਤਾਂ ਮੈਂ ਤੈਨੂੰ ਚੰਗਾ ਲਗਾਂਗਾ, ਤੇਰੀ ਪ੍ਰਸੰਨਤਾ ਪ੍ਰਾਪਤ ਕਰਾਂਗਾ (ਤੇਰੀ ਮਿਹਰ,


Sri Satguru Jagjit Singh Ji eLibrary NamdhariElibrary@gmail.com

ਤੇਰੀ ਪ੍ਰਸੰਨਤਾ ਪ੍ਰਾਪਤ ਕਰਨ ਤੋਂ ਬਿਨਾਂ, ਨਹੀਂ ਹੋ ਜਾਂਦੀ, ਵੇਖੋ ਪਉੜੀ ੪ ਅਤੇ ੩੫ ਵੀਂ)।

੬. ਇਉਂ ਜਦੋਂ ਤੂੰ ਆਪ ਮੈਨੂੰ ਆਪਣੇ ਨਾਲ ਮੇਲੇਂਗਾ ਤਾਂ ਹੀ ਮੈਂ ਤੇਰੇ ਵਿਚ ਸਮਾਵਾਂਗਾ।

੭. ਸੋ, ਹੇ ਜਗਤ ਦੇ ਮਾਲਕ, ਮੈਂ ਤਾਂ ਕੇਵਲ ਤੇਰੀ ਹੀ ਜੈ ਜੈਕਾਰ ਜਪਦਾ ਹਾਂ।

੮. ਇਸ ਤਰ੍ਹਾਂ ਗੁਰੂ ਦੀ ਅਗਵਾਈ ਵਿਚ ਹੋ ਕੇ ਹੀ ਤੈਨੂੰ ਮਿਲੀਦਾ ਹੈ।

ਨੋਟ:-ਦੇਖੋ, ਇਸ ਪਉੜੀ ਵਿਚ ਨਾਮ ਦਾ ਇਹ ਪੱਖ ਕਿ ਹਰੀ ਦੀ ਸਿਫਤ ਸਲਾਹ ਦੁਆਰਾ ਉਸ ਦੀ ਪ੍ਰਸੰਨਤਾ ਪ੍ਰਾਪਤ ਕਰੀਦੀ ਹੈ ਤੇ ਉਸ ਨੂੰ ਪਾ ਲਈਦਾ ਹੈ, ਸਮਝਾਇਆ ਗਿਆ ਹੈ। ਸੱਚੇ ਭਗਤ ਕੇਵਲ ਇਹ ਦਾਤ ਹੀ, ਨਿਸ਼ਕਾਮ ਹੋ ਕੇ, ਮੰਗਦੇ ਹਨ ਤੇ ਆਪਣੀ ਅਧਿਆਤਮਕ ਉਸਾਰੀ ਕਰਦੇ ਹਨ।

## ਪਉੜੀ (੨੬)

ਝਖਿ ਬੋਲਣੁ ਕਿਆ ਜਗ ਸਿਉ ਵਾਦੁ ॥
ਝੂਰ ਮਰੈ ਦੇਖੈ ਪਰਮਾਦੁ ॥
ਜਨਮਿ ਮੂਏ ਨਹੀ ਜੀਵਣ ਆਸਾ ॥
ਆਇ ਚਲੇ ਭਏ ਆਸ ਨਿਰਾਸਾ ॥
ਝੁਰਿ ਝੁਰਿ ਝਖਿ ਮਾਟੀ ਰਲਿ ਜਾਇ ॥
ਕਾਲੁ ਨ ਚਾਂਪੈ ਹਰਿਗੁਨ ਗਾਇ ॥
ਪਾਈ ਨਵਨਿਧਿ ਹਰਿ ਕੈ ਨਾਇ ॥
ਆਪੇ ਦੇਵੈ ਸਹਜਿ ਸੁਭਾਇ ॥੨੬॥

## ਪਦ-ਅਰਥ

ਵਾਦੁ-ਝਗੜਾ; ਪਰਮਾਦੁ-ਪਾਗਲਪਨ; ਚਾਂਪੈ-ਚਬਦਾ ਹੈ,



Sri Satguru Jagjit Singh Ji eLibrary NamdhariElibrary@gmail.com

ਸਹਜਿ ਸੁਭਾਇ–ਸੁਤੇ ਸਿਧ, ਆਪਣੇ ਆਪ (ਜੋ ਆਪਣੀ ਯੋਗਤਾ ਦੇ ਕਾਰਨ ਹੋਵੇ)।

## ਟੀਕਾ

੧. ਜਗਤ ਨਾਲ ਵਾਦ- ਵਿਵਾਦ (ਝਗੜੇ) ਛੇੜਨਾ ਕਿਸ ਕੰਮ ? ਇਹ ਤਾਂ ਸਗੋਂ ਝਖ ਮਾਰਣ ਵਾਲੀ ਬਾਤ ਹੈ (ਇਹ ਪਾਗਲਪਨ ਹੈ)।

੨. ਜੇ ਇਸ ਪਾਗਲਪਨ ਦਾ ਕਿਸੇ ਨੂੰ ਯਕੀਨ ਹੋ ਜਾਵੇ ਤਾਂ ਨਿਰਸੰਦੇਹ ਉਹ ਝੁਰਦਾ ਹੈ, ਪਛਤਾਂਦਾ ਹੈ (ਜੀਵਨ ਅੰਦਰ ਮਨੁੱਖਾਂ ਦੇ ਆਪਣੇ ਆਪਣੇ ਤਜਰਬੇ ਵਿਚ ਆਈਆਂ ਗੱਲਾਂ ਹੀ ਏਥੇ ਵਿਖਾਈਆਂ ਜਾ ਰਹੀਆਂ ਹਨ)।

੩. ਜਿਨ੍ਹਾਂ ਜੀਵਾਂ ਨੇ ਆਪਣੇ ਆਪਣੇ ਜੀਵਨ ਦੀ ਕੋਈ ਉਚੇਰੀ ਆਸ (ਮਨੋਰਥ) ਨਹੀਂ ਬਣਾਈ, ਉਹ ਜੰਮਦੇ ਮਰਦੇ ਹੀ ਰਹਿੰਦੇ ਹਨ।

੪. ਉਹ ਸੰਸਾਰ ਵਿਚ ਜਨਮ ਲੈ ਕੇ ਖ਼ਾਲੀ ਤੁਰ ਜਾਂਦੇ ਹਨ ਤੇ ਆਪਣੀਆਂ ਛੋਟੀਆਂ ਛੋਟੀਆਂ ਦੁਨਿਆਵੀ ਆਸਾਂ ਤੋਂ ਵੀ ਵਾਂਜੇ ਹੋ ਕੇ ਤੁਰ ਜਾਂਦੇ ਹਨ।

੫. ਇਸ ਤਰ੍ਹਾਂ ਜੀਵ ਝੁਰ ਝੁਰ ਕੇ, ਝੱਖਾਂ ਮਾਰ ਮਾਰ ਕੇ, ਮਿੱਟੀ ਵਿਚ ਹੀ ਰਲ ਜਾਂਦਾ ਹੈ (ਬਿਨਾਂ ਕੁਝ ਪ੍ਰਾਪਤ ਕੀਤੇ)।

੬. (ਇਸ ਦੇ ਉਲਟ) ਜੋ ਹਰੀ ਦੇ ਗੁਣ ਗਾਵੰਦਾ ਹੈ, ਉਸ ਨੂੰ ਕਾਲ ਨਹੀਂ ਚੱਬਦਾ (ਉਹ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ)।

੭. ਉਹ ਸਗੋਂ ਹਰੀ ਦੇ ਨਾਮ ਦੁਆਰਾ ਨੌ-ਨਿਧੀਆਂ ਪ੍ਰਾਪਤ ਕਰ ਲੈਂਦਾ ਹੈ (ਹਰੀ ਦੀਆਂ ਗੁਣ ਵਡਿਆਈਆਂ ਉਸ ਵਿਚ ਭਰਪੂਰ ਆ ਵਸਦੀਆਂ ਹਨ–ਇਹੋ ਨੌ-ਨਿਧੀਆਂ ਹੁੰਦੀਆਂ ਹਨ ਜੋ ਉਸ ਨੂੰ ਅਧਿਆਤਮਕ ਤੌਰ ਤੇ ਅਮੀਰ ਕਰ ਦੇਂਦੀਆਂ ਹਨ)।



Sri Satguru Jagjit Singh Ji eLibrary NamdhariElibrary@gmail.com

੮. ਪਰ ਇਹ ਦਾਤਿ ਉਸ ਨੂੰ ਹਰੀ ਤੋਂ ਸੁਤੇ-ਸਿਧ ਹੀ ਪ੍ਰਾਪਤ ਹੋ ਜਾਂਦੀ ਹੈ ਉਸ ਦੀ ਯੋਗਤਾ ਦੇ ਕਾਰਨ (ਵੇਖੋ ਪਿਛਲੀ ਪਉੜੀ ਵੀ, ਜਿਸ ਵਿਚ ਵਿਚਾਰ ਏਹੋ ਹੀ ਸੀ)।

# ਪਉੜੀ (੨੭)

ਗਿਆਨੋ ਬੋਲੈ ਆਪੇ ਬੂਝੈ ॥
ਆਪੇ ਸਮਝੈ ਆਪੇ ਸੂਝੈ ॥
ਗੁਰ ਕਾ ਕਹਿਆ ਅੰਕਿ ਸਮਾਵੈ ॥
ਨਿਰਮਲ ਸੂਚੇ ਸਾਚੋ ਭਾਵੈ ॥
ਗੁਰੁ ਸਾਗਰੁ ਰਤਨੀ ਨਹੀ ਤੋਟ ॥
ਲਾਲ ਪਦਾਰਥ ਸਾਚੁ ਅਖੋਟ ॥
ਗੁਰਿ ਕਹਿਆ ਸਾ ਕਾਰ ਕਮਾਵਹੁ ॥
ਗੁਰ ਕੀ ਕਰਣੀ ਕਾਹੇ ਧਾਵਹੁ ॥
ਨਾਨਕ ਗੁਰਮਤਿ ਸਾਚਿ ਸਮਾਵਹੁ ॥੨੭॥

# ਪਦ-ਅਰਥ

ਗਿਆਨੋ–ਗਿਆਨ; ਅੰਕਿ–ਹਿਰਦੇ ਵਿਚ; ਅਖੋਟ–ਅਮੁੱਕ।

# ਟੀਕਾ

੧. 'ਗੁਰੂ' ਗਿਆਨ ਹੀ ਬੋਲਦਾ ਹੈ ਤੇ ਉਸ ਗਿਆਨ (ਦਾ ਗੂੜ੍ਹ ਭਾਵ) ਆਪ ਹੀ ਬੁਝਦਾ ਹੈ।

੨. ਉਹ ਗਿਆਨ ਨੂੰ ਆਪ ਹੀ ਇਸ ਲਈ ਸਮਝਦਾ ਹੈ, ਕਿਉਂਕਿ ਇਹ ਉਸ ਨੂੰ ਆਪਣੇ ਹੀ ਅੰਦਰ ਅਨੁਭਵ ਹੋਇਆ ਹੈ।

੩. ਜਿਹੜੇ (ਗੁਰਮੁਖ ਪੁਰਸ਼ਾਂ) ਦੇ ਹਿਰਦੇ ਵਿਚ ਗੁਰੂ ਦਾ ਆਖਿਆ ਹੋਇਆ ਬਚਨ (ਸ਼ਬਦ) ਸਮਾ ਜਾਂਦਾ ਹੈ, ਅਰਥਾਤ ਸਥਿਰ ਹੋ ਕੇ ਟਿਕ ਜਾਂਦਾ ਹੈ।



Sri Satguru Jagjit Singh Ji eLibrary NamdhariElibrary@gmail.com

੪. ਉਹ ਨਿਰਮਲ ਹੋ ਜਾਂਦੇ ਹਨ, ਸੁਚੇ ਹੋ ਜਾਂਦੇ, ਫਿਰ ਸੱਚ ਹੀ ਉਹਨਾਂ ਨੂੰ ਭਾਵੰਦਾ ਹੈ,

੫. 'ਗੁਰੂ' ਸਾਗਰ ਹੈ ਜਿਸ ਅੰਦਰ ਗੁਣ ਰੂਪ ਰਤਨਾਂ ਦੀ ਥੁੜ ਨਹੀਂ ਹੈ।

੬. ਉਸ ਅੰਦਰ (ਸੱਚ ਰੂਪ) ਲਾਲ ਪਦਾਰਥ ਅਮੁੱਕ ਹਨ।

੭. ਇਸ ਲਈ ਹੇ ਭਰਾਵੋ, ਜੋ ਗੁਰੂ ਕਹਿੰਦਾ ਹੈ, ਉਹੋ ਕਰੋ।

੮. ਗੁਰੂ ਦੀ ਕੋਈ ਇਕ ਕਰਣੀ ਵੇਖ ਕੇ ਹੀ ਉਸ ਤੋਂ ਕਿਉਂ ਭਜਦੇ ਹੋ (ਕਰਣੀ ਤੋਂ ਕਈ ਵਾਰ ਭੁਲੇਖਾ ਲਗ ਸਕਦਾ ਹੈ, ਸਾਰੇ ਹਾਲਾਤ ਦਾ ਕਿਸੇ ਨੂੰ ਵੀ ਕੀ ਪਤਾ ਹੁੰਦਾ ਕਿ ਕਿਉਂ ਇਉਂ ਕੀਤਾ ਗਿਆ ਸੀ ? ਗੁਰੂ ਦੀ ਆਪਣੀ ਸਮਝ ਵਿਸ਼ਾਲ ਹੈ, ਉਹ ਗਿਆਨ (ਜੋ ਹਰੀ ਤੋਂ ਹੀ ਉਤਰਿਆ ਹੈ) ਦਾ ਸੋਮਾ ਹੈ, ਇਸ ਲਈ ਉਸ ਨੂੰ ਅਭੁਲ ਸਮਝਣਾ ਚਾਹੀਦਾ ਹੈ। ਉਸ ਉਤੇ ਵਿਸ਼ਵਾਸ ਲਿਆਉ। ਸਮੇਂ ਨਾਲ ਪਤਾ ਲੱਗ ਜਾਏਗਾ ਕਿ ਉਸ ਦਾ ਰਾਹ ਸਦਾ ਠੀਕ ਹੈ।

੯. ਹੇ ਨਾਨਕ, (ਤਰਕਾਂ ਛੱਡ ਕੇ) ਗੁਰੂ ਦੀ ਅਗਵਾਈ ਵਿਚ ਹੋ ਕੇ, ਗੁਰੂ ਦੇ ਸ਼ਬਦ ਦੀ ਕਮਾਈ ਨਾਲ਼, ਸਚੇ ਹਰੀ ਵਿਚ ਸਮਾ ਜਾਵੋ।

ਨੋਟ:–ਇਸ ਪਉੜੀ ਤੇ ਇਸ ਤੋਂ ਪਹਿਲੀਆਂ ਤਿੰਨਾਂ ਦਾ ਮਜ਼ਮੂਨ ਇਕ ਹੀ ਹੈ–ਗੁਰੂ ਦੀ ਤਾਬੇਦਾਰੀ ਵਿਚ ਆਤਮ-ਸਮਰਪਨ ਕਰ ਦੇਣ। ਗੁਰੂ ਦੇ ਹੁਕਮ ਵਿਚ ਹੋ ਜਾਣਾ, ਇਥੋਂ ਤੱਕ ਕਿ ਗੁਰੂ ਦੀ ਕਿਸੇ ਵੀ ਕਰਨੀ ਵੱਲ ਸ਼ੱਕ ਨਾਲ ਵੇਖਣਾ ਹੀ ਨਹੀਂ। ਉਹ ਅਭੁੱਲ ਹੈ ਤੇ ਉਸ ਦਾ ਸ਼ਬਦ ਹਰੀ ਤੋਂ ਉਤਰਿਆ ਹੈ। ਸ਼ੱਕ ਆਪਣੀ ਦੂਰ-ਦਰਸ਼ੀ ਦੀ ਘਾਟ ਤੋਂ ਉਪਜਦਾ ਹੈ। ਗੁਰੂ ਉਤੇ ਬੇ-ਇਤਬਾਰੀ ਹਾਨੀਕਾਰਕ ਹੁੰਦੀ ਹੈ, ਗੁਰ-ਸ਼ਬਦ ਹੀ ਜੀਵ ਦੀ ਸਹੀ ਮਾਨਸਿਕ



Sri Satguru Jagjit Singh Ji eLibrary NamdhariElibrary@gmail.com

ਬਿਰਤੀ ਬਣਾਂਦਾ ਹੈ। ੨੯ ਅਤੇ ੩੦ ਪਉੜੀਆਂ ਵਿਚ ਜੀਵ-ਇਸਤ੍ਰੀ ਤੇ ਹਰੀ-ਪਤੀ ਦੀ ਅਲੰਕਾਰਕ ਸਹਾਇਤਾ ਨਾਲ ਦਸਿਆ ਜਾਏਗਾ ਕਿ ਦੂਜੇ ਭਾਵ ਦੀ ਭਟਕਣਾ ਛੱਡ ਕੇ ਹਰੀ-ਪਤੀ ਦੀ ਟੇਕ ਵਿਚ ਹੋ ਕੇ ਹੀ ਨਾਮ-ਅੰਮ੍ਰਿਤ ਪੀਤਾ ਜਾ ਸਕਦਾ ਹੈ ਤੇ ਬੁਰਾਈ ਤੋਂ ਬਚਿਆ ਜਾ ਸਕਦਾ ਹੈ।

ਹੁਕਮ ਵਿਚ ਹੋ ਜਾਣ ਦਾ ਜ਼ਿਕਰ ਜਪੁਜੀ ਦੀ ਪਉੜੀ ੨ ਵਿਚ ਵੀ ਆਇਆ ਹੈ। ਉਥੇ ਇਸ ਨੂੰ ਕਿਰਤ ਕਰਮ ਬਨਾਣ ਵਾਲੀ ਰੱਬੀ ਵਿਉਂਤ ਆਖਿਆ ਗਿਆ ਹੈ, ਜਿਸ ਅਨੁਸਾਰ ਜੀਵ ਉਤਮ ਜਾਂ ਨੀਚ ਹੋ ਜਾਂਦੇ ਹਨ ਤੇ 'ਇਕਨਾ ਹੁਕਮੀ ਬਖਸੀਸ' ਵੀ ਹੋ ਜਾਂਦੀ ਹੈ। ਉਹ ਕਿਵੇਂ ਹੁੰਦੀ ਹੈ ? ਉਹ ਵੀ ਕਿਸੇ ਅਸਮਾਨਾਂ ਵਿਚ ਬੈਠੀ ਸ਼ਕਤੀ ਦੇ ਆਪ-ਹੁਦਰੇ ਫੁਰਮਾਣ ਨਾਲ ਨਹੀਂ ਹੁੰਦੀ। ਮਨੁੱਖਾਂ ਦੇ ਅੰਦਰੋਂ ਹੀ ਜਾਗ੍ਰਤੀ ਉਪਜਦੀ ਹੈ। ਹੁਕਮ ਦਾ ਪ੍ਰਕਾਸ਼ ਉਂਞ ਤਾਂ ਅਗੇ ਹੀ ਸਭ ਦੇ ਅੰਦਰ ਹੈ, ਕਿਉਂਕਿ ਪ੍ਰਮਾਤਮਾ ਆਪ ਸਭ ਦੇ ਅੰਦਰ ਹੈ। ਮਨੁੱਖੀ ਆਤਮਾ, ਮਨ, ਤਨ ਤੇ ਭਾਵਾਂ ਵਿਚ ਉਸ ਦਾ ਹੁਕਮ ਉਕਰਿਆ ਹੀ ਹੋਇਆ ਹੈ :

ਜੀਆ ਅੰਦਰਿ ਜੁਗਤਿ ਸਮਾਈ ਰਹਿਓ ਨਿਰਾਲਮੁ ਰਾਇਆ ॥

(ਮਾਰੂ ਮਹਲਾ ੧, ਪੰਨਾ ੧੦੩੮)

ਹਰ ਮਨੁੱਖ ਦੇ ਅੰਦਰ ਰੱਬੀ ਜੋਤਿ ਹੈ ਜੋ ਉਸ ਦੇ ਹੁਕਮ ਦਾ ਪਤਾ ਦੇ ਸਕਦੀ ਹੈ : ਜਪੁ ਜੀ ਵਿਚ ਗੁਰੂ ਜੀ ਦਸਦੇ ਹਨ :

'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥'

ਅਰਥਾਤ 'ਉਸ' ਦੇ ਹੁਕਮ ਵਿਚ ਰਹਿਣ ਦੀ ਸੂਝ ਆਪਣੇ ਹੀ ਅੰਦਰੋਂ ਹੋ ਸਕਦੀ ਹੈ, ਕਿਉਂਕਿ ਹੁਕਮ ਆਪਣੇ ਅੰਦਰ, ਆਪਣੇ ਹੀ ਨਾਲ ਲਿਖਿਆ ਹੁੰਦਾ ਹੈ। ਇਸ ਨੂੰ ਅੰਦਰ ਦੀ ਆਵਾਜ਼ ਵੀ ਕਹਿਆ ਜਾਂਦਾ ਹੈ। ਆਪਣੇ ਨਿਰੋਲ ਰੂਪ ਵਿਚ ਮਨੁੱਖ ਦੀ ਸ਼ੁੱਧ ਆਤਮਾ ਤੋਂ ਉਸ ਦੇ ਹੁਕਮ ਦਾ ਪਤਾ ਲਗਦਾ ਰਹਿੰਦਾ ਹੈ। ਪਰ ਇਸ ਅੰਦਰ ਦੀ ਜੋਤ ਦਾ ਪ੍ਰਕਾਸ਼ ਮਧਮ ਵੀ ਪੈ ਸਕਦਾ ਹੈ।



Sri Satguru Jagjit Singh Ji eLibrary NamdhariElibrary@gmail.com

ਇਸ ਦਾ ਕਾਰਨ ਜਿਵੇਂ ਏਥੇ ਵੀ ਪਉੜੀਆਂ ਵਿਚ ਦਸਿਆ ਜਾ ਰਿਹਾ ਹੈ, ਹਉਮੈ ਹੁੰਦੀ ਹੈ। ਇਸ ਲਈ ਹੀ ਗੁਰੂ ਜੀ ਕਹਿੰਦੇ ਹਨ :

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥

ਹਉਮੈ ਅਤੇ ਹੁਕਮੀ ਜੀਵਣ ਦਾ ਪ੍ਰਸਪਰ ਵਿਰੋਧ ਹੈ। ਇਹ ਦੋਵੇਂ ਇਕੱਠੇ ਨਹੀਂ ਚਲ ਸਕਦੇ, ਪਰ ਹੁਕਮ ਬੁਝਣਾ ਤੇ ਉਸ ਅਨੁਸਾਰ ਜੀਣਾ ਸੱਚ-ਜੀਵਣ ਜੀਣਾ ਹੈ। ਇਸ ਦੇ ਉਲਟ ਜੀਣਾ, ਦੁੱਖ ਵਿਚ ਜੀਣਾ ਹੈ। ਜੋ ਖੁਦੀ ਮੇਟ ਦਿੰਦਾ ਹੈ ਉਸ ਦੀ ਜੋਤਿ ਜਗ ਪੈਂਦੀ ਹੈ ਤੇ ਉਹ ਸੁਤੇ ਹੀ ਹੁਕਮ ਬੁਝਦਾ ਹੈ। ਇਸ ਨੂੰ ਕਹਿਆ ਜਾਂਦਾ ਹੈ ਕਿ ਬਖ਼ਸ਼ਿਸ਼ ਦੇ ਦਰਵਾਜ਼ੇ ਖੁਲ੍ਹ ਗਏ ਹਨ। ਇਸ ਜੋਤਿ ਨੂੰ ਸ਼ਬਦ ਜਾਂ ਨਾਮ ਦੁਆਰਾ ਜਗਾਇਆ ਜਾਂਦਾ ਹੈ। ਜਿਨ੍ਹਾਂ ਮਹਾਂ-ਪੁਰਸ਼ਾਂ ਉਸ ਦੇ ਹੁਕਮ ਨੂੰ ਪੂਰਨ ਰੂਪ ਵਿਚ ਜਾਣ ਲਿਆ ਹੈ ਭਾਵ ਜਿਨ੍ਹਾਂ ਦੇ ਪਵਿੱਤ੍ਰ ਸ਼ੀਸ਼ੇ ਵਰਗੇ ਦਿਲਾਂ ਵਿਚ ਉਸ ਦੇ ਹੁਕਮ ਦਾ ਅਕਸ ਪਿਆ ਹੈ ਤੇ ਇਸ ਤਰ੍ਹਾਂ ਗੁਰ-ਸ਼ਬਦ ਉਤਰਿਆ ਹੈ, ਉਹਨਾਂ ਦੇ ਦੱਸੇ ਅਨੁਸਾਰ ਆਪਣੀ ਆਤਮਾ ਨੂੰ ਤੋਰਿਆ ਜਾਂਦਾ ਹੈ। ਭਾਵ ਇਹ ਹੈ ਕਿ ਉਹਨਾਂ ਮਹਾਂ-ਪੁਰਸ਼ਾਂ ਦੀ ਆਗਿਆ ਵਿਚ ਜੀਵਨ ਨੂੰ ਚਲਾਣਾ, ਇਹ ਵੀ ਪ੍ਰਮਾਤਮਾ ਦੇ ਹੁਕਮ ਵਿਚ ਤੁਰਨ ਦੇ ਹੀ ਤੁੱਲ ਹੈ। ਗੁਰੂ ਦੇ ਸ਼ਬਦ ਦਵਾਰਾ ਹਰੀ ਦਾ ਹੀ ਹੁਕਮ ਪ੍ਰਗਟ ਹੋਇਆ ਹੁੰਦਾ ਹੈ। ਇਸ ਲਈ ਗੁਰੂ ਦੇ ਸ਼ਬਦ ਨੂੰ ਵੀ ਹਰੀ ਦਾ ਹੁਕਮ ਸਮਝਿਆ ਜਾ ਸਕਦਾ ਹੈ। ਮਹਾਰਾਜ ਇਸ ਗੱਲ ਨੂੰ ਇਉਂ ਸਮਝਾਂਦੇ ਸਨ :

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥

(ਆਸਾ ਮਹਲਾ ੧, ਪੰਨਾ ੪੬੬)

ਅਰਥਾਤ–"ਹਉਮੈ ਚੰਦਰਾ ਰੋਗ ਹੈ, ਪਰ ਦਾਰੂ ਭੀ



Sri Satguru Jagjit Singh Ji eLibrary NamdhariElibrary@gmail.com

ਇਸ ਦੇ ਅੰਦਰ ਹੀ ਹੈ। ਜੇ ਗੁਰੂ ਦੀ ਕ੍ਰਿਪਾ ਨਾਲ ਗੁਰੂ ਦੇ ਸ਼ਬਦ ਦੀ ਕਮਾਈ ਕੀਤੀ ਜਾਏ ਤਾਂ, ਹੇ ਸੰਤ ਜਨੋ, ਇਸ ਹਉਮੈ ਤੋਂ ਉਪਜੇ ਦੁੱਖ ਮੁਕ ਜਾਂਦੇ ਹਨ।" ਸ਼ਬਦ ਦੀ ਕਮਾਈ ਨਾਲ ਹੀ ਹਉਮੈ ਕਟੀਦੀ ਹੈ ਤੇ ਜੋਤਿ ਜਗਦੀ ਹੈ। ਜਿਉਂ ਜਿਉਂ ਹਿਰਦਾ ਰੂਪ ਸ਼ੀਸ਼ਾ ਸਾਫ ਹੁੰਦਾ ਜਾਂਦਾ ਹੈ ਤਿਉਂ ਤਿਉਂ ਹਰੀ ਦੀ ਆਵਾਜ਼, ਹਰੀ ਦਾ ਹੁਕਮ, ਸਾਫ ਦਿਸਣ ਲੱਗ ਪੈਂਦਾ ਹੈ। ਗੁਰੂ ਜੀ ਇਸ ਗੱਲ ਨੂੰ ਹੋਰ ਖੋਲ੍ਹਦੇ ਹਨ :

ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ ॥

(ਰਾਮਕਲੀ ਮਹਲਾ ੧, ਪੰਨਾ ੯੪੦)

ਅਰਥਾਤ 'ਹੁਕਮ ਵਿਸਮਾਦ ਹੈ, ਅਸਚਰਜ ਹੈ, ਬਿਆਨ ਤੋਂ ਪਰੇ ਹੈ : 'ਹੁਕਮ ਨ ਕਹਿਆ ਜਾਈ' ਪਰ ਸ਼ਬਦ ਦੁਆਰਾ ਹੁਕਮ ਵਿਚ ਤੁਰਿਆਂ ਇਸ ਹੁਕਮ ਦੀ ਪਛਾਣ ਹੁੰਦੀ ਹੈ। ਜੋ ਤੁਰਦਾ ਹੈ ਉਹ ਸੱਚ ਨੂੰ ਪਛਾਣ ਲੈਂਦਾ ਹੈ ਤੇ ਇਸ ਲਈ ਜੀਵਨ-ਜੁਗਤੀ ਨੂੰ ਵੀ ਠੀਕ ਠੀਕ ਪਛਾਣ ਲੈਂਦਾ ਹੈ।" ਜੋ ਆਪਾ ਭਾਵ ਮੇਟ ਕੇ, ਹਉਮੈ ਨਾਸ ਕਰਕੇ, ਮਾਇਆ ਦੇ ਅਸਰਾਂ ਤੋਂ ਆਜ਼ਾਦ ਹੋ ਜਾਂਦਾ ਹੈ, ਉਸ ਦੇ ਅੰਦਰ ਸਚ ਸਰੂਪ ਹਰੀ ਆਪ ਆ ਵਸਦਾ ਹੈ (ਮੁੜ ਆਪੇ ਹੀ ਹੁਕਮ ਦੀ ਸਹੀ ਪਛਾਣ ਹੋ ਜਾਂਦੀ ਹੈ)।

ਏਥੇ ਹੁਕਮੀ ਬੰਦੇ ਦੀ ਤਸਵੀਰ ਵਿਖਾਈ ਹੈ। ਉਹ ਹਰੀ ਦਾ ਟਹਿਲੀਆ ਹੁੰਦਾ ਹੈ। ਉਸ ਨੇ ਸ਼ਬਦ ਦੁਆਰਾ ਹਰੀ ਨਾਲ ਇਕਸੁਰ ਹੋ ਕੇ ਆਪਣੀ ਸਾਰੀ ਅਪਣਤ ਨੂੰ ਖ਼ਤਮ ਕੀਤਾ ਹੁੰਦਾ ਹੈ, ਉਸ ਦਾ ਆਪਾ ਪ੍ਰਮਾਤਮਾ ਵਿਚ ਲੀਨ ਹੋ ਗਿਆ ਹੁੰਦਾ ਹੈ। ਫਿਰ ਜਿਵੇਂ ਜਿਵੇਂ ਹੁਕਮ ਹੁੰਦਾ ਹੈ ਤਿਵੇਂ ਤਿਵੇਂ ਉਸ ਦੀ ਕਾਰ ਚਲਦੀ ਹੈ।

ਗੁਰੂ ਜੀ ਦੇ ਜੀਵਨ ਦਾ ਇਤਿਹਾਸ ਦਸਦਾ ਹੈ ਕਿ ਉਹਨਾਂ ਨੇ ਗੁਰਿਆਈ ਦੀ ਮਹਾਨ ਜ਼ਿੰਮੇਂਵਾਰੀ ਲਈ ਯੋਗਤਾ ਦੀ ਪਰਖ, ਭਾਵੇਂ ਇਹ ਛੋਟੇ ਘੇਰੇ ਵਿਚ ਹੀ ਸੀ, ਕੇਵਲ ਇਸ ਕਸਵੱਟੀ ਨਾਲ ਹੀ ਕੀਤੀ ਸੀ ਕਿ ਜਿਸ ਪੁਰਸ਼ ਨੇ ਇਹ ਜ਼ਿੰਮੇਂਵਾਰੀ

Sri Satguru Jagjit Singh Ji eLibrary NamdhariElibrary@gmail.com

ਚੁੱਕਣੀ ਹੈ, ਉਸ ਨੇ ਆਪਣੇ ਗੁਰੂ-ਮਾਲਕ ਦੇ ਹੁਕਮ ਨੂੰ ਕਿੰਨਾ ਕੁ ਪ੍ਰਵਾਣ ਕਰ ਲਿਆ ਹੋਇਆ ਹੈ। ਗੁਰੂ ਜੀ ਫੁਰਮਾਂਦੇ ਸਨ :

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥
(ਆਸਾ ਮਹਲਾ ੧, ਪੰਨਾ ੪੭੧)

ਹੋਰ : ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ ॥
(ਆਸਾ ਮਹਲਾ ੧, ਪੰਨਾ ੪੨੧)

ਇਸ ਲਈ ਹਰੀ ਰੂਪ ਗੁਰੂ ਦੇ ਹੁਕਮ ਵਿਚ ਤੁਰਿਆਂ ਹੀ ਹੁਕਮ ਦੀ ਸਮਝ ਆਂਵਦੀ ਹੈ ਤੇ ਜੀਵਨ ਜੁਗਤੀ ਲੱਭਦੀ ਹੈ। ਆਪੇ ਨੂੰ ਹਰੀ ਗੁਰੂ ਦੀ ਮੁਕੰਮਲ ਤਾਬੇਦਾਰੀ ਵਿਚ ਲਿਆਣਾ ਪੈਂਦਾ ਹੈ। ਗੁਰੂ ਦੇ ਹਵਾਲੇ ਪੂਰਨ ਤੌਰ ਤੇ ਹੋ ਕੇ ਆਪੇ ਨੂੰ ਖ਼ਤਮ ਹੀ ਕਰ ਦੇਣਾ ਹੁੰਦਾ ਹੈ। ਅਰਥਾਤ, ਉਸ ਦਾ ਹਥਿਆਰ ਬਣ ਕੇ ਜਿਵੇਂ ਉਹ ਚਲਾਏ ਤਿਉਂ ਤਿਉਂ ਚਲਣਾ ਹੁੰਦਾ ਹੈ।

ਭਾਈ ਲਹਿਣਾ ਜੀ ਨੂੰ ਗੁਰੂ ਜੀ ਨੇ ਕੰਧ ਦੀ ਉਸਾਰੀ ਤੇ ਲਾ ਦਿਤਾ ਸੀ। ਜਦ ਇਹ ਮੁਕੰਮਲ ਹੋ ਗਈ ਸੀ ਤਾਂ ਇਸ ਨੂੰ ਰੱਦ ਕਰ ਦਿੱਤਾ ਗਿਆ ਸੀ ਤੇ ਗਿਰਾ ਕੇ ਫਿਰ ਹੋਰ ਉਸਾਰਨ ਦਾ ਹੁਕਮ ਦਿਤਾ ਗਿਆ ਸੀ। ਜਦ ਦੂਜੀ ਵਾਰ ਵੀ ਮੁਕੰਮਲ ਹੋ ਗਈ, ਤਾਂ ਇਸ ਨੂੰ ਫੇਰ ਢਵਾ ਦਿੱਤਾ ਗਿਆ ਤੇ ਮੁੜ ਉਸਾਰਨ ਲਈ ਆਖਿਆ ਗਿਆ ਸੀ। ਇਸੇ ਤਰ੍ਹਾਂ ਕੁਝ ਵਾਰ ਹੋਰ ਹੁੰਦਾ ਗਿਆ। ਮਾਤਾ ਸੁਲੱਖਣੀ ਜੀ ਨੂੰ ਇਹ ਚੰਗਾ ਨਾ ਲੱਗਾ, ਉਹ ਚਾਹੁੰਦੇ ਸਨ ਕਿ ਲਹਿਣਾ ਜੀ ਨੂੰ ਅਜੇਹੇ ਹੁਕਮ ਮੰਨਣੋਂ ਨਾਂਹ ਕਰ ਦੇਣੀ ਚਾਹੀਦੀ ਸੀ ਪਰ ਲਹਿਣਾ ਜੀ ਇਸ ਰਮਜ਼ ਨੂੰ ਸਮਝਦੇ ਸਨ ਕਿ ਸੇਵਕ ਦਾ ਕੰਮ ਮਾਲਕ ਦੇ ਹੁਕਮ ਦੀ ਪੜਚੋਲ ਕਰਨਾ ਨਹੀਂ, ਉਸ ਦੀ ਪਾਲਣਾ ਕਰਨਾ ਹੈ। ਉਹ ਗੁਰੂ ਦੀ ਤਾਬੇਦਾਰੀ ਵਿਚ ਹੋ ਕੇ ਹਰੀ ਦੀ ਤਾਬੇਦਾਰੀ ਦੀ ਜਾਚ ਸਿਖ ਰਹੇ ਸਨ। ਉਹਨਾਂ ਦੇ ਸਾਹਮਣੇ ਹੁਕਮ ਮੰਨਣ ਦਾ ਤਸੱਵਰ ਬੜਾ ਵਿਸ਼ਾਲ ਸੀ। ਉਹ ਸਮਝਦੇ ਸਨ ਕਿ ਹੁਕਮ ਮੰਨਣਾ ਤੇ ਹੁਕਮ ਬੁਝਣਾ ਦੋ ਵੱਖ ਵੱਖ ਚੀਜ਼ਾਂ



Sri Satguru Jagjit Singh Ji eLibrary NamdhariElibrary@gmail.com

ਹਨ। ਮਸਲਨ, ਜੇ ਕੋਈ ਕਸ਼ਟਾਂ ਵਿਚ ਪੈ ਜਾਏ, ਜਾਂ ਘਰ ਵਿਚ ਬੀਮਾਰੀ ਆ ਜਾਵੇ ਜਾਂ ਕੋਈ ਸਨਬੰਧੀ ਮਾਰਿਆ ਜਾਏ ਤਾਂ ਇਸ ਨੂੰ ਹਰੀ ਦਾ ਹੁਕਮ ਸਮਝ ਕੇ ਇਸ ਅੱਗੇ ਸਿਰ ਝੁਕਾ ਦੇਣਾ ਹੁਕਮ ਮੰਨਣਾ ਹੀ ਹੈ, ਇਸ ਨਾਲ ਆਤਮਾ ਨੂੰ ਸਬਰ, ਸੰਤੋਖ ਮਿਲ ਜਾਂਦੇ ਹਨ। ਸਮੁੱਚੇ ਤੌਰ ਤੇ ਵੀ ਸਿਆਣਪ ਇਸ ਵਿਚ ਹੀ ਹੁੰਦੀ ਹੈ ਕਿ ਜਿਸ ਚੀਜ਼ ਨੂੰ ਟਾਲਿਆ ਨਹੀਂ ਜਾ ਸਕਦਾ, ਉਸ ਤੇ ਦੁਖੀ ਹੋਣਾ ਜਾਂ ਸ਼ਿਕਵਾ ਸ਼ਕਾਇਤ ਕਰਨਾ ਬੇ-ਅਰਥ ਬਾਤ ਹੈ। ਇਹ ਮਾਨਸਿਕ ਦਸ਼ਾ ਚੰਗੀ ਹੈ ਪਰ ਇਸ ਤੋਂ ਬਹੁਤ ਉਚੇਰੀ ਦਸ਼ਾ ਇਹ ਹੈ ਕਿ ਸਾਰਾ ਜੀਵਨ ਹੁਕਮੀ ਜੀਵਨ ਹੋ ਜਾਏ ਤੇ ਇਹ ਤਦ ਹੁੰਦਾ ਹੈ ਜੇ ਹੁਕਮ ਨੂੰ ਬੁਝਿਆ ਜਾਏ। ਜੇ ਇਹ ਹੋ ਜਾਏ ਤਾਂ ਇਸ ਦਾ ਕੁਦਰਤੀ ਨਤੀਜਾ ਇਹ ਆਪੇ ਹੀ ਨਿਕਲਣਾ ਹੋਇਆ ਕਿ ਹਰ ਦੁੱਖ ਨੂੰ ਹਰੀ ਵਲੋਂ ਆਇਆ ਮੰਨ ਕੇ, ਉਸ ਨੂੰ ਪਰਵਾਣ ਕਰ ਲਿਆ ਜਾਏ। ਜਦ ਆਪਣਾ ਆਪ ਹੀ ਮਿਟ ਗਿਆ ਤਾਂ ਖੇਦ ਕਿਸ ਚੀਜ਼ ਦਾ ਹੋਣਾ ਹੋਇਆ। ਸੁਖਾਂ ਦੁਖਾਂ ਨੂੰ ਮੁੜ ਸਮਾਨਤਾ ਦੀ ਨਜ਼ਰ ਨਾਲ ਵੇਖਣ ਦਾ ਸੁਭਾਵਿਕ ਆਦੀ ਹੋ ਜਾਈਦਾ ਹੈ। ਇਸ ਤਰ੍ਹਾਂ ਦਾ ਹੁਕਮੀ ਬੰਦਾ ਆਪ ਹੀ ਰੱਬੀ ਵਿਸਮਾਦ ਹੈ। ਉਸ ਦੇ ਆਪਣੇ ਹੱਥ ਮਾਨੋ ਕੁਝ ਹੁੰਦਾ ਹੀ ਨਹੀਂ, ਕਿਉਂਕਿ ਉਹ ਆਪਣੇ ਮਾਲਕ ਦੇ ਹੱਥਾਂ ਵਿਚ ਹੋ ਕੇ ਜਿਵੇਂ ਉਹ ਚਲਾਂਦਾ ਹੈ, ਤਿਵੇਂ ਉਹ ਚਲਦਾ ਹੈ। ਮੁਕਦੀ ਗੱਲ ਇਹ ਕਿ ਉਹ ਸਦਾ ਅੰਦਰ ਵਸਦੇ ਹਰੀ ਦੀ ਆਵਾਜ਼ ਨੂੰ ਹੀ ਸੁਣਦਾ ਹੈ ਤੇ ਉਸ ਅਨੁਸਾਰ ਜੀਵਨ ਚਲਾਂਦਾ ਰਹਿੰਦਾ ਹੈ। ਜਿੰਨਾ ਚਿਰ ਕੋਈ ਮਨੁੱਖ ਕਿਸੇ ਬਾਹਰ ਬੈਠੇ ਹਰੀ ਵੱਲ ਤੱਕਦਾ ਹੈ ਤੇ ਅੰਦਰ ਬੈਠੇ ਹਰੀ ਨੂੰ ਭੁਲਾ ਛਡਦਾ ਹੈ ਓਨਾ ਚਿਰ ਉਹ ਪੂਰਨ ਤੌਰ ਤੇ ਸੱਚ ਦਾ ਧਾਰਨੀ ਨਹੀਂ ਹੁੰਦਾ। ਜਿੰਨਾ ਚਿਰ ਕਿਸੇ ਨੂੰ ਅੰਦਰ ਦੇ ਪਹਿਰੇਦਾਰ ਦਾ ਡਰ ਨਹੀਂ ਉਪਜਦਾ, ਉਸਦਾ ਸੱਚ ਨਾਲ ਪੂਰਾ ਨਾਤਾ ਵੀ ਨਹੀਂ ਬਣਦਾ। ਇਸ ਲਈ ਹੁਕਮ ਵਿਸਮਾਦ ਹੈ ਤੇ ਹੁਕਮੀ ਬੰਦਾ ਉਸ ਤੋਂ ਵੀ ਵੱਧ ਵਿਸਮਾਦ ਹੈ, ਪਰ ਇਸ ਦੀ ਸਮਝ ਤੇ ਇਸ ਦਾ ਅਨੰਦ

ਹੁਕਮ ਵਿਚ ਚਲਿਆਂ ਹੀ ਆਂਵਦਾ ਹੈ। ਜਿਨ੍ਹਾਂ ਨੂੰ ਇਹ ਜੀਵਨ ਜੁਗਤਿ ਲੱਭ ਜਾਂਦੀ ਹੈ ਤੇ ਪੱਕੀ ਵੀ ਹੋ ਜਾਂਦੀ ਹੈ, ਉਹਨਾਂ ਤੋਂ ਮੁੜ ਸਹਿਜ ਸੁਭਾਇ ਹੀ ਉਹ ਕੰਮ ਹੁੰਦੇ ਹਨ ਜੋ ਮਾਲਕ-ਹਰੀ ਨੂੰ ਭਾਉਂਦੇ ਹਨ ਅਰਥਾਤ ਜੋ ਉਸ ਦਾ ਹੁਕਮ ਹੁੰਦਾ ਹੈ। ਉਹਨਾਂ ਦਾ ਫਿਰ ਸੱਚ ਨਾਲ ਏਨਾ ਪੱਕਾ ਨਾਤਾ ਹੋ ਜਾਂਦਾ ਹੈ ਕਿ ਉਹ ਸੱਚ ਦੇ ਰਾਹ ਨੂੰ ਕਦੇ ਛਡ ਨਹੀਂ ਸਕਦੇ। ਉਸ ਰਾਹ ਤੇ ਦੁਖ ਕਲੇਸ਼ ਪਏ ਆਣ ਪਰ ਉਹ ਬਿਨਾਂ ਡੋਲੇ ਤੁਰੀ ਜਾਂਦੇ ਹਨ। ਕਿਤਨਾ ਖ਼ੂਬਸੂਰਤ ਹੈ ਇਹ ਦ੍ਰਿਸ਼ ਹੁਕਮੀ ਬੰਦੇ ਦਾ। ਜਿਸ ਬੰਦੇ ਨੇ ਆਪਣੀ ਹਉਮੈ ਮੇਟ ਕੇ ਸਾਰੇ ਜਗਤ ਨੂੰ ਆਪਣਾ ਬਣਾ ਲਿਆ ਹੈ, ਉਸ ਨੂੰ ਸਾਰੇ ਹੀ ਜਗਤ ਦਾ ਫ਼ਿਕਰ ਹੋ ਗਿਆ ਹੈ। ਇਹ ਖਿਆਲ ਕਿੰਨਾ ਹਾਸੋ-ਹੀਣਾ ਹੈ ਕਿਉਂਕਿ ਜੋ ਕਰਤਾਰ ਵਲੋਂ ਹੋਣਾ ਹੈ ਉਹ ਅਵੱਸ਼ ਹੋ ਕੇ ਰਹਿਣਾ ਹੈ ਤੇ ਟਲ ਨਹੀਂ ਸਕਣਾ, ਇਸ ਲਈ ਆਪਣੇ ਕਿਸੇ ਯਤਨ ਦੀ ਨਾ ਥਾਂ ਹੈ, ਨਾ ਗੁੰਜਾਇਸ਼ ਹੈ ਤੇ ਨਾ ਲੋੜ। ਹੁਕਮੀ ਸੇਵਕ ਸਗੋਂ ਸਭ ਤੋਂ ਵਧ ਮਿਹਨਤੀ ਹੁੰਦੇ ਹਨ। ਹਾਂ, ਇਹ ਫ਼ਰਕ ਜ਼ਰੂਰ ਹੁੰਦਾ ਹੈ ਕਿ ਉਹ ਸਾਰੇ ਹੀ ਕੰਮ ਹਉਮੈ ਰਹਿਤ ਹੋ ਕੇ, ਆਪਣੇ ਹਰੀ-ਮਾਲਕ ਦੀ ਕਾਰ, ਸੁਤੇ ਕਰਦੇ ਚਲੇ ਜਾਂਦੇ ਹਨ, ਉਹ ਮਾਲਕ ਦੀ ਆਵਾਜ਼ ਅੰਦਰੋਂ ਹੀ ਸੁਣਦੇ ਹਨ।

## ਪਉੜੀ (੨੮)

ਟੂਟੈ ਨੇਹੁ ਕਿ ਬੋਲਹਿ ਸਹੀ ॥
ਟੂਟੈ ਬਾਹ ਦੁਹੂ ਦਿਸ ਗਹੀ ॥
ਟੂਟਿ ਪਰੀਤਿ ਗਈ ਬੁਰ ਬੋਲਿ ॥
ਦੁਰਮਤਿ ਪਰਹਰਿ ਛਾਡੀ ਢੋਲਿ ॥
ਟੂਟੈ ਗੰਠਿ ਪੜੈ ਵੀਚਾਰਿ ॥
ਗੁਰ ਸਬਦੀ ਘਰਿ ਕਾਰਜੁ ਸਾਰਿ ॥
ਲਾਹਾ ਸਾਚੁ ਨ ਆਵੈ ਤੋਟਾ ॥
ਤ੍ਰਿਭਵਣ ਠਾਕੁਰੁ ਪ੍ਰੀਤਮੁ ਮੋਟਾ ॥੨੮॥

Sri Satguru Jagjit Singh Ji eLibrary NamdhariElibrary@gmail.com

## ਪਦ-ਅਰਥ

ਸਹੀ–ਸਾਹਮਣੇ; ਬੁਰ–ਬੁਰਾ; ਢੋਲਿ–ਪਿਆਰੇ ਨੇ, ਪਤੀ ਨੇ; ਮੋਟਾ–ਵੱਡਾ, ਭਾਰਾ ਗਉਰਾ।

## ਟੀਕਾ

੧. ਪ੍ਰੀਤ ਟੁੱਟ ਜਾਂਦੀ ਹੈ ਜਦੋਂ ਆਮ੍ਹੋ ਸਾਹਮਣੇ ਹੋ ਕੇ ਬੋਲ-ਕਬੋਲ ਬੋਲੇ ਜਾਣ।

੨. ਦੋ ਪਾਸੀਂ ਖਿਚਾ ਖਿਚੀ ਨਾਲ ਤਾਂ ਬਾਂਹ ਹੀ ਟੁੱਟ ਜਾਂਦੀ ਹੈ।

੩. ਮਾੜੇ ਬਚਨ ਮੂੰਹੋਂ ਕਢਿਆਂ ਪ੍ਰੇਮ ਪਿਆਰ ਟੁੱਟ ਜਾਂਦਾ ਹੈ।

੪. ਖੋਟੀ ਮਤਿ ਵਾਲੀ ਇਸਤ੍ਰੀ ਨੂੰ ਉਸ ਦੇ ਪਤੀ ਨੇ ਛੱਡ ਦਿਤਾ ਹੈ (ਗੁਰੂ ਸਾਹਿਬ ਦਸਣਾ ਚਾਹੁੰਦੇ ਹਨ ਕਿ ਅਧਿਆਤਮਕ ਖੇਤਰ ਵਿਚ ਜਦ ਗੁਰੂ ਦੀ ਅਗਵਾਈ ਦਾ ਕੋਈ ਦਮ ਭਰ ਲੈਂਦਾ ਹੈ ਤਾਂ ਉਸ ਨੂੰ ਪੂਰਨ ਵਿਸ਼ਵਾਸ ਤੇ ਸ਼ਰਧਾ ਵਿਚ ਹੋ ਜਾਣਾ ਚਾਹੀਦਾ ਹੈ। ਗੁਰੂ ਦੇ ਹੁਕਮ ਵਿਚ ਹੋ ਕੇ ਤੁਰਨ ਦਾ ਅੰਤਮ ਮਨੋਰਥ ਹਰੀ ਦੇ ਹੁਕਮ ਨੂੰ ਬੁਝਣਾ ਤੇ ਉਸ ਅਨੁਸਾਰ ਜੀਵਣ ਢਾਲਣਾ ਹੁੰਦਾ ਹੈ। ਵੱਖ ਵੱਖ ਕਿਸਮ ਦੀਆਂ ਉਦਾਹਰਣਾਂ ਨਾਲ ਸਮਝਾਇਆ ਜਾ ਰਿਹਾ ਹੈ ਕਿ ਜੇ ਆਮ ਦੁਨੀਆਂ ਵਿਚ ਆਪਸੀ ਖਿਚਾ-ਖਿਚੀ ਤੋਂ ਡੂੰਘੇ ਪਾੜੇ ਪੈ ਜਾਂਦੇ ਹਨ ਤਾਂ ਗੁਰੂ ਉਤੇ ਸਿੱਖ ਦੀ ਬੇਇਤਬਾਰੀ ਬਹੁਤ ਵਧੇਰੇ ਹਾਨੀਕਾਰਕ ਹੋ ਜਾਂਦੀ ਹੈ)।

੫. ਪਰ ਜੇ (ਗੁਰੂ ਨਾਲ) ਗੰਢ ਟੁੱਟ ਵੀ ਜਾਏ ਤਾਂ ਵੀ ਵਿਚਾਰ ਨਾਲ ਮੁੜ ਪੈ ਸਕਣੀ ਚਾਹੀਦੀ ਹੈ (ਜੇ ਨੀਅਤ ਠੀਕ ਹੋਵੇ)।

੬. ਗੁਰੂ ਦੇ ਸ਼ਬਦ ਦੁਆਰਾ ਸਮਝ ਸਮਝਾ ਕੇ ਆਪਣੇ ਘਰ ਕਾਰਜ ਸਾਰ ਕੇ (ਆਪਣੀ ਅਸਲ ਤੇ ਸਹੀ ਮਾਨਸਿਕ ਬਿਰਤੀ ਵਿਚ) ਆ ਜਾਈਦਾ ਹੈ।

੭. ਇਸ ਤਰ੍ਹਾਂ ਸੱਚਾ ਲਾਭ ਪ੍ਰਾਪਤ ਹੁੰਦਾ ਹੈ ਤੇ ਮੁੜ ਘਾਟਾ ਵੀ



Sri Satguru Jagjit Singh Ji eLibrary NamdhariElibrary@gmail.com

ਨਹੀਂ ਪੈਂਦਾ (ਰਸਤਾ ਜੂ ਸਾਫ ਹ ਗਿਆ),

੮. ਸਗੋਂ, ਤਿੰਨਾਂ ਭਵਨਾਂ ਦਾ ਮਾਲਕ ਹਰੀ, ਵਡਾ ਤੇ ਪਿਆਰਾ ਪ੍ਰੀਤਮ, ਲੱਭ ਜਾਂਦਾ ਹੈ (ਜੋ ਸਹੀ ਰਾਹ ਉਤੇ ਤੋਰਦਾ ਰਹਿੰਦਾ ਹੈ)।

# ਪਉੜੀ (੨੯)

ਠਾਕਹੁ ਮਨੂਆ ਰਾਖਹੁ ਠਾਇ ॥
ਠਹਕਿ ਮੁਈ ਅਵਗੁਣਿ ਪਛੁਤਾਇ ॥
ਠਾਕੁਰੁ ਏਕੁ ਸਬਾਈ ਨਾਰਿ ॥
ਬਹੁਤੇ ਵੇਸ ਕਰੇ ਕੂੜਿਆਰਿ ॥
ਪਰ ਘਰਿ ਜਾਤੀ ਠਾਕਿ ਰਹਾਈ ॥
ਮਹਲਿ ਬੁਲਾਈ ਠਾਕ ਨ ਪਾਈ ॥
ਸਬਦਿ ਸਵਾਰੀ ਸਾਚਿ ਪਿਆਰੀ ॥
ਸਾਈ ਸੋੁਹਾਗਣਿ ਠਾਕੁਰਿ ਧਾਰੀ ॥੨੯॥

# ਪਦ-ਅਰਥ

ਠਾਕਹੁ–ਰੋਕੋ; ਠਹਕਿ–ਟਕਰ ਕੇ; ਧਾਰੀ–ਆਸਰਾ ਸਹਿਤ ਕੀਤੀ।

# ਟੀਕਾ

੧. ਹੇ ਸਹੇਲੀਉ, ਮਨ ਨੂੰ ਬਾਹਰ ਭਟਕਣ ਤੋਂ ਰੋਕੋ ਤੇ ਇਕ ਥਾਂ ਲਿਆਉ (ਇਕਾਗਰ ਹੋ ਕੇ ਕੇਵਲ ਹਰੀ-ਪਤੀ ਵਿਚ ਟਿਕੋ)।

੨. ਜੋ ਜੀਵ-ਇਸਤ੍ਰੀ ਲਾਂਭੇ ਟਕਰ ਕੇ ਮਰਦੀ ਹੈ, ਉਹ ਪਿਛੋਂ ਆਪਣੇ ਅਵਗਣਾਂ ਦੇ ਕਾਰਨ ਪਛਤਾਂਦੀ ਹੈ (ਪਹਿਲੇ ਹੀ ਉਹ ਕਿਉਂ ਨਾ ਸੰਭਲੇ)।

੩. ਯਾਦ ਰੱਖੋ, ਕਿ ਸਭ ਦਾ ਪਤੀ ਇਕ ਹਰੀ ਹੀ ਹੈ, ਉਸ ਦੀਆਂ ਸਭ ਜੀਵ-ਇਸਤ੍ਰੀਆਂ ਨਾਰਾਂ ਹਨ (ਉਸ ਨਾਲ ਲਿਵ ਜੋੜਨ ਲਈ ਬਾਹਰ ਨ ਭਟਕੋ)।

੪. ਪਰ ਕੂੜਿਆਰ ਜੀਵ-ਇਸਤ੍ਰੀ ਦੀ ਝਾਕ ਹੋਰ ਹੈ, ਉਹ



Sri Satguru Jagjit Singh Ji eLibrary NamdhariElibrary@gmail.com

ਦੂਜੇ ਭਾਵ ਵਿਚ ਹੈ ਭਾਵੇਂ ਉਹ ਧਾਰਮਕ ਰਹੁ-ਰੀਤੀਆਂ ਰੂਪ ਬਹੁਤੇ ਵੇਸ ਵੀ ਕਰਦੀ ਹੈ (ਉਸਦੀ ਝਾਕ ਮਾਇਆ ਹੈ। ਕਰਮ-ਕਾਂਡ ਦਾ ਮਨੋਰਥ ਹਰੀ ਨਾਲ ਜੋੜਨ ਵਿਚ ਸਹਾਇਤਾ ਕਰਨਾ ਸੀ ਪਰ ਉਸ ਦੀ ਝਾਕ ਕਿਉਂਕਿ ਹੋਰ ਹੈ, ਉਹ ਕਰਮ ਕਾਂਡ ਕਰਦੀ ਹੋਈ ਵੀ ਪ੍ਰਾਪਤ ਕੁਝ ਨਹੀਂ ਕਰਦੀ)।

੫. ਇਸ ਤਰ੍ਹਾਂ ਪਰਾਏ ਘਰ ਜਾਂਦੀ ਜੀਵ-ਇਸਤ੍ਰੀ ਨੂੰ ਹਰੀ-ਪਤੀ ਨੇ, (ਗੁਰੂ ਦਵਾਰਾ) ਰੋਕ ਲਿਆ ਅਤੇ

੬. ਆਪਣੇ ਮਹਲ ਵਿਚ ਬੁਲਾ ਲਿਆ, ਜਿਥੇ ਉਸ ਨੂੰ ਕੋਈ ਰੋਕ ਵੀ ਨਾ ਹੋਈ। ਪਰ ਇਹ ਹੋਇਆ ਕਿਵੇਂ ?

੭. ਗੁਰੂ ਦੇ ਸ਼ਬਦ ਦਵਾਰਾ ਉਹ ਪਹਿਲਾਂ ਸਵਾਰੀ ਗਈ ਸੀ ਤੇ ਉਸ ਅੰਦਰ ਸੱਚ ਆ ਜਾਣ ਕਾਰਨ ਉਹ ਹਰੀ ਦੀ ਪਿਆਰੀ ਹੋ ਗਈ ਸੀ। (ਇਉਂ ਉਹ ਸੋਹਾਗਣ ਹੋ ਗਈ ਸੀ)।

੮. ਸੋਹਾਗਣ ਹੁੰਦੀ ਹੀ ਉਹ ਹੈ ਜਿਸ ਨੂੰ ਠਾਕਰ ਨੇ ਪਹਿਲਾਂ ਆਪਣੇ ਆਸਰੇ ਵਿਚ ਲੈ ਲਿਆ ਹੋਵੇ।

ਨੋਟ :–ਏਥੇ ਜੀਵ-ਇਸਤ੍ਰੀ ਗੁਮਰਾਹ ਹੋਈ ਵਿਖਾ ਕੇ ਧਾਰਮਕ ਜੀਵਨ ਦੀ ਸਾਰੀ ਫਿਲਾਸਫੀ ਦਾ ਨਿਚੋੜ ਦੱਸ ਦਿਤਾ ਗਿਆ ਹੈ (ਰਾਹ ਦੋ ਹੀ ਹੁੰਦੇ ਹਨ–ਇਕ ਮਾਇਆ ਦਾ ਤੇ ਇਕ ਹਰੀ ਦਾ, ਧਰਮ ਦੇ ਬੁਰਕੇ ਨਾਲ ਹੀ ਧਾਰਮਕ ਨਹੀਂ ਹੋ ਸਕੀਦਾ)। ਇਸ ਵਿਚਾਰ ਨੂੰ ਅਸੀਂ ਇਉਂ ਵੀ ਸਮਝ ਸਕਦੇ ਹਾਂ :

ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ ॥
ਜਿਨ੍ਹਾ ਨਾਉ ਸੁਹਾਗਣੀ ਤਿਨ੍ਹਾਂ ਝਾਕ ਨ ਹੋਰ ॥

ਹੋਰ : 'ਬਾਸ ਕੀਓ ਬਿਖਿਆਨ ਸੋਂ ਬੈਠ ਕੇ ਐਸੇ ਹੀ ਐਸੇ ਸੁ ਬੈਸ ਬਿਤਾਇਓ ॥ ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥'

ਦੇਖੋ, ਬੇਅੰਤ ਜੀਵ ਦੁਨੀਆਂ ਅੰਦਰ ਧਰਮ ਦਾ ਰਾਹ ਤਾਂ ਫੜ ਲੈਂਦੇ ਹਨ ਤੇ ਆਪਣੇ ਆਪਣੇ ਧਰਮਾਂ ਦੇ ਕਰਮ-ਕਾਂਡਾਂ ਤੇ

Sri Satguru Jagjit Singh Ji eLibrary NamdhariElibrary@gmail.com

ਰਹੁ-ਰੀਤੀਆਂ ਵਿਚ ਵੀ ਲਗੇ ਰਹਿੰਦੇ ਹਨ ਪਰ ਜਿਸ ਮਨੋਰਥ ਦੀ ਪੂਰਤੀ ਲਈ ਇਹ ਕਰਮ-ਕਾਂਡ ਮਿਥੇ ਗਏ ਸਨ ਉਸ ਨੂੰ ਭੁੱਲ ਹੀ ਜਾਂਦੇ ਹਨ ਤੇ ਨਿਰਾ ਦਿਖਾਵਾ ਹੀ ਰਹਿ ਜਾਂਦਾ ਹੈ। ਇਸ ਤਰ੍ਹਾਂ ਧਰਮਧਾਰੀ ਲੋਕਾਂ ਦੀ ਸਾਰੀ ਕਾਰਗੁਜ਼ਾਰੀ ਬੇਅਰਥ ਹੋ ਕੇ ਰਹਿ ਜਾਂਦੀ ਹੈ। ਇਸ ਸੰਬੰਧ ਵਿਚ ਵੇਖੋ ਪਉੜੀਆਂ ੩੦ ਤੇ ਪ੧ਵੀਂ)

# ਪਉੜੀ (੩੦)

ਡੋਲਤ ਡੋਲਤ ਹੇ ਸਖੀ ਫਾਟੇ ਚੀਰ ਸੀਗਾਰ ॥
ਡਾਹਪਣਿ ਤਨਿ ਸੁਖੁ ਨਹੀ ਬਿਨੁ ਡਰ ਬਿਣਠੀ ਡਾਰ ॥
ਡਰਪਿ ਮੁਈ ਘਰਿ ਆਪਣੈ ਡੀਠੀ ਕੰਤਿ ਸੁਜਾਣਿ ॥
ਡਰੁ ਰਾਖਿਆ ਗੁਰਿ ਆਪਣੇ ਨਿਰਭਉ ਨਾਮੁ ਵਖਾਣਿ ॥
ਡੂਗਰਿ ਵਾਸੁ ਤਿਖਾ ਘਣੀ ਜਬ ਦੇਖਾ ਨਹੀ ਦੂਰਿ ॥
ਤਿਖਾ ਨਿਵਾਰੀ ਸਬਦੁ ਮੰਨਿ ਅੰਮ੍ਰਿਤੁ ਪੀਆ ਭਰਪੂਰਿ ॥
ਦੇਹਿ ਦੇਹਿ ਆਖੈ ਸਭੁ ਕੋਈ ਜੈ ਭਾਵੈ ਤੈ ਦੇਇ ॥
ਗੁਰੂ ਦੁਆਰੈ ਦੇਵਸੀ ਤਿਖਾ ਨਿਵਾਰੈ ਸੋਇ ॥ ੩੦ ॥

# ਪਦ-ਅਰਥ

ਚੀਰ–ਕਪੜੇ; ਡਾਹਪਣਿ–ਤ੍ਰਿਸ਼ਨਾ ਦੇ ਸਾੜ ਵਿਚ; ਡਾਰ–ਡਾਰਾਂ (ਬੇਅੰਤ ਜੀਵ); ਡਰਪਿ–ਡਰ ਦੇ ਕਾਰਨ; ਡੂਗਰਿ–ਪਰਬਤ ਉਤੇ (ਹੰਕਾਰ ਵਿਚ), ਨਿਵਾਰੀ–ਦੂਰ ਕੀਤੀ ਹੈ, ਭਰਪੂਰਿ–ਭਰ ਕੇ, ਰੱਜ ਕੇ।

# ਟੀਕਾ

੧. ਹੇ ਸਹੇਲੀ, (ਮੈਂ ਤੈਨੂੰ ਆਪਣਾ ਤਜਰਬਾ ਦਸਦੀ ਹਾਂ), ਮੈਂ ਦੂਜੇ ਭਾਵ ਵਿਚ ਹੋ ਕੇ ਮਾਇਕੀ ਤ੍ਰਿਸ਼ਨਾ ਵਿਚ ਲਾਂਭੇ ਹੀ ਡੋਲਦੀ ਫਿਰਦੀ ਸਾਂ ਤੇ ਮੇਰੇ ਕਪੜੇ ਤੇ ਸ਼ਿੰਗਾਰ (ਧਾਰਮਕ ਰਹੁ-ਰੀਤੀਆਂ ਤੇ ਕਰਮ-ਕਾਂਡ) ਫਟ ਗਏ ਸਨ (ਬੇਅਰਥ ਹੋ ਗਏ ਸਨ)।

Sri Satguru Jagjit Singh Ji eLibrary NamdhariElibrary@gmail.com

੨. ਤ੍ਰਿਸ਼ਨਾ ਦੀ ਅੱਗ ਵਿਚ ਹੁੰਦਿਆਂ ਮੇਰੇ ਤਨ ਵਿਚ ਸੁਖ ਨਹੀਂ ਹੋ ਸਕਦਾ ਸੀ। ਮੈਂ ਵੇਖਿਆ ਹੈ ਕਿ ਡਾਰਾਂ ਦੀਆਂ ਡਾਰਾਂ ਹੀ ਜੀਵ ਹਰੀ ਦੇ ਭੈ ਤੋਂ ਰਹਤ ਹੋ ਕੇ ਤ੍ਰਿਸ਼ਨਾ ਅੱਗ ਵਿਚ ਹੀ ਨਾਸ ਹੋ ਗਏ ਹਨ।

੩. ਪਰ ਜਦੋਂ ਮੈਂ ਹਰੀ ਦੇ ਡਰ ਵਿਚ ਹੋ ਗਈ, ਆਸਾ ਤ੍ਰਿਸ਼ਨਾ ਵਲੋਂ ਮਰ ਗਈ ਤੇ ਆਪਣੇ ਘਰ, ਆਪਣੇ ਸਰੂਪ ਵਿਚ ਟਿਕ ਗਈ, ਤਾਂ ਮੇਰੇ ਸਿਆਣੇ ਕੰਤ (ਹਰੀ) ਨੇ ਮੇਰੇ ਵੱਲ ਪਿਆਰ ਨਾਲ ਵੇਖਿਆ।

੪. ਫਿਰ ਮੈਂ, ਆਪਣੇ ਗੁਰੂ ਦੇ ਰਾਹੀਂ, ਹਰੀ ਦਾ ਡਰ ਆਪਣੇ ਹਿਰਦੇ ਅੰਦਰ ਬਣਾਈ ਰੱਖਿਆ, ਪਿਆਰੇ ਹਰੀ ਦਾ ਨਾਮ ਸਿਮਰ ਕੇ।

੫. ਵੇਖੋ, ਜਦੋਂ ਮੈਂ ਹਉਮੈ ਰੂਪ ਪਰਬਤ ਉਤੇ ਹੁੰਦੀ ਸਾਂ ਤਾਂ ਮੈਨੂੰ ਆਸਾ ਤ੍ਰਿਸ਼ਨਾ ਬਹੁਤ ਸਨ ਪਰ ਹੁਣ ਜਦੋਂ (ਮੈਂ ਤ੍ਰਿਸ਼ਨਾ ਰਹਿਤ ਹੋ ਕੇ) ਉਸ ਦੇ ਦਰਸ਼ਨ ਕਰ ਲਏ ਹਨ ਤਾਂ ਪਤਾ ਲੱਗਾ ਹੈ ਕਿ ਉਹ ਤਾਂ ਮੇਰੇ ਅੰਦਰ ਹੀ ਵਸਦਾ ਸੀ।

੬. ਗੁਰੂ-ਸ਼ਬਦ ਮਨ ਵਿਚ ਟਿਕ ਗਿਆ ਹੈ, ਤ੍ਰਿਸ਼ਨਾ ਦੂਰ ਹੋ ਗਈ ਹੈ, ਨਾਮ ਅੰਮ੍ਰਿਤ ਰਜ ਕੇ ਪੀਤਾ ਹੈ।

੭. ਉਂਞ ਤਾਂ ਹਰ ਕੋਈ ਆਖਦਾ ਹੈ : ਹੇ ਹਰੀ ! ਨਾਮ ਅੰਮ੍ਰਿਤ ਦੇਹਿ, ਪਰ ਦਿੰਦਾ ਉਹ ਉਸ ਨੂੰ ਹੀ ਹੈ ਜੋ ਉਸ ਦੀ ਪ੍ਰਸੰਨਤਾ ਪ੍ਰਾਪਤ ਕਰ ਲੈਂਦਾ ਹੈ।

੮. ਪਰ ਇਹ ਯਕੀਨੀ ਹੈ ਕਿ ਜਦੋਂ ਵੀ ਉਹ ਕਿਸੇ ਨੂੰ ਇਹ ਅੰਮ੍ਰਿਤ ਦੇਵੇਗਾ, ਉਹ ਉਸ ਦੀ ਤ੍ਰਿਸ਼ਨਾ ਦੂਰ ਕਰੇਗਾ।

ਨੋਟ : (੧) ਮਾਇਕੀ ਪਦਾਰਥਾਂ ਦੇ ਲੋਭ ਵਿਚ ਭਟਕਦਿਆਂ ਸਹੀ ਜੀਵਣ-ਰਾਹ ਖੁੰਞ ਜਾਂਦਾ ਹੈ। ਭਾਵੇਂ ਸੈਂਕੜੇ ਕਰਮ-ਕਾਂਡਾਂ



Sri Satguru Jagjit Singh Ji eLibrary NamdhariElibrary@gmail.com

ਵਿਚ ਕੋਈ ਲੱਗਾ ਰਹੇ। ਇਹ ਹਉਮੈ ਦਾ ਜੀਵਨ ਹੁੰਦਾ ਹੈ ਤੇ ਮਨੁੱਖੀ ਸੁਭਾਉ ਦੇ ਅਧੀਨ ਚਲਦਾ ਹੈ। ਮੁੜ ਜਦੋਂ ਨਾਮ ਜਾਂ ਸ਼ਬਦ ਦੁਆਰਾ ਹਉਮੈ ਕਢ ਲਈਦੀ ਹੈ ਤਾਂ ਹਰੀ-ਪ੍ਰਾਪਤੀ ਦਾ ਰਾਹ ਖੁਲ੍ਹਦਾ ਹੈ, ਏਵੇਂ ਰਸਮੀ ਕਰਮ-ਕਾਂਡਾਂ ਤੋਂ ਲਾਭ ਪ੍ਰਾਪਤ ਨਹੀਂ ਹੁੰਦਾ।

ਇਹਨਾਂ ਉਤਲੀਆਂ ਚਾਰੇ ਪਉੜੀਆਂ ਦੇ ਸੰਬੰਧ ਵਿਚ ਅਸੀਂ ਪਾਠਕਾਂ ਦੇ ਧਿਆਨ ਵਿਚ ਇਕ ਹੋਰ ਸਚਾਈ ਲਿਆਣੀ ਚਾਹੁੰਦੇ ਹਾਂ। ਪਉੜੀਆਂ 'ਗੁਰੂ' ਦੇ ਦੇਹ-ਧਾਰੀ ਤੇ ਸ਼ਖਸੀ ਰੂਪ ਦਾ ਵਰਨਣ ਕਰਦੀਆਂ ਹਨ। ਉਨ੍ਹਾਂ ਦੇ ਅਨੇਕ ਸ਼ਬਦ ਹੋਰ ਵੀ ਮਿਲਦੇ ਹਨ ਜੋ ਉਨ੍ਹਾਂ ਦੇ ਉਸ ਰੂਪ ਵਿਚ ਹੋਣ ਦੇ ਸਮੇਂ ਨਾਲ ਸੰਬੰਧ ਰਖਦੇ ਹਨ। ਅਤਿ ਸ਼ਰਧਾ, ਪ੍ਰੇਮ-ਭਾਵਨਾ ਤੇ ਬੇ-ਮਿਸਾਲ ਤਾਬੇਦਾਰੀ ਦੇ ਇਹ ਸ਼ਬਦ ਹੁੰਦੇ ਹਨ, ਜਿਨ੍ਹਾਂ ਨੂੰ ਚਾਲਾਕ ਲੋਕ ਆਪਣੀਆਂ ਗਰਜਾਂ ਲਈ ਵਰਤਦੇ ਰਹਿੰਦੇ ਹਨ। ਭੋਲੇ ਭਾਲੇ ਲੋਕਾਂ ਦਾ ਤਾਂ ਭਲਾ ਕਹਿਣਾ ਹੀ ਕੀ ਹੋਇਆ, ਜਦੋਂ ਕਿ ਸਿਆਣੇ ਤੇ ਸਮਝਦਾਰ ਲੋਕ ਵੀ ਗੁਮਰਾਹ ਹੋ ਜਾਂਦੇ ਹੋਣ। ਅੰਞਾਣ ਦੁਨੀਆਂ ਤਾਂ ਕੇਵਲ ਦੇਹ-ਧਾਰੀ ਸ਼ਬਦਾਂ ਨੂੰ ਫੜ ਕੇ ਬਹਿ ਜਾਂਦੀ ਹੈ ਤੇ ਜਿਸ ਮਹਾਨ ਸ਼ਖਸੀਅਤ ਦਾ ਉਹ ਸੂਚਕ ਹੁੰਦੇ ਹਨ, ਉਨ੍ਹਾਂ ਨੂੰ ਛੱਡ ਹੀ ਦਿਤਾ ਜਾਂਦਾ ਹੈ। 'ਗੁਰੂ' ਜਗਤ ਵਿਚ ਦੇਹ ਠੀਕ ਧਾਰਦਾ ਹੈ, ਉਸ ਦੇ ਦੇਹ-ਧਾਰੀ ਰੂਪ ਨੂੰ ਝੁਠਲਾਇਆ ਜਾਂ ਕਟਿਆ ਨਹੀਂ ਜਾ ਸਕਦਾ। ਗੁਰੂ ਨਾਨਕ ਸਾਹਿਬ ਖ਼ੁਦ ਦੇਹ-ਧਾਰੀ ਰੂਪ ਵਿਚ ਦੁਨੀਆਂ ਦੇ ਸਾਹਮਣੇ ਆਏ ਸਨ। ਉਹਨਾਂ ਦਾ ਇਸ ਤਰ੍ਹਾਂ ਆਉਣਾ ਕੁਦਰਤੀ ਤੇ ਸਮੇਂ ਦੀ ਲੋੜ ਅਨੁਕੂਲ ਜ਼ਰੂਰੀ ਸੀ, ਕਿਉਂਕਿ ਕੋਈ ਪੈਗਾਮ ਦੇਹ-ਧਾਰੀ ਰੂਪ ਵਿਚ ਤੇ ਬਾਕਾਇਦਾ ਜਨਮ ਲੈ ਕੇ ਹੀ ਦਿਤਾ ਜਾ ਸਕਦਾ ਸੀ। 'ਗੁਰੂ' ਜਗਤ ਵਿਚ ਠੀਕ ਦੇਹ ਧਾਰਦਾ ਹੈ ਪਰ ਇਹ ਤਦੋਂ ਹੁੰਦਾ ਹੈ ਜਦੋਂ ਜਗਤ ਦੇ ਹਾਲਾਤ ਨੂੰ ਬਦਲਣ ਲਈ ਕਰਤਾਰ ਦਾ ਆਪਣਾ ਕੋਈ ਭਾਣਾ ਹੁੰਦਾ ਹੈ। ਐਸੇ ਮਹਾਂ-ਪੁਰਸ਼ ਨਾ ਰੋਜ਼ ਰੋਜ਼

www.archive.org/details/namdhari

ਜਨਮ ਲੈਂਦੇ ਹਨ ਤੇ ਨਾ ਥਾਂ ਥਾਂ ਸਮਤੇ ਹੋ ਕੇ ਰੁਲਦੇ ਫਿਰਦੇ ਹਨ। ਇਸ ਦਾ ਭਾਵ ਇਹ ਨਹੀਂ ਕਿ ਗੁਰੂ ਨਾਨਕ ਤੋਂ ਬਿਨਾਂ ਕੋਈ ਪੂਰਨ ਪੁਰਖ ਹੋਇਆ ਹੀ ਨਹੀਂ ਜਾਂ ਅਗੋਂ ਕਦੇ ਹੋਣਾ ਹੀ ਨਹੀਂ। ਇਸ ਤਰ੍ਹਾਂ ਸੋਚਣਾ ਤਾਂ ਖ਼ੁਦਾ ਦੀ ਖ਼ੁਦਾਈ ਤੋਂ ਹੀ ਮੁਨਕਿਰ ਹੋਣਾ ਹੈ ਤੇ ਆਪਣੀ ਤੰਗ-ਦਿਲੀ ਤੇ ਤਅੱਸਬ ਦਾ ਪ੍ਰਗਟਾਵਾ ਕਰਨਾ ਹੈ। ਭਾਈ ਗੁਰਦਾਸ ਜੀ ਆਪਣੀ ਵਾਰ ਵਿਚ ਇਉਂ ਕਹਿੰਦੇ ਸਨ :

"ਜੁਗ ਜੁਗ ਸਤਿਗੁਰ ਧਰੇ ਅਵਤਾਰੀ॥"

ਪਰ ਇਹ ਸਤਿਗੁਰ 'ਪੂਰਾ'; 'ਅਭੁਲ', 'ਸਤਿ' ਤੇ 'ਧੰਨ' (ਅਸਚਰਜ) ਹੁੰਦਾ ਹੈ। ਇਸ ਤਰ੍ਹਾਂ, ਸਤਿਗੁਰ ਦੀ ਪਦਵੀ ਬਹੁਤ ਮਹਾਨ ਹੋ ਜਾਂਦੀ ਹੈ। 'ਗੁਰੂ' ਹਰੀ ਦਾ ਹੀ ਨਿਰੋਲ ਰੂਪ ਹੁੰਦਾ ਹੈ ਤੇ ਜਗਤ ਵਿਚ ਕਦੇ ਕਦੇ ਹੀ, ਹਰੀ ਦੇ ਹੁਕਮ ਨਾਲ ਤੇ ਕਿਸੇ ਮਹਾਨ ਕਾਰਜ ਲਈ, ਪ੍ਰਵੇਸ਼ ਕਰਦਾ ਹੈ।

"ਗੁਰ ਪੂਰਾ ਪਾਈਐ ਵਡਭਾਗੀ॥"

ਇਸ ਲਈ ਦੇਹ-ਧਾਰੀ ਜਾਂ ਸ਼ਖਸੀ ਰੂਪ ਉਸ ਦਾ ਪ੍ਰਵੇਸ਼ ਹਰ ਸਮੇਂ ਤੇ ਹਰ ਥਾਂ ਪ੍ਰਾਪਤ ਹੀ ਨਹੀਂ ਹੋ ਸਕਦਾ। 'ਗੁਰੂ' ਦੇਹਧਾਰੀ ਹੋਵੇ ਜਾਂ ਨਾ, ਇਹ ਚਰਚਾ ਬੇਲੋੜੀ ਹੋ ਕੇ ਰਹਿ ਜਾਂਦੀ ਹੈ ਜੇ 'ਗੁਰੂ' ਦਾ 'ਪੂਰਾ' ਜਾਂ 'ਸਤਿ' ਹੋਣਾ ਸਾਹਮਣੇ ਰੱਖ ਲਿਆ ਜਾਏ, ਨਹੀਂ ਤਾਂ ਗੁਰੂ ਤੇ ਉਸ ਦੇ ਚੇਲੇ ਬਣਦੇ ਹੀ ਰਹਿਣਗੇ ਤੇ ਇਕ ਦੂਜੇ ਨੂੰ ਧੋਖਾ ਦੇਂਦੇ ਹੀ ਰਹਿਣਗੇ। ਉਨ੍ਹਾਂ ਦੋਹਾਂ ਦੇ ਸਾਹਮਣੇ ਧਾਰਮਿਕ ਜੀਵਨ ਦੀ ਉਸਾਰੀ ਦਾ ਸੁਆਲ ਹੀ ਨਹੀਂ ਹੁੰਦਾ। ਇਸ ਉਸਾਰੀ ਲਈ ਮਿਹਨਤ ਕਰਨੀ ਹੁੰਦੀ ਹੈ–ਸੇਵਾ, ਤਿਆਗ ਤੇ ਕੁਰਬਾਨੀ ਦੇ ਔਖੇ ਰਾਹਾਂ ਤੇ ਤੁਰਨਾ ਪੈਂਦਾ ਹੈ। ਪਰ ਆਮ ਗੁਰੂ ਤੇ ਆਮ ਚੇਲੇ, ਬਿਨਾਂ ਕੁਝ ਕੀਤਿਆਂ ਕਰਾਇਆਂ ਹੀ ਆਪਣੇ ਆਪਣੇ ਕੰਮ ਕੱਢਣਾ ਚਾਹੁੰਦੇ ਹਨ। ਇਕ ਪਾਸੇ ਚੇਲੇ ਆਪਣੇ ਧਨ ਨਾਲ ਗੁਰੂ ਨੂੰ ਖ਼ਰੀਦ



Sri Satguru Jagjit Singh Ji eLibrary NamdhariElibrary@gmail.com

ਲੈਂਦੇ ਹਨ ਤੇ ਸਮਝਦੇ ਹਨ ਕਿ ਸੁਰਗ ਖ਼ਰੀਦ ਲਿਆ ਗਿਆ ਹੈ ਤੇ ਦੂਜੇ ਪਾਸੇ ਗੁਰੂ ਪੈਸੇ ਦੀ ਲੁਟ-ਖਸੁਟ ਨਾਲ, ਆਪਣੇ ਮਨ ਦੀ ਤਸੱਲੀ ਕਰ ਲੈਂਦੇ ਹਨ ਭਾਵੇਂ ਉਹ ਕੁੰਭੀ ਨਰਕ ਦੇ ਭਾਗੀ ਵੀ ਬਣ ਜਾਂਦੇ ਹਨ। ਹਰੀ ਨੂੰ ਧੋਖਾ ਨਹੀਂ ਦਿਤਾ ਜਾ ਸਕਦਾ। ਸੋ ਗੁਰੂ ਤੇ ਚੇਲਾ ਦੋਵੇਂ ਹੀ ਮੂਰਖਾਂ ਦੀ ਖੇਡ ਹੀ ਖੇਡ ਰਹੇ ਹੁੰਦੇ ਹਨ। ਸਾਡਾ ਭਾਵ ਕੇਵਲ ਇਹ ਹੈ ਕਿ ਸ਼ਖ਼ਸੀ ਰੂਪ ਵਿਚ ਗੁਰੂ ਦਾ ਹਰ ਸਮੇਂ ਹੋਣਾ ਇਕ ਅਟੱਲ ਅਸੂਲ ਦੇ ਤੌਰ ਤੇ ਪੇਸ਼ ਨਹੀਂ ਕੀਤਾ ਜਾ ਸਕਦਾ। ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਇਕ ਤਰਮੀਮ ਕਰ ਕੇ ਗੁਰੂ-ਪਦ ਨੂੰ ਗੁਰੂ-ਸ਼ਬਦ ਦੇ ਰੂਪ ਵਿਚ ਨਿਰਾਕਾਰ ਕਰ ਦਿਤਾ ਸੀ। ਪੂਰੇ ਗੁਰੂ ਦਾ ਸ਼ਬਦ ਹੀ ਗੁਰੂ ਦਾ ਅਸਲ ਰੂਪ ਹੈ ਜੋ ਨਿਰਾਕਾਰ ਤੇ ਅਬਿਨਾਸੀ ਹੋਣ ਦੇ ਕਾਰਨ ਅਟੱਲ ਅਸੂਲ ਬਣ ਸਕਦਾ ਸੀ ਤੇ ਬਣਾਇਆ ਗਿਆ ਸੀ।

"ਗੁਰੁ ਕਾ ਸਬਦ ਨ ਮੇਟੈ ਕੋਇ ॥"

ਦਾ ਇਹੋ ਭਾਵ ਸੀ, ਪਰ ਇਸ 'ਸ਼ਬਦ ਗੁਰੂ' ਨੂੰ ਪੂਰੇ ਗੁਰੂ ਦਾ ਸ਼ਬਦ ਹੋਣ ਦੇ ਕਾਰਨ ਹੀ ਇਹ ਮਹਾਨ ਦਰਜਾ ਪ੍ਰਾਪਤ ਹੁੰਦਾ ਹੈ।

"ਸਤਿਗੁਰ ਬਾਝਹੁ ਹੋਰ ਕਚੀ ਹੈ ਬਾਣੀ ॥"

(ਰਾਮਕਲੀ ਮਹਲਾ ੩)

ਗੁਰੂ ਨਾਨਕ ਦੇਵ ਜੀ ਦੀ ਆਪਣੀ ਸੋਚੀ ਸਮਝੀ ਵਿਉਂਤ ਅਨੁਸਾਰ ਦੇਹ-ਧਾਰੀ ਗੁਰੂ ਦਾ ਖ਼ਾਤਮਾ ਹੋਣਾ ਹੀ ਸੀ ਤੇ ਗੁਰਿਆਈ, ਸ਼ਬਦ-ਗੁਰੂ ਨੂੰ ਦੇਣੀ ਹੀ ਸੀ। ਇਸੇ ਲਈ ਹੀ ਉਹਨਾਂ ਇਹ ਖਿਆਲ ਦੇਣਾ ਆਰੰਭਿਆ ਹੋਇਆ ਸੀ ਕਿ ਗੁਰ-ਸ਼ਬਦ ਹੀ ਗੁਰੂ ਹੈ, ਜਿਵੇਂ ਪਿਛੇ ਉਹਨਾਂ ਦੀਆਂ ਕਈ ਪਉੜੀਆਂ ਵਿਚ ਦਰਸਾਇਆ ਗਿਆ ਹੈ। ਪਰ ਇਹ ਸ਼ਬਦ, ਗੁਰੂ ਨਾਨਕ ਰਾਹੀਂ ਉਤਰਿਆ ਸੀ। ਇਸ ਸ਼ਬਦ ਨੂੰ ਦੇਹ-ਧਾਰੀ ਰੂਪ ਵਿਚ ਖਿਲਾਰਨ ਲਈ ਉਂਞ ਤਾਂ ਦਸ ਸਿਖ-ਗੁਰੂ ਹੋਏ ਸਨ ਪਰ ਉਹ ਸਭ ਗੁਰੂ ਨਾਨਕ

Sri Satguru Jagjit Singh Ji eLibrary NamdhariElibrary@gmail.com

ਦਾ ਹੀ ਆਤਮ-ਸਰੂਪ ਸਨ ਤੇ ਨਾਨਕ ਨਾਮ ਹੇਠ ਹੀ ਬੋਲਦੇ ਸਨ। ਉਹਨਾਂ ਦੇ ਸਭ ਵਿਚਾਰ ਗੁਰੂ ਨਾਨਕ ਦੇ ਹੀ ਵਿਚਾਰ ਸਨ। ਇਨ੍ਹਾਂ ਅਰਥਾਂ ਵਿਚ ਹੀ ਗੁਰੂ ਅਮਰਦਾਸ ਜੀ ਇਉਂ ਬੋਲੇ ਸਨ :

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥
(ਸੋਰਠਿ ਮਹਲਾ ੩ ਪੰਨਾ ੬੪੬)

ਅਰਥਾਤ–'ਸ਼ਬਦ ਇਕ ਹੈ, ਗੁਰੂ ਵੀ ਇਕ ਹੈ, ਇਸ ਲਈ ਇਕ ਸ਼ਬਦ ਨੂੰ ਹੀ ਵਿਚਾਰੋ, ਹੇ ਸਿੰਘੋ !' ਦੇਹ-ਧਾਰੀ ਜਾਂ ਸ਼ਖ਼ਸੀ ਰੂਪ ਵਿਚ ਗੁਰੂ-ਪਦ ਨੂੰ ਕਿਸੇ ਸਮੇਂ ਠੀਕ ਸਮਾਪਤ ਕਰ ਦਿਤਾ ਗਿਆ ਸੀ ਪਰ ਇਸ ਤੋਂ ਪਹਿਲਾਂ ਸ਼ਬਦ-ਗੁਰੂ ਦਾ ਸਿਧਾਂਤ ਇਉਂ ਪ੍ਰਚਾਰਿਆ ਜਾਂਦਾ ਰਿਹਾ ਸੀ।

ਸਤਿਗੁਰੁ ਮੇਰਾ ਸਦਾ ਸਦਾ ਨ ਆਵੈ ਨਾ ਜਾਇ ॥"
(ਸੂਹੀ ਮਹਲਾ ੪ ਪੰਨਾ ੭੫੯)

ਇਸ ਤਰ੍ਹਾਂ ਸਤਿਗੁਰੂ ਨਾਨਕ ਸਦਾ ਹੀ ਮੌਜੂਦਾ ਹੋ ਗਿਆ ਕਿਉਂਕਿ ਉਸ ਦਾ ਸ਼ਬਦ ਜੂ ਸਦੀਵੀਂ ਕਰ ਦਿਤਾ ਗਿਆ। ਇਹ ਠੀਕ ਹੈ ਕਿ ਗੁਰੂ ਨਾਨਕ ਦੀ ਸ਼ਖ਼ਸੀ ਅਗਵਾਈ ਦੀ ਵੀ ਆਪਣੀ ਥਾਂ ਲੋੜ ਹੁੰਦੀ ਹੈ ਪਰ ਮਜਬੂਰੀ ਇਹ ਹੈ ਕਿ ਸ਼ਖ਼ਸੀ ਰੂਪ ਵਿਚ ਪੂਰਾ ਗੁਰੂ ਹਰ ਸਮੇਂ ਪ੍ਰਾਪਤ ਨਹੀਂ ਹੋ ਸਕਦਾ; ਕਿਉਂਕਿ ਉਹ ਕਦੇ ਕਦੇ ਹੀ ਜਨਮ ਲੈਂਦਾ ਹੈ ਤੇ ਜਨਮ ਲੈ ਕੇ ਵੀ ਉਹ ਥੋੜ੍ਹੇ ਲੋਕਾਂ ਤੱਕ ਹੀ ਪੁੱਜ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਿਖੀ ਟਕਸਾਲ ਇਉਂ ਚਾਲੂ ਕੀਤੀ ਸੀ ਕਿ ਇਸ ਵਿਚ ਸ਼ਖ਼ਸੀ ਅਗਵਾਈ ਦੇ ਘਾਟੇ ਨੂੰ ਬਹੁਤ ਹਦ ਤੱਕ ਪੂਰਾ ਕਰ ਦਿਤਾ ਗਿਆ ਸੀ। ਉਨ੍ਹਾਂ ਆਪਣੀ ਮੌਜੂਦਗੀ ਵਿਚ ਹੀ ਪੰਥ, ਸੰਗਤ, ਸੰਤਾਂ ਤੇ ਗੁਰਮੁਖਾਂ ਨੂੰ ਮੂਹਰੇ ਰਖਿਆ ਸੀ। ਸੰਗਤ, ਪੰਥ ਤੇ ਬਾਣੀ ਨਾਲ 'ਗੁਰੂ' ਪਦ ਦੀ ਵਰਤੋਂ ਕਰ ਕੇ ਤੇ ਇਹਨਾਂ ਨੂੰ ਗੁਰ-ਸੰਗਤ, ਗੁਰ-ਬਾਣੀ, ਗੁਰੂ-ਪੰਥ ਬਣਾ ਕੇ, ਵਿਸ਼ੇਸ਼ ਮਹਾਨਤਾ ਦਿਤੀ ਗਈ ਸੀ। ਇਸ ਤੋਂ ਹੀ

Sri Satguru Jagjit Singh Ji eLibrary NamdhariElibrary@gmail.com

ਸੇਧ ਪ੍ਰਾਪਤ ਕਰ ਕੇ ਦਸਵੇਂ ਪਾਤਿਸ਼ਾਹ ਨੇ ਪੰਜ ਪਿਆਰਿਆਂ ਤੋਂ, ਪਹਿਲੇ ਆਪ ਅੰਮ੍ਰਿਤ ਛਕਿਆ ਸੀ ਤੇ ਫਿਰ ਉਨ੍ਹਾਂ ਨੂੰ ਪੰਥ ਦੇ ਨੁਮਾਇੰਦੇ ਮਿਥ ਕੇ, ਪੰਥ ਨੂੰ 'ਗੁਰੂ' ਦਾ ਦਰਜਾ ਦੇ ਦਿਤਾ ਸੀ। ਇਸ ਤਰ੍ਹਾਂ ਪੰਥ ਨੂੰ 'ਗੁਰੂ' ਦਾ ਸ਼ਖ਼ਸੀ ਰੂਪ ਮਿਲ ਗਿਆ ਸੀ, ਪਰ ਇਸ ਪੰਥ ਨੂੰ ਸ਼ਬਦ-ਗੁਰੂ ਦੇ ਅਧੀਨ ਕਰ ਕੇ। ਹੁਣ ਗੁਰੂ ਨਾਨਕ, ਆਤਮ ਤੌਰ ਤੇ, ਸ਼ਬਦ ਦਾ ਰੂਪ ਲੈ ਚੁਕੇ ਹਨ ਤੇ ਸ਼ਖ਼ਸੀ ਤੌਰ ਤੇ ਪੰਥ ਵਿਚ ਮੌਜੂਦ ਹਨ, ਜਿਸ ਵਿਚ ਉਹਨਾਂ ਦੇ ਦਸ ਜਾਮਿਆਂ ਦੇ ਜੀਵਤ ਪੂਰਨੇ, ਸਿਖੀ ਰਵਾਇਤਾਂ, ਸਿੱਖੀ ਮਰਯਾਦਾਵਾਂ, ਅਗਵਾਈ ਤੇ ਪ੍ਰੇਰਨਾ ਲਈ ਸਦਾ ਮੌਜੂਦ ਹਨ। ਇਹ ਇਕ ਵਿਉਂਤ ਸੀ ਜਿਸ ਵਿਚ ਸ਼ਬਦ-ਗੁਰੂ ਦੇ ਨਾਲ ਨਾਲ ਸ਼ਖ਼ਸੀ ਅਗਵਾਈ ਦਾ ਪ੍ਰਬੰਧ ਵੀ ਕਰ ਦਿਤਾ ਗਿਆ ਸੀ ਤੇ ਸਿੱਖ ਜਗਤ ਨੂੰ ਆਪਣੇ ਪੈਰਾਂ ਤੇ ਖੜ੍ਹੇ ਹੋ ਜਾਣ ਦੇ ਰਾਹੇ ਵੀ ਪਾਇਆ ਗਿਆ ਸੀ। ਪਰ ਸ਼ਬਦ-ਗੁਰੂ ਇਸ ਬਦਲਦੇ ਸੰਸਾਰ ਵਿਚ ਹਰ ਸੁਆਲ ਉਤੇ ਅਗਵਾਈ ਨਹੀਂ ਦੇ ਸਕੇਗਾ। ਇਸ ਲਈ ਪੰਥ-ਗੁਰੂ ਨੂੰ ਅਧਿਕਾਰ ਦਿਤਾ ਗਿਆ ਸੀ ਕਿ ਸ਼ਬਦ-ਗੁਰੂ ਦੀ ਸਮੁੱਚੀ ਅਗਵਾਈ ਨੂੰ ਪ੍ਰਵਾਨ ਕਰਦਿਆਂ ਹੋਇਆਂ, ਉਹ ਨਵੇਂ ਉਪਜਦੇ ਸਵਾਲਾਂ ਉਤੇ ਵੀ ਆਜ਼ਾਦੀ ਨਾਲ ਸਿਖਾਂ ਨੂੰ ਰਸਤਾ ਵਿਖਾਵੇ। ਦਸਮ-ਪਾਤਿਸ਼ਾਹ ਨੇ ਜਦ ਖ਼ਾਲਸੇ ਨੂੰ ਆਪਣੇ ਹੀ ਰੂਪ ਵਿਚ ਉਸਾਰਿਆ ਗਿਆ ਹੋਇਆ ਦਸਿਆ ਸੀ ਤਾਂ ਪੰਥ ਦੇ ਸਿਰ ਤੇ ਸਦੀਵੀ ਜ਼ਿੰਮੇਵਾਰੀ ਪਾਈ ਸੀ ਜੋ ਖ਼ਾਲਸੇ ਦੀ ਪੂਰਣਤਾ ਮੰਗਦੀ ਸੀ, ਕਿਉਂਕਿ ਇਸ ਤੋਂ ਬਿਨਾਂ ਅਗਵਾਈ ਅਪੂਰਨ ਹੀ ਰਹਿੰਦੀ ਹੈ। ਖ਼ਾਲਸਾ ਜੀ ਦੇ ਵਿਚਾਰ ਹਿਤ ਗੁਰੂ ਅਮਰਦਾਸ ਜੀ ਦੀਆਂ ਕੁਝ ਸਤਰਾਂ ਮੁੰਦਾਵਣੀ ਰੂਪ ਵਿਚ ਪੇਸ਼ ਕਰਦੇ ਹਾਂ ਕਿਉਂਕਿ ਇਥੇ ਵੀ ਇਕ ਮੁੰਦਾਵਣੀ ਹੀ ਹੈ, ਅੜਾਉਣੀ ਹੈ, ਬੁਝਾਰਤ ਹੈ, ਤੇ ਦਸਵੇਂ ਸਤਿਗੁਰੂ ਨੇ ਸਿਖ ਜਗਤ ਨੂੰ ਪਾਈ ਹੋਈ ਹੈ। ਪਹਿਲਾਂ, ਤੀਜੇ ਸਤਿਗੁਰੂ ਦੀ ਬੁਝਾਰਤ, ਜੋ ਅਧਿਆਤਮਕ ਉਸਾਰੀ ਦੇ ਨਾਲ ਸੰਬੰਧਤ ਕੀਤੀ ਗਈ ਸੀ, ਇਹ ਹੈ :



Sri Satguru Jagjit Singh Ji eLibrary NamdhariElibrary@gmail.com

ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥
(ਸੋਰਠਿ ਮਹਲਾ ੩ ਪੰਨਾ ੬੪੫)

ਦਸਮ-ਪਾਤਿਸ਼ਾਹ ਦੇ ਆਪਣੇ ਸਮੇਂ ਤਾਂ ਇਹ ਕੋਈ ਅੜਾਉਣੀ ਨਹੀਂ ਸੀ। ਉਹਨਾਂ ਨੇ ਖ਼ਾਲਸੇ ਦੀ ਖ਼ੂਬ ਪਰਖ ਕਰ ਲਈ ਹੋਈ ਸੀ। ਉਹ ਤਾਂ ਸਗੋਂ ਖ਼ਾਲਸੇ ਤੋਂ ਵਾਰਨੇ ਹੋ ਹੋ ਜਾਂਦੇ ਸਨ ਤੇ ਖ਼ਾਲਸੇ ਦੀ ਮਹਿਮਾ 'ਖ਼ਾਲਸਾ ਮਹਿਮਾ' ਨਾਮ ਦੀ ਰਚਨਾ ਵਿਚ ਉਹ ਇਉਂ ਬੋਲੇ ਸਨ :

"ਮੋਹਿ ਗ੍ਰਿਹਿ ਮੋਂ ਮਨ ਤੇ ਤਨ ਸਿਰ ਲੌ
ਧਨ ਹੈ ਸਭ ਹੀ ਇਨਹੀ ਕੋ ॥"

ਉਨ੍ਹਾਂ 'ਖਾਲਸਾ ਮੇਰੋ ਰੂਪ ਹੈ ਖਾਸ' ਇਵੇਂ ਕਿਸੇ ਜਜ਼ਬੇ ਵਿਚ ਹੋ ਕੇ ਨਹੀਂ ਸੀ ਆਖਿਆ, ਉਹਨਾਂ ਨੂੰ ਪ੍ਰਤੱਖ ਦਿਸਦਾ ਸੀ ਕਿ ਖ਼ਾਲਸਾ, ਅਧਿਆਤਮਕ ਤੌਰ ਤੇ, ਇਤਨਾ ਪਵਿੱਤ੍ਰ ਹੋ ਚੁੱਕਾ ਹੈ ਕਿ ਉਹ ਤਿਆਗ, ਸੇਵਾ ਤੇ ਹਰ ਪ੍ਰਕਾਰ ਦੀ ਕੁਰਬਾਨੀ ਲਈ ਤਿਆਰ-ਬਰ-ਤਿਆਰ ਹੈ। ਹੁਣ ਦੇ ਸਮੇਂ ਇਹ ਅੜਾਉਣੀ ਹੀ ਹੈ ਤੇ ਖ਼ਾਲਸੇ ਨੇ ਹੀ ਇਸ ਦਾ ਉੱਤਰ ਦੇਣਾ ਹੈ।

# ਪਉੜੀ (੩੧)

ਢੰਢੋਲਤ ਢੂਢਤ ਹਉ ਫਿਰੀ ਢਹਿ ਢਹਿ ਪਵਨਿ ਕਰਾਰਿ ॥
ਭਾਰੇ ਢਹਤੇ ਢਹਿ ਪਏ ਹਉਲੇ ਨਿਕਸੇ ਪਾਰਿ ॥
ਅਮਰ ਅਜਾਚੀ ਹਰਿ ਮਿਲੇ ਤਿਨ ਕੈ ਹਉ ਬਲਿ ਜਾਉ ॥
ਤਿਨ ਕੀ ਧੂੜਿ ਅਘੁਲੀਐ ਸੰਗਤਿ ਮੇਲਿ ਮਿਲਾਉ ॥
ਮਨੁ ਦੀਆ ਗੁਰਿ ਆਪਣੈ ਪਾਇਆ ਨਿਰਮਲ ਨਾਉ ॥
ਜਿਨਿ ਨਾਮੁ ਦੀਆ ਤਿਸੁ ਸੇਵਸਾ ਤਿਸੁ ਬਲਿਹਾਰੈ ਜਾਉ ॥
ਜੋ ਉਸਾਰੇ ਸੋ ਢਾਹਸੀ ਤਿਸੁ ਬਿਨੁ ਅਵਰੁ ਨ ਕੋਇ ॥
ਗੁਰਪਰਸਾਦੀ ਤਿਸੁ ਸੰਮ੍ਲਾ ਤਾ ਤਨਿ ਦੂਖੁ ਨ ਹੋਇ ॥੩੧॥



Sri Satguru Jagjit Singh Ji eLibrary NamdhariElibrary@gmail.com

## ਪਦ-ਅਰਥ

ਪਵਨਿ–ਪੈਂਦੇ ਹਨ; ਕਰਾਰਿ–ਕੰਢੇ ਤੇ ਹੀ; ਭਾਰੇ–ਮਾਇਕੀ ਵਾਸ਼ਨਾਵਾਂ ਨਾਲ ਭਰੇ ਹੋਏ; ਹਉਲੇ–ਤ੍ਰਿਸ਼ਨਾ ਰਹਤ; ਅਜਾਚੀ–ਅਤੋਲ; ਅਘੁਲੀਐ–ਛੁਟੀਦਾ ਹੈ।

## ਟੀਕਾ

੧. ਮੈਂ ਢੂੰਢਦੀ ਫਿਰੀ ਹਾਂ (ਕਿ ਮੈਨੂੰ ਠੀਕ ਜੀਵਨ-ਰਾਹ ਮਿਲੇ ਅਤੇ ਵੇਖਿਆ ਇਹ ਹੈ ਕਿ ਮਾਇਕੀ ਵਾਸ਼ਨਾਵਾਂ ਨਾਲ ਭਰੇ ਹੋਏ ਜੀਵ) ਸੰਸਾਰ ਸਾਗਰ ਦੇ ਕੰਢੇ ਉਤੇ ਹੀ ਡਿਗ ਪਏ ਹਨ (ਤਰ ਕੇ ਪਾਰ ਹੋਣਾ ਤਾਂ ਦੂਰ ਦੀ ਗੱਲ ਹੋਈ)।

੨. ਸਭ ਭਾਰੇ ਡਿਗਦੇ ਹੀ ਡਿਗਦੇ ਰਹਿੰਦੇ ਹਨ ਤੇ ਹੌਲੇ ਪਾਰ ਹੋ ਜਾਂਦੇ ਹਨ।

੩. (ਜਿਨ੍ਹਾਂ ਜਿਨ੍ਹਾਂ ਵਡਭਾਗੀਆਂ ਨੂੰ) ਅਤੋਲ ਤੇ ਅਬਿਨਾਸੀ ਹਰੀ ਮਿਲ ਪਿਆ ਹੈ, ਉਨ੍ਹਾਂ ਤੋਂ ਮੈਂ ਸਦਕੇ ਜਾਂਦੀ ਹਾਂ।

੪. ਉਨ੍ਹਾਂ ਦੀ ਹੀ ਚਰਨ ਧੂੜੀ ਦੁਆਰਾ ਸੰਸਾਰਕ ਬੰਧਨਾਂ ਤੋਂ ਛੁੱਟ ਕੇ (ਹੌਲੇ ਹੋ ਜਾਈਦਾ ਹੈ) ਇਸ ਲਈ ਮੈਂ ਚਾਹੁੰਦੀ ਹਾਂ ਕਿ ਉਨ੍ਹਾਂ ਦੀ ਸੰਗਤ ਵਿਚ, ਉਨ੍ਹਾਂ ਦੇ ਮੇਲ ਵਿਚ ਹੋ ਕੇ ਹਰੀ ਨਾਲ ਮੇਰਾ ਵੀ ਮੇਲ ਹੋ ਜਾਵੇ।

੫. ਇਸੇ ਲਈ ਹੀ ਮੈਂ ਗੁਰੂ ਦੁਆਰਾ ਆਪਣਾ ਮਨ ਹਰੀ ਦੇ ਹਵਾਲੇ ਕਰ ਦਿਤਾ ਹੈ ਤੇ ਗੁਰੂ ਤੋਂ ਹੀ ਹਰੀ ਦਾ ਪਵਿੱਤ੍ਰ ਨਾਮ ਪਾਇਆ ਹੈ (ਇਸ ਨਾਮ ਨੇ ਮੇਰੀ ਉਸਾਰੀ ਪੂਰਨ ਰੂਪ ਵਿਚ ਕਰ ਕੇ ਮੈਨੂੰ ਹਰੀ ਨਾਲ ਮਿਲਾਣਾ ਹੈ)।

੬. ਜਿਸ ਹਰੀ ਨੇ ਮੈਨੂੰ, ਗੁਰੂ ਦੁਆਰਾ, ਇਹ (ਅਮੋਲਕ)



Sri Satguru Jagjit Singh Ji eLibrary NamdhariElibrary@gmail.com

ਨਾਮ ਦਿਤਾ ਹੈ, ਉਸ ਤੋਂ ਮੈਂ ਸਦਕੇ ਜਾਂਦੀ ਹਾਂ ਤੇ ਉਸ ਦੀ ਸੇਵਾ ਵਿਚ ਹੀ ਲੱਗਦੀ ਹਾਂ।

੭. ਹਰੀ, ਜੋ ਉਸਾਰਦਾ ਹੈ, ਉਹੋ ਢਾਹ ਵੀ ਦੇਵੇਗਾ (ਜੇ ਮੈਂ ਉਸ ਦੀ ਆਗਿਆ ਤੋਂ ਬਾਹਰ ਆਪ-ਹੁਦਰੀ ਹੋ ਕੇ ਚਲਾਂਗੀ), ਉਸ ਤੋਂ ਬਿਨਾਂ ਤਾਂ ਨਾ ਕੋਈ ਹੋਰ ਬਣਾਂਦਾ ਹੈ ਤੇ ਨਾ ਹੀ ਢਾਹੁੰਦਾ ਹੈ) (ਇਸ ਤਰ੍ਹਾਂ ਦੀਆਂ ਸਤਰਾਂ ਤੋਂ ਇਹ ਭੁਲੇਖਾ ਨਹੀਂ ਪੈਣਾ ਚਾਹੀਦਾ ਕਿ ਆਪਣੇ ਅਧੀਨ ਕੁਝ ਵੀ ਨਹੀਂ। ਸੱਚ ਸਗੋਂ ਇਹ ਹੈ ਕਿ ਅਸੀਂ ਆਪ ਹੀ ਡਿਗਦੇ ਹਾਂ ਤੇ ਆਪ ਹੀ ਬਣਦੇ ਹਾਂ–ਹਰੀ ਦੇ ਕਾਨੂੰਨਾਂ ਦੀ ਉਲੰਘਣਾ ਨਾਲ ਡਿਗੀਦਾ ਹੈ ਤੇ ਪਾਲਣਾ ਨਾਲ ਬਣੀਦਾ ਹੈ)।

੮. ਏਸੇ ਲਈ ਹੀ ਮੈਂ ਆਪਣੇ ਗੁਰੂ ਦੀ ਕ੍ਰਿਪਾ ਨਾਲ ਹਰੀ ਨੂੰ ਹੀ ਸਿਮਰਦੀ ਰਹਾਂਗੀ।

ਨੋਟ : ਸੰਸਾਰ ਸਾਗਰ ਤੋਂ ਤਰ ਨਿਕਲਣ ਲਈ ਗੁਰੂ ਦੀ ਤਾਬੇਦਾਰੀ ਵਿਚ ਹੋ ਕੇ, ਨਾਮ ਸਿਮਰਨ ਦਾ ਰਾਹ ਵਿਖਾਲਿਆ ਜਾ ਰਿਹਾ ਹੈ। ਪਿਛਲੀਆਂ ਪਉੜੀਆਂ ਦਾ ਖਿਆਲ ਵੱਖ ਵੱਖ ਪੱਖਾਂ ਤੋਂ ਹੀ ਪੇਸ਼ ਕੀਤਾ ਜਾ ਰਿਹਾ ਹੈ (ਵੇਖੋ ਪਉੜੀ ੨੭ਵੀਂ)।

## ਪਉੜੀ (੩੨)

ਣਾ ਕੋ ਮੇਰਾ ਕਿਸੁ ਗਹੀ ਣਾ ਕੋ ਹੋਆ ਨ ਹੋਗੁ ॥
ਆਵਣਿ ਜਾਣਿ ਵਿਗੂਚੀਐ ਦੁਬਿਧਾ ਵਿਆਪੈ ਰੋਗੁ ॥
ਣਾਮ ਵਿਹੂਣੇ ਆਦਮੀ ਕਲਰ ਕ਼ੰਧ ਗਿਰੰਤਿ ॥
ਵਿਣੁ ਨਾਵੈ ਕਿਉ ਛੂਟੀਐ ਜਾਇ ਰਸਾਤਲਿ ਅੰਤਿ ॥
ਗਣਤੁ ਗਣਾਵੈ ਅਖਰੀ ਅਗਣਤੁ ਸਾਚਾ ਸੋਇ ॥
ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ ॥
ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ ॥
ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ ॥੩੨॥



Sri Satguru Jagjit Singh Ji eLibrary NamdhariElibrary@gmail.com

# ਪਦ-ਅਰਥ

ਰਸਾਤਲਿ-ਨਰਕ ਵਿਚ; ਤੰਤੁ-ਤਾਰ।

# ਟੀਕਾ

੧. ਹਰੀ ਤੋਂ ਬਿਨਾਂ ਮੈਂ ਹੋਰ ਕਿਸ ਦਾ ਲੜ ਫੜਾਂ ? (ਵਿਸਾਰੇਂਦੇ ਮਰਿ ਗਏ ਮਰਿ ਭਿ ਨਾ ਸਕਹਿ ਮੂਲ ॥ ਵੇਮੁਖ ਹੋਇ ਰਾਮ ਤੇ ਜਿਉ ਤਸਕਰ ਊਪਰਿ ਸੂਲਿ ॥ ਗਉੜੀ ਮਹਲਾ ੫)

ਉਸ ਤੋਂ ਬਿਨਾਂ ਨਾ ਕਦੇ ਕਿਸੇ ਦਾ ਕੋਈ ਸਹਾਰਾ ਹੋਇਆ ਹੈ ਤੇ ਨਾ ਹੋਵੇਗਾ ਹੀ।

੨. (ਸਗੋਂ, ਉਸ ਤੋਂ ਬਿਨਾਂ) ਦਵੈਤ ਦਾ ਰੋਗ ਚੰਬੜਿਆ ਹੀ ਰਹੇਗਾ ਤੇ ਜਨਮ ਮਰਣ ਵਿਚ ਨਸ਼ਟ ਹੋਣਾ ਹੀ ਪਏਗਾ (ਪਉੜੀ ੩੧ ਦਾ ਵਿਚਾਰ ਏਥੇ ਵੀ ਕੁਝ ਬਦਲੇ ਰੂਪ ਵਿਚ ਪੇਸ਼ ਹੈ)।

੩. ਨਾਮ ਤੋਂ ਵਿਰਵੇ ਸਭ ਜੀਵ ਇਉਂ ਡਿਗਦੇ ਹਨ ਜਿਵੇਂ ਕਲਰ ਦੀ ਕੰਧ।

੪. ਨਾਮ ਤੋਂ ਬਿਨਾਂ ਦਸੋ, ਕਿਵੇਂ ਬਚ ਸਕੀਦਾ ਹੈ, ਸਗੋਂ ਅੰਤ ਨੂੰ ਨਰਕ ਵਿਚ ਹੀ ਜਾ ਪ੍ਰਈਦਾ ਹੈ।

੫. (ਭੁੱਲੜ ਜੀਵ) ਹਰੀ ਦੀ ਗਿਣਤੀ ਮਿਣਤੀ ਅਖਰਾਂ (ਸ਼ਬਦਾਂ) ਵਿਚ ਕਰਨ ਦੇ ਉਪਰਾਲੇ ਕਰਦਾ ਹੈ, ਹਾਲਾਂ ਕਿ ਉਹ ਸੱਚਾ, ਗਿਣਤੀ ਮਿਣਤੀ ਤੋਂ ਪਰੇ ਹੈ।

੬. (ਅਜੇਹਾ ਬੰਦਾ) ਅਗਿਆਨੀ ਹੁੰਦਾ ਹੈ, ਮਤਿ ਹੀਣ ਹੁੰਦਾ ਹੈ ਤੇ ਗੁਰੂ ਤੋਂ ਬਿਨਾਂ ਉਸ ਨੂੰ ਗਿਆਨ ਹੁੰਦਾ ਹੀ ਨਹੀਂ (ਭੁਲੇਖੇ ਬਣੇ ਰਹਿੰਦੇ ਹਨ)।

੭.ਜੇ ਰਬਾਬ ਦੀ ਤਾਰ ਹੀ ਟੁਟ ਜਾਏ ਤਾਂ ਇਸ ਟੁਟਣ ਦੇ ਕਾਰਣ ਤਾਰ ਵਜਦੀ ਹੀ ਨਹੀਂ (ਤਿਵੇਂ ਹਰੀ ਤੋਂ ਦੂਰ ਹੋਏ ਜੀਵ, ਜੀਵਣ ਦਾ ਸਹੀ ਰਾਗ ਕੱਢ ਹੀ ਨਹੀਂ ਸਕਦੇ)।



Sri Satguru Jagjit Singh Ji eLibrary NamdhariElibrary@gmail.com

੮. ਹਰੀ-ਪਤੀ ਤੋਂ ਟੁਟੇ ਹੋਇਆਂ ਨੂੰ ਵੀ, ਹੇ ਨਾਨਕ, ਹਰੀ, ਆਪ ਗੁਰੂ-ਮਿਲਾਪ ਦੇ ਢੋ ਢੁਕਾ ਕੇ ਤੇ ਆਪਣੇ ਨਾਲ ਮੇਲ ਕਰਾ ਦਿੰਦਾ ਹੈ ॥੩੨॥

ਨੋਟ–ਹਰੀ ਦੀ ਪ੍ਰਾਪਤੀ ਕਰ ਕੇ ਤੇ ਜੀਵਣ ਨੂੰ ਹਰੀ ਨਾਲ ਇਕ-ਸੁਰ ਹੋ ਕੇ ਚਲਾਣ ਤੋਂ ਬਿਨਾਂ ਆਤਮਾ ਆਵਾਗਵਨ ਵਿਚ ਹੀ ਭਟਕਦੀ ਰਹੇਗੀ।

ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ ॥
ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ ॥
(ਗਉੜੀ ਮਹਲਾ ੫ ਪੰਨਾ ੩੧੯)

ਅਰਥਾਤ 'ਅਕ ਦੀਆਂ ਖਖੜੀਆਂ ਤਦ ਤਕ ਹੀ ਸੋਹਣੀਆਂ ਲਗਦੀਆਂ ਹਨ ਜਦ ਤਕ ਇਹ ਅੱਕ ਦੇ ਬੂਟੇ ਨਾਲ ਲਗੀਆਂ ਹੋਈਆਂ ਹੋਣ। ਪਰ (ਮਾਲਕ–) ਅਕ ਨਾਲੋਂ ਵਿਛੜ ਕੇ ਉਹਨਾਂ ਦੇ ਹਜ਼ਾਰ ਤੂੰਬੇ ਹੋ ਜਾਂਦੇ ਹਨ।'

ਇਹ ਇਕ ਤਰ੍ਹਾਂ ਕਰਤਾਰ ਦਾ ਕਾਨੂੰਨ ਹੀ ਸਮਝੋ ਕਿ ਹਰੀ ਤੋਂ ਵਿਛੜਿਆਂ ਨੂੰ ਦੁਖ ਹੀ ਦੁਖ ਹੁੰਦਾ ਹੈ ਤੇ ਸੁਖ ਕੇਵਲ ਮੇਲ ਤੋਂ ਹੀ ਨਿਕਲਦਾ ਹੈ। ਮਾਇਆ ਦਾ ਰਾਹ ਭੁਲੇਖਾ ਹੈ ਤੇ ਹਰੀ ਦਾ ਰਾਹ ਕੁਦਰਤੀ ਤੇ ਸਫਲ ਜੀਵਨ ਬਖਸ਼ਦਾ ਹੈ। ਸੋ :

ਬਿਨੁ ਨਾਵੈ ਜੀਵਣੁ ਨਾ ਥੀਐ (ਸਿਰੀ ਰਾਗ ਮਹਲਾ ੪ ਪੰਨਾ ੪੦)
ਹੋਰ : ਵਿਣੁ ਨਾਵੈ ਦੁਖੁ ਪਾਇ (ਮਾਝ ਮਹਲਾ ੧ ਪੰਨਾ ੧੪੪)

## ਪਉੜੀ (੩੩)

ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ ॥
ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ ॥
ਉਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗਿ ਘਣੀ ॥
ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ ਬਣੀ ॥



Sri Satguru Jagjit Singh Ji eLibrary NamdhariElibrary@gmail.com

ਬਿਨੁ ਸਾਚੇ ਕਿਉ ਛੂਟੀਐ ਹਰਿ ਗੁਣ ਕਰਮਿ ਮਣੀ ॥
ਆਪਿ ਛਡਾਏ ਛੂਟੀਐ ਵਡਾ ਆਪਿ ਧਣੀ ॥
ਗੁਰ ਪਰਸਾਦੀ ਛੂਟੀਐ ਕਿਰਪਾ ਆਪਿ ਕਰੇਇ ॥
ਅਪਣੈ ਹਾਥਿ ਵਡਾਈਆ ਜੈ ਭਾਵੈ ਤੈ ਦੇਇ ॥੩੩॥

## ਪਦ-ਅਰਥ

ਤਰਵਰੁ–ਰੁਖ; ਪੰਖਿ–ਪੰਛੀ, ਰੰਚ–ਰਤਾ ਵੀ, ਕਰਮਿ–ਬਖਸ਼ਿਸ਼ ਦੁਆਰਾ, ਬੇਗੁਲ–ਕਾਹਲੀ, ਘਣੀ–ਸੰਘਣੀ, ਬਹੁਤੀ, ਮਣੀ–ਮੋਤੀ, ਹੀਰੇ; ਧਣੀ–ਮਾਲਕ, ਭੀੜ–ਔਕੜ।

## ਟੀਕਾ

੧. (ਇਥੇ ਤਰਵਰ ਉਤੇ ਬੈਠੇ ਪੰਛੀਆਂ ਦਾ ਅਲੰਕਾਰ ਲਿਆ ਗਿਆ ਹੈ) ਕਾਇਆਂ ਮਾਨੋਂ ਰੁੱਖ ਹੈ, ਮਨ ਪੰਛੀ ਹੈ, ਇਸ ਕਾਇਆਂ-ਰੁੱਖ ਨਾਲ ਸੰਬੰਧਤ ਪੰਜ ਪੰਖੀ (ਗਿਆਨ ਇੰਦਰੇ) ਹੋਰ ਵੀ ਹਨ।

੨. ਜਿੰਨਾ ਚਿਰ ਇਹ ਪੰਛੀ ਇਕ ਆਤਮ-ਸਰੂਪ ਹਰੀ ਨਾਲ (ਇਕਸੁਰ) ਹੋ ਕੇ ਨਾਮ-ਤਤ ਰੂਪੀ ਚੋਗ ਚੁਗਦੇ ਰਹਿੰਦੇ ਹਨ, ਇਹਨਾਂ ਨੂੰ ਰਤਾ ਵੀ ਫਾਹੀ ਨਹੀਂ ਪੈਂਦੀ (ਇਹ ਸੁਤੰਤਰ ਹੋ ਕੇ, ਆਪਣੀ ਮੌਜ ਵਿਚ, ਕੁਦਰਤੀ ਜੀਵਣ, ਸਹੀ ਜੀਵਣ ਗੁਜ਼ਾਰਦੇ ਹਨ)।

੩. ਪਰ ਜਦੋਂ ਇਹ ਚੋਖਾ ਚੋਗਾ (ਮਾਇਆ ਦੇ ਰੂਪ ਵਿਚ) ਵੇਖ ਕੇ ਕਾਹਲੀ ਨਾਲ, ਲੋਭ ਵਸ ਹੋ ਕੇ, ਇਸ ਚੋਗੇ ਨੂੰ ਪੈਂਦੇ ਹਨ, ਤਾਂ ਹੀ :

੪. ਉਨ੍ਹਾਂ ਨੂੰ ਫਾਹੀ ਪੈਂਦੀ ਹੈ (ਉਹ ਮਾਇਆ ਦੇ ਬੰਧਨਾਂ ਵਿਚ ਪੈ ਜਾਂਦੇ ਹਨ) ਤੇ ਜੋ ਅਵਗਣ (ਪਾਪ) ਉਹ ਕਰਦੇ ਹਨ, ਇਸ ਕਾਰਨ



Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਦੇ ਖੰਭ ਹੀ ਟੁਟ ਜਾਂਦੇ ਹਨ, ਮੁੜ ਉਹ ਆਜ਼ਾਦੀ ਨਾਲ ਅਕਾਸ਼ ਦੀਆਂ ਉਡਾਰੀਆਂ ਨਹੀਂ ਲੈ ਸਕਦੇ ਤੇ ਦੁੱਖਾਂ ਕਲੇਸ਼ਾਂ ਦੀਆਂ ਔਕੜਾਂ ਵਿਚ ਹੀ ਰਹਿੰਦੇ ਹਨ।

੫. ਸਚੇ ਹਰੀ ਦੇ ਨਾਮ ਤੋਂ ਬਿਨਾਂ ਉਹਨਾਂ ਦਾ ਕਦੇ ਵੀ ਛੁਟਕਾਰਾ ਨਹੀਂ ਹੁੰਦਾ–(ਜਿੰਨਾ ਚਿਰ ਉਹ ਹਰੀ ਦੀ ਬਖ਼ਸ਼ਿਸ਼ ਦੁਆਰਾ, ਹਰੀ ਦੇ ਗੁਣਾਂ ਰੂਪ ਰਤਨ ਜਵਾਹਰ ਇਕੱਠੇ ਨਹੀਂ ਕਰਨਗੇ, ਓਨਾ ਚਿਰ ਉਹ ਦੁਖਾਂ ਕਲੇਸ਼ਾਂ ਨੂੰ ਹੀ ਸਹੇੜਦੇ ਰਹਿਣਗੇ)।

੬. (ਪਰ ਉਹ ਵੀ ਤਾਂ ਆਪਣੇ ਕਰਮਾਂ ਦੇ ਅਧੀਨ ਚਲਦੇ ਹਨ, ਤੇ ਜਦੋਂ) ਵਡਾ ਹਰੀ-ਮਾਲਕ ਆਪ ਹੀ ਆਪਣੀ ਰਜ਼ਾ ਅਨੁਸਾਰ (ਆਪਣੇ ਕਾਨੂੰਨਾਂ ਅਨੁਸਾਰ), ਕਿਸੇ ਨੂੰ ਛੁਡਾਵੇ ਤਦੋਂ ਹੀ ਛੁਟੀਦਾ ਹੈ ਇਉਂ ਹਰ ਜੀਵ ਆਪਣੇ ਹੀ ਕਰਮਾਂ ਦਾ ਜ਼ਿੰਮੇਵਾਰ ਵੀ ਹੋ ਜਾਂਦਾ ਹੈ। ਇਸ ਤਰ੍ਹਾਂ ਹਰੀ ਦੀ ਕ੍ਰਿਪਾ ਤੇ ਜੀਵ ਦੇ ਕਰਮ ਇਕੱਠੇ ਹੀ ਚਲਦੇ ਹਨ)।

੭. ਜਦੋਂ ਵੀ ਹਰੀ ਆਪ, ਕਿਰਪਾ ਕਰਦਾ ਹੈ (ਤੇ ਗੁਰੂ ਦਾ ਮੇਲ ਕਰਾਂਦਾ ਹੈ), ਤਾਂ ਗੁਰੂ ਦੀ ਦਇਆ ਨਾਲ ਬਚ ਨਿਕਲੀਦਾ ਹੈ (ਕ੍ਰਿਪਾ ਦੇ ਕਿਆਸ ਲਈ ਵੇਖੋ ਪਉੜੀ ੩੫ਵੀਂ)

੮. ਸੋ, ਅੰਤਮ ਤੌਰ ਤੇ ਸਭ ਵਡਿਆਈਆਂ ਹਰੀ ਦੇ ਆਪਣੇ ਹੱਥ ਹੀ ਹੁੰਦੀਆਂ ਹਨ ਤੇ ਜਿਨ੍ਹਾਂ ਉਤੇ ਉਸ ਦੀ ਮਿਹਰ ਹੋਵੇ ਉਹਨਾਂ ਨੂੰ ਹੀ ਉਹ ਦਿੰਦਾ ਹੈ ॥੩੩॥

ਨੋਟ:–ਇਹ ਬਹੁਤ ਹੀ ਸਪਸ਼ਟ ਤੇ ਮਹਾਨ ਪਉੜੀ ਹੈ। ਹਰੀ ਆਪਣੇ ਹੀ ਕਾਨੂੰਨ ਦੀ ਵਰਤੋਂ ਕਰਦਾ ਹੈ ਤੇ ਜੋ ਮਨੁਖ ਆਪਣੀ ਕਮਾਈ ਨਾਲ ਮਿਹਰ ਦੇ ਯੋਗ ਹੋ ਜਾਂਦੇ ਹਨ ਉਹ ਬਚਦੇ ਹਨ। ਗੁਰੂ ਵੀ ਕੇਵਲ ਰਾਹ ਹੀ ਵਿਖਾਂਦਾ ਹੈ। ਹਰ ਇਨਸਾਨ ਨੇ ਆਪਣੀ ਕਿਸਮਤ ਆਪ ਬਨਾਣੀ ਹੁੰਦੀ ਹੈ, ਹਰੀ ਦੇ ਹੁਕਮ ਵਿਚ ਹੋ ਕੇ ਹਰੀ ਦੇ ਕਾਨੂੰਨਾਂ ਅਧੀਨ ਤੁਰ ਕੇ।



Sri Satguru Jagjit Singh Ji eLibrary NamdhariElibrary@gmail.com

# ਪਉੜੀ (੩੪)

ਥਰਥਰ ਕੰਪੈ ਜੀਅੜਾ ਥਾਨ ਵਿਹੂਣਾ ਹੋਇ ॥
ਥਾਨਿ ਮਾਨਿ ਸਚੁ ਏਕੁ ਹੈ ਕਾਜੁ ਨ ਫੀਟੈ ਕੋਇ ॥
ਥਿਰੁ ਨਾਰਾਇਣੁ ਥਿਰੁ ਗੁਰੂ ਥਿਰੁ ਸਾਚਾ ਬੀਚਾਰੁ ॥
ਸੁਰਿ ਨਰ ਨਾਥਹ ਨਾਥੁ ਤੂ ਨਿਧਾਰਾ ਆਧਾਰੁ ॥
ਸਰਬੇ ਥਾਨ ਥਨੰਤਰੀ ਤੂ ਦਾਤਾ ਦਾਤਾਰੁ ॥
ਜਹ ਦੇਖਾ ਤਹ ਏਕੁ ਤੂ ਅੰਤੁ ਨ ਪਾਰਾਵਾਰੁ ॥
ਥਾਨ ਥਨੰਤਰਿ ਰਵਿ ਰਹਿਆ ਗੁਰ ਸਬਦੀ ਵੀਚਾਰਿ ॥
ਅਣਮੰਗਿਆ ਦਾਨੁ ਦੇਵਸੀ ਵਡਾ ਅਗਮ ਅਪਾਰੁ ॥੩੪॥

# ਪਦ-ਅਰਥ

ਕੰਪੈ–ਕੰਬਦਾ ਹੈ; ਥਾਨ–ਥਾਂ, ਟਿਕਾਣਾ, ਆਸਰਾ; ਫੀਟੈ–ਵਿਗੜਦਾ।

# ਟੀਕਾ

੧. ਜੇ ਕੋਈ ਜੀਵ ਹਰੀ ਦੇ ਆਸਰੇ ਤੋਂ ਬਿਨਾਂ ਹੁੰਦਾ ਹੈ ਤਾਂ ਉਹ ਥਰ ਥਰ ਕੰਬਦਾ ਰਹਿੰਦਾ ਹੈ (ਉਸ ਦਾ ਜੀਵਨ ਥਿਰ ਹੋ ਕੇ ਨਹੀਂ ਚਲਦਾ, ਡਾਵਾਂ-ਡੋਲੇ ਖਾਂਦਾ ਰਹਿੰਦਾ ਹੈ)।

੨. ਇਕ ਹਰੀ ਹੀ (ਸਭ ਕਿਸੇ ਨੂੰ) ਥਾਂ ਤੇ ਮਾਣ ਦੇਣ ਵਾਲਾ ਹੁੰਦਾ ਹੈ, ਉਸ ਦੀ ਟੇਕ ਵਿਚ ਰਹਿ ਕੇ ਕੋਈ ਕੰਮ ਵਿਗੜਦਾ ਹੀ ਨਹੀਂ (ਸਭ ਜੀਵਨ ਕੁਦਰਤੀ ਤੇ ਠੀਕ ਤਰੀਕੇ ਨਾਲ ਸਹਿਜ ਵਿਚ ਹੋ ਕੇ ਚਲਦਾ ਰਹਿੰਦਾ ਹੈ)।

੩. ਹਰੀ ਥਿਰ ਹੈ, ਇਕਸਾਰ ਰਹਿੰਦਾ ਹੈ, ਗੁਰੂ ਵੀ ਥਿਰ ਹੈ ਤੇ ਉਸ ਦਾ ਸੱਚਾ ਵੀਚਾਰ (ਸ਼ਬਦ) ਵੀ ਥਿਰ ਹੈ (ਵੇਖੋ ਪਉੜੀ ੩੦ ਦਾ ਨੋਟ)।



Sri Satguru Jagjit Singh Ji eLibrary NamdhariElibrary@gmail.com

੪. ਹੇ ਹਰੀ, ਤੂੰ ਦੇਵਤੇ ਪੁਰਸ਼ਾਂ ਤੇ ਨਾਥਾਂ ਦਾ ਵੀ ਨਾਥ (ਮਾਲਕ) ਹੈਂ, ਤੂੰ ਆਪ ਹੀ ਨਿਆਸਰਿਆਂ ਦਾ ਵੀ ਆਸਰਾ ਹੈਂ।

੫. (ਇਹ ਇਸ ਤਰ੍ਹਾਂ ਕਿ) ਤੂੰ ਸਭ ਥਾਈਂ ਵਿਆਪਕ ਹੋ ਰਿਹਾ ਹੈਂ ਤੇ ਦਾਤਾ ਹੋ ਕੇ ਸਭ ਦਾਤਾਂ ਦੇ ਰਿਹਾ ਹੈਂ (ਸਭ ਥੁੜਾਂ ਵੀ ਪੂਰੀਆਂ ਕਰ ਰਿਹਾ ਹੈਂ, ਜਾਗ੍ਰਤ ਰੂਪੀ ਦਾਤ ਦੇ ਕੇ ਜਾਂ ਕੋਈ ਹੋਰ ਸਬੱਬ ਬਣਾ ਕੇ)।

੬. ਜਿਧਰ ਮੈਂ ਵੇਖਦਾ ਹਾਂ, ਇਕ ਤੂੰ ਹੀ ਮੈਨੂੰ ਦਿਸਦਾ ਹੈਂ, ਤੇਰਾ ਅੰਤ, ਤੇਰਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ (ਅਸਚਰਜ ਖੇਡ ਜੂ ਸਾਰੇ ਵਰਤਾ ਰਿਹਾ ਹੈਂ, ਜਿਸ ਦੀ ਸਮਝ ਹੀ ਨਹੀਂ ਪੈਂਦੀ)।

੭. ਗੁਰ-ਸ਼ਬਦ ਦੁਆਰਾ ਹੀ ਇਹ ਸਮਝ ਪੈਂਦੀ ਹੈ ਕਿ ਉਹ ਆਪ ਸਭ ਥਾਈਂ ਵਿਆਪਕ ਹੋ ਕੇ ਖੇਡ ਚਲਾ ਰਿਹਾ ਹੈ।

੮. (ਫਿਰ ਹੋਰ ਵਿਸਮਾਦ-ਭਰਪੂਰ ਬਾਤ ਇਹ ਹੈ ਕਿ) ਉਹ ਬਿਨਾਂ ਮੰਗਿਆਂ ਹੀ ਦਾਨ ਦੇਂਦਾ ਹੈ ("ਆਪੇ ਜਾਣੈ ਆਪੇ ਦੇਇ")। ਆਮ ਜੀਵਾਂ ਨੂੰ ਤਾਂ ਪਤਾ ਹੀ ਨਹੀਂ ਹੁੰਦਾ ਕਿ ਉਨ੍ਹਾਂ ਦੇ ਅਸਲ ਹਿਤਾਂ ਵਿਚ ਕੀ ਹੈ ਤੇ ਕੀ ਨਹੀਂ ਹੈ? ਮਸਲਨ, ਲੋਭੀ ਪੁਰਸ਼ ਹਰ ਜਾਇਜ਼ ਨਾਜਾਇਜ਼ ਢੰਗ ਨਾਲ ਆਪਣੇ ਲੋਭ ਦੀ ਪੂਰਤੀ ਕਰਨਾ ਚਾਹੁੰਦਾ ਹੈ, ਜੋ ਉਸ ਦੇ ਹਿਤਾਂ ਵਿਚ ਨਹੀਂ ਹੁੰਦਾ। ਅਜਿਹੀ ਹਾਲਤ ਵਿਚ ਉਸ ਨੂੰ ਦੁੱਖਾਂ ਕਸ਼ਟਾਂ ਵਿਚ ਹੀ ਪੈਣਾ ਪੈਂਦਾ ਹੈ, ਜੋ ਉਸ ਦਾ ਇਲਾਜ ਹੁੰਦੇ ਹਨ। ਉਹ ਵਡਾ, ਪਹੁੰਚ ਤੋਂ ਪਰੇ ਅਤੇ ਬੇਅੰਤ ਜੂ ਹੋਇਆ (ਵੇਖੋ ਅਗਲੀ ਪਉੜੀ) ॥੩੪॥

## ਪਉੜੀ (੩੫)

ਦਇਆ ਦਾਨੁ ਦਇਆਲੁ ਤੂ ਕਰਿ ਕਰਿ ਦੇਖਣਹਾਰੁ ॥
ਦਇਆ ਕਰਹਿ ਪ੍ਰਭ ਮੇਲਿ ਲੈਹਿ ਖਿਨ ਮਹਿ ਢਾਹਿ ਉਸਾਰਿ ॥



Sri Satguru Jagjit Singh Ji eLibrary NamdhariElibrary@gmail.com

ਦਾਨਾ ਤੂ ਬੀਨਾ ਤੁਹੀ ਦਾਨਾ ਕੈ ਸਿਰਿ ਦਾਨੁ ॥
ਦਾਲਦ ਭੰਜਨ ਦੂਖ ਦਲਣ ਗੁਰਮੁਖਿ ਗਿਆਨੁ ਧਿਆਨੁ ॥੩੫॥

## ਪਦ-ਅਰਥ

ਦੇਖਣਹਾਰੁ–ਸੰਭਾਲਣ ਵਾਲਾ; ਦਾਨਾ–ਜਾਨਣ ਵਾਲਾ; ਬੀਨਾ–ਵੇਖਣ ਵਾਲਾ; ਦਾਲਦ, ਭੰਜਨ–ਗ਼ਰੀਬੀ ਤੋੜਨ ਵਾਲਾ; ਦੂਖ ਦਲਣ–ਦੁਖਾਂ ਨੂੰ ਦਲਣ ਵਾਲਾ।

## ਟੀਕਾ

੧. ਹੇ ਹਰੀ, ਤੂੰ ਦਇਆਲ ਹੈਂ, ਦਇਆ ਤੇ ਦਾਨ ਤੈਥੋਂ ਹੀ ਨਿਕਲਦੇ ਹਨ, ਤੂੰ ਜੀਵਾਂ ਨੂੰ ਬਣਾ ਬਣਾ ਕੇ (ਪੈਦਾ ਕਰ ਕਰ ਕੇ) ਉਹਨਾਂ ਦੀ ਸੰਭਾਲ ਵੀ ਕਰਦਾ ਹੈਂ।

੨. ਤੂੰ, ਹੇ ਹਰੀ, ਦਇਆ ਕਰਦਾ ਹੈਂ, ਆਪਣੇ ਨਾਲ ਮੇਲ ਵੀ ਲੈਂਦਾ ਹੈਂ ਤੇ ਖਿਨ ਵਿਚ ਭੰਨਣ ਘੜਣ ਸਮਰੱਥ ਵੀ ਹੈਂ (ਕਈਆਂ ਨੂੰ ਘੜਦਾ ਤੇ ਸਵਾਰਦਾ ਹੈਂ ਤੇ ਕਈਆਂ ਨੂੰ ਡੇਗਦਾ ਤੇ ਢਾਹੁੰਦਾ ਹੈਂ।

੩. ਤੂੰ ਸਭ ਕੁਝ ਜਾਨਣਹਾਰ, ਵੇਖਣਹਾਰ ਤੇ ਦਾਤਿਆਂ ਦਾ ਦਾਤਾ ਹੈਂ, (ਦਾਤਾਰ ਨੂੰ ਏਥੇ ਜਾਨਣਹਾਰ ਤੇ ਦੇਖਣਹਾਰ ਵਿਖਾਇਆ ਹੈ ਜੋ ਸਹੀ ਤੋਲ ਤੋਲ ਕੇ ਹੀ ਦਾਤਾਂ ਦਿੰਦਾ ਹੈ)।

੪. ਤੂੰ ਗਰੀਬੀ ਕੰਗਾਲਤਾ ਤੋੜਨ ਵਾਲਾ ਹੈਂ, ਦੁਖਾਂ ਨੂੰ ਮੇਟਣ ਵਾਲਾ ਹੈਂ; ਪਰ ਗੁਰੂ ਦੀ ਕ੍ਰਿਪਾ ਨਾਲ ਹੀ (ਤੇਰੀ ਸਾਰੀ ਲੀਲ੍ਹਾ ਦਾ ਸਹੀ) ਗਿਆਨ ਤੇ ਧਿਆਨ ਹੁੰਦਾ ਹੈ।

ਨੋਟ:–ਅਸੀਂ ਏਥੇ ਹਰੀ ਦੀ ਮਿਹਰ ਜਾਂ ਦਇਆ ਦੇ ਕਿਆਸ ਨੂੰ ਵਧੇਰੇ ਖੋਲ੍ਹ ਕੇ ਵਿਖਾਣਾ ਚਾਹੁੰਦੇ ਹਾਂ, ਕਿਉਂਕਿ ਆਮ ਤੌਰ ਤੇ ਇਸ ਨੂੰ ਬਹੁਤ ਗ਼ਲਤ ਰੰਗ ਵਿਚ ਲਿਆ ਜਾਂਦਾ ਹੈ। ਮਿਹਰ ਕਦੇ ਵੀ ਬੇ-ਨਿਯਮੀ ਜਾਂ ਆਪ-ਹੁਦਰੀ ਨਹੀਂ ਹੁੰਦੀ, ਜਿਵੇਂ ਰਾਜਿਆਂ



Sri Satguru Jagjit Singh Ji eLibrary NamdhariElibrary@gmail.com

ਮਹਾਰਾਜਿਆਂ ਦੀ ਹੁੰਦੀ ਹੈ। ਇਹ ਹਰੀ ਦੀ ਪ੍ਰਸੰਨਤਾ ਪ੍ਰਾਪਤ ਕਰਕੇ ਹੀ ਮਿਲਣੀ ਹੁੰਦੀ ਹੈ, ਨਿਰੀ ਕਰਮਾਂ ਧਰਮਾਂ ਦੀ ਰਸਮੀ ਪਾਲਣਾ ਕਰਕੇ ਨਹੀਂ ਮਿਲਿਆ ਕਰਦੀ। ਬਹੁਤ ਸਾਰੇ ਸ਼ਰਧਾਲੂ ਲੋਕ ਸਮਝਦੇ ਹਨ ਕਿ ਰੋਜ਼ ਗੁਰਦਵਾਰੇ ਜਾਣ ਨਾਲ ਜਾਂ ਬਾਣੀ ਦੇ ਪੜ੍ਹਨ ਸੁਣਨ ਨਾਲ ਜਾਂ ਕੜਾਹ ਪ੍ਰਸਾਦ ਕਰਾ ਛੱਡਣ ਨਾਲ ਜਾਂ ਲੰਗਰ ਦੀ ਸੇਵਾ ਕਰਨ ਨਾਲ ਜਾਂ ਹੋਰ ਕੋਈ ਕਰਮ ਧਰਮ ਦੀ ਰਸਮੀ ਪੂਰਤੀ ਕਰਨੀ ਹੁੰਦੀ ਹੈ, ਫਿਰ ਹਰੀ ਆਪੇ ਖ਼ੁਸ਼ ਹੋ ਕੇ ਸਾਡੀਆਂ ਸਭ ਲੋੜਾਂ ਪੂਰੀਆਂ ਕਰ ਦਿੰਦਾ ਹੈ। ਇਹ ਗੱਲ ਇਸ ਹਦ ਤਕ ਹੀ ਦਰੁਸਤ ਹੁੰਦੀ ਹੈ, ਜਿਸ ਹੱਦ ਤੱਕ ਸਾਡੀ ਅੰਦਰੋਂ ਉਸਾਰੀ ਹੋ ਜਾਂਦੀ ਹੋਵੇ,ਸਾਡੇ ਆਪਣੇ ਅੰਦਰ ਬੈਠੇ ਹਰੀ ਦੇ ਰਾਹੀਂ–ਨਿਰੀ ਰਸਮੀ ਕ੍ਰਿਤ ਨਾਲ ਉਹ ਪ੍ਰਸੰਨ ਨਹੀਂ ਹੁੰਦਾ,ਜਿਹੜਾ ਵੀ ਮਨੁੱਖ ਆਪਣੇ ਅੰਦਰ ਸੱਚ, ਪਿਆਰ, ਧੀਰਜ, ਗਰੀਬੀ, ਨਿਮ੍ਰਤਾ, ਮਿਠਾਸ ਆਦਿਕ ਦੈਵੀ ਗੁਣਾਂ ਦੇ ਹਾਰ ਪ੍ਰੋ ਲੈਂਦਾ ਹੈ ਉਹੋ ਹੀ ਮਿਹਰ ਦਾ ਪਾਤਰ ਬਣਦਾ ਹੈ। ਦੁਨਿਆਵੀ ਹਾਣ ਲਾਭ ਦੇ ਮਾਪਾਂ ਨਾਲ ਹੀ ਉਸ ਦੀ ਮਿਹਰ ਨੂੰ ਤੋਲਿਆ ਨਹੀਂ ਜਾ ਸਕਦਾ। ਇਸ ਪਉੜੀ ਦੇ ਅੰਤ ਵਿਚ ਜਾ ਕੇ ਦਸਿਆ ਗਿਆ ਹੈ ਕਿ ਗੁਰੂ ਦੀ ਕ੍ਰਿਪਾ ਨਾਲ ਹੀ ਇਹ ਸਮਝ ਆਵੰਦੀ ਕਿ ਹਰੀ ਦਾ ਸਹੀ ਗਿਆਨ ਜਾਂ ਸਹੀ ਧਿਆਨ ਕੀ ਅਰਥ ਰਖਦੇ ਹਨ ? ਪਿਛਲੀਆਂ ਕਈ ਪਉੜੀਆਂ ਵਿਚ ਵੀ ਕਿਤੇ ਕਿਤੇ ਮਿਹਰ ਦੇ ਅਰਥ ਸਮਝੇ ਸਮਝਾਏ ਗਏ ਸਨ। ਹਰੀ ਦੇ ਸੱਚੇ ਸੇਵਕ ਦੇ ਸਾਹਮਣੇ ਆਪਣੀ ਉਸਾਰੀ ਹੁੰਦੀ ਹੈ। ਉਸ ਦਾ ਗਿਆਨ ਉਸ ਦੇ ਧਿਆਨ ਨੂੰ ਰਸਮੀ ਪੂਜਾ ਪਾਠ ਤੇ ਨਹੀਂ, ਸਗੋਂ ਪੂਜਾ ਪਾਠ ਦੇ ਸਹੀ ਮਨੋਰਥ ਦੀ ਪੂਰਤੀ ਵਲ ਮੋੜਦਾ ਹੈ। ਉਹ ਸੱਚੇ ਅਰਥਾਂ ਵਿਚ ਧਰਮੀ ਬਣਕੇ ਹਰੀ ਦਾ ਹੋ ਜਾਣਾ ਚਾਹੁੰਦਾ ਹੈ, ਖ਼ੁਸ਼ਾਮਦ ਜਾਂ ਰਿਆਇਤਾਂ ਨਾਲ ਨਹੀਂ। ਉਹ ਪਹਿਲਾਂ ਆਪਣੀ 'ਸੁਰਤ ਮਤਿ, ਮਨ, ਬੁਧ' ਘੜਦਾ ਹੈ, ਉਹ 'ਸੁਰਾਂ ਸਿਧਾਂ ਕੀ ਸੁਧ' ਉਪਜਾਉਂਦਾ ਹੈ ਤੇ ਹਰੀ ਮਿਹਰ ਦਾ ਸਭ ਤੋਂ ਵਧੀਆ ਅਧਿਕਾਰੀ ਹੋ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

# ਪਉੜੀ (੩੬)

ਧਨਿ ਗਇਐ ਬਹਿ ਝੂਰੀਐ ਧਨ ਮਹਿ ਚੀਤੁ ਗਵਾਰ ॥
ਧਨੁ ਵਿਰਲੀ ਸਚੁ ਸੰਚਿਆ ਨਿਰਮਲੁ ਨਾਮੁ ਪਿਆਰਿ ॥
ਧਨੁ ਗਇਆ ਤਾ ਜਾਣ ਦੇਹਿ ਜੇ ਰਾਚਹਿ ਰੰਗਿ ਏਕ ॥
ਮਨੁ ਦੀਜੈ ਸਿਰੁ ਸਉਪੀਐ ਭੀ ਕਰਤੇ ਕੀ ਟੇਕ ॥
ਧੰਧਾ ਧਾਵਤ ਰਹਿ ਗਏ ਮਨ ਮਹਿ ਸਬਦੁ ਅਨੰਦੁ ॥
ਦੁਰਜਨ ਤੇ ਸਾਜਨ ਭਏ ਭੇਟੇ ਗੁਰ ਗੋਵਿੰਦ ॥
ਬਨੁ ਬਨੁ ਫਿਰਤੀ ਢੂਢਤੀ ਬਸਤੁ ਰਹੀ ਘਰਿ ਬਾਰਿ ॥
ਸਤਿਗੁਰਿ ਮੇਲੀ ਮਿਲਿ ਰਹੀ ਜਨਮ ਮਰਣ ਦੁਖੁ ਨਿਵਾਰਿ ॥੩੬॥

## ਪਦ-ਅਰਥ

ਧਾਵਤ–ਦੌੜਾਂ, ਭਟਕਨਾਵਾਂ; ਬਾਰਿ–ਦਰਵਾਜ਼ੇ ਉਤੇ; ਨਿਵਾਰਿ–ਦੂਰ ਕਰ ਕੇ।

## ਟੀਕਾ

੧. ਦੌਲਤ ਲਈ, ਗਵਾਰਾਂ ਦੇ ਚਿਤ ਵਿਚ ਏਨਾ (ਮੋਹ) ਹੁੰਦਾ ਹੈ ਕਿ ਦੌਲਤ ਦੇ ਚਲੇ ਜਾਣ ਨਾਲ ਉਹ ਰੋਣ ਬਹਿ ਜਾਂਦੇ ਹਨ (ਬੇਹੱਦ ਦੁਖੀ ਹੁੰਦੇ ਹਨ)।

੨. ਵਿਰਲੇ ਹੀ ਐਸੇ ਹੁੰਦੇ ਹਨ ਜਿਨ੍ਹਾਂ ਹਰੀ ਦੇ ਪਿਆਰ ਵਿਚ ਹੋ ਕੇ ਨਾਮ-ਰੂਪੀ ਸੱਚਾ ਤੇ ਪਵਿਤ੍ਰ ਧਨ ਇਕੱਠਾ ਕੀਤਾ ਹੁੰਦਾ ਹੈ।

੩. ਹੇ ਭੁੱਲੜ ਜੀਵ, ਜੇ ਤੂੰ ਹਰੀ ਦੇ ਪਿਆਰ ਵਿਚ ਰੰਗਿਆ ਜਾਵੇਂ ਤੇ ਮੁੜ ਤੇਰਾ ਧਨ ਜਾਂਦਾ ਵੀ ਹੋਵੇ ਤਾਂ ਵੀ ਤੂੰ ਪਰਵਾਹ ਨਾ ਕਰ!

੪. ਸਗੋਂ, ਮਨ ਅਤੇ ਸਿਰ (ਹਰੀ ਦੇ ਹੁਕਮ ਵਿਚ) ਅਰਪਨ ਕਰਕੇ ਹਰੀ-ਕਰਤੇ ਦਾ ਆਸਰਾ ਲੈ।



Sri Satguru Jagjit Singh Ji eLibrary NamdhariElibrary@gmail.com

੫. ਵੇਖ, ਹਰ ਕਿਸੇ ਦੇ ਧੰਧੇ ਤੇ ਭਟਕਣਾਵਾਂ (ਜੋ ਧਨ ਇਕੱਠਾ ਕਰਨ ਦੀ ਹਵਸ ਤੋਂ ਉਪਜਦੇ ਹਨ) ਤੁਰਤ ਹੀ ਮੁਕ ਜਾਂਦੇ ਹਨ; ਜਦੋਂ ਅਨੰਦ ਸਰੂਪ ਸ਼ਬਦ ਮਨ ਵਿਚ ਵੱਸ ਜਾਂਦਾ ਹੈ (ਗੁਰ-ਸ਼ਬਦ ਅਨੰਦ ਉਪਜਾਉਂਦਾ ਹੈ ਜਦੋਂ ਇਹ ਮਨ ਵਿਚ ਸਥਿਰ ਥਾਂ ਪ੍ਰਾਪਤ ਕਰਦਾ ਹੈ ਕਿਉਂਕਿ ਇਹ ਸ਼ਬਦ ਐਸੇ ਗੁਰੂ ਦਾ ਹੀ ਹੈ (ਜੋ ਆਪ ਵੀ ਅਨੰਦ-ਸਰੂਪ ਹਰੀ ਦਾ ਰੂਪ ਹੈ—ਵੇਖੋ ਅਗਲੀ ਸਤਰ)।

੬. ਗੋਵਿੰਦ-ਸਰੂਪ ਗੁਰੂ ਦੇ ਮਿਲਣ ਨਾਲ ਤਾਂ ਮਾੜੇ ਪੁਰਸ਼ ਵੀ ਸਜਣ ਹੋ ਕੇ ਦਿੱਸਣ ਲੱਗ ਪੈਂਦੇ ਹਨ।

੭. (ਵੇਖੋ, ਭਟਕਦੀ ਹੋਈ ਜੀਵ-ਇਸਤ੍ਰੀ) ਜਿਸ ਵਸਤੂ ਨੂੰ ਜੰਗਲ ਜੰਗਲ ਢੂੰਢਦੀ ਫਿਰਦੀ ਸੀ, ਉਹ ਉਸ ਦੇ ਆਪਣੇ ਹੀ (ਹਿਰਦੇ) ਘਰ ਅੰਦਰ, ਉਸ ਦੇ ਮਾਨੋਂ ਆਪਣੇ ਹੀ ਦਰਵਾਜ਼ੇ ਉਤੇ ਪਈ ਸੀ, (ਪਰ ਜਿਸ ਦਾ ਉਸ ਨੂੰ ਪਤਾ ਵੀ ਨਹੀਂ ਸੀ)।

੮. ਸਤਿਗੁਰੂ ਨੇ ਉਸ ਨੂੰ ਹਰੀ ਨਾਲ ਐਸਾ ਮੇਲਿਆ ਕਿ ਉਹ ਸਦੀਵੀ ਤੌਰ ਤੇ ਮਿਲ ਗਈ ਤੇ ਉਸ ਲਈ ਜਨਮ ਮਰਣ ਦਾ ਦੁੱਖ ਹੀ ਮੁੱਕ ਗਿਆ ॥੩੬॥

## ਪਉੜੀ (੩੭)

ਨਾਨਾ ਕਰਤ ਨ ਛੂਟੀਐ ਵਿਣੁ ਗੁਣ ਜਮਪੁਰਿ ਜਾਹਿ ॥
ਨਾ ਤਿਸੁ ਏਹੁ ਨ ਓਹੁ ਹੈ ਅਵਗੁਣਿ ਫਿਰਿ ਪਛੁਤਾਹਿ ॥
ਨ ਤਿਸੁ ਗਿਆਨੁ ਨ ਧਿਆਨੁ ਹੈ ਨਾ ਤਿਸੁ ਧਰਮੁ ਧਿਆਨੁ ॥
ਵਿਣੁ ਨਾਵੈ ਨਿਰਭਉ ਕਹਾ ਕਿਆ ਜਾਣਾ ਅਭਿਮਾਨੁ ॥
ਥਾਕਿ ਰਹੀ ਕਿਵ ਅਪੜਾ ਹਾਥ ਨਹੀ ਨਾ ਪਾਰੁ ॥
ਨਾ ਸਾਜਨ ਸੇ ਰੰਗੁਲੇ ਕਿਸੁ ਪਹਿ ਕਰੀ ਪੁਕਾਰ ॥
ਨਾਨਕ ਪ੍ਰਿਉ ਪ੍ਰਿਉ ਜੇ ਕਰੀ ਮੇਲੇ ਮੇਲਣਹਾਰੁ ॥
ਜਿਨਿ ਵਿਛੋੜੀ ਸੋ ਮੇਲਸੀ ਗੁਰ ਕੈ ਹੇਤਿ ਅਪਾਰਿ ॥੩੭॥



Sri Satguru Jagjit Singh Ji eLibrary NamdhariElibrary@gmail.com

## ਪਦ-ਅਰਥ

ਨਾਨਾ–ਕਈ ਪ੍ਰਕਾਰ ਦੇ; ਹਾਥ–ਅੰਦਾਜ਼ਾ, ਜਮ ਪੁਰਿ– ਨਰਕ ਵਿਚ ।

## ਟੀਕਾ

੧. ਕਈ ਪ੍ਰਕਾਰ ਦੇ ਕਰਮ ਕਰਦਿਆਂ (ਹਉਮੈ ਤੋਂ) ਛੁਟਕਾਰਾ ਨਹੀਂ ਹੁੰਦਾ। (ਹਰੀ ਦੇ ਗੁਣ ਉਪਜਾ ਕੇ ਹੀ ਹਉਮੈ ਕਢੀਦੀ ਹੈ ਤੇ) ਗੁਣਾਂ ਤੋਂ ਖਾਲੀ ਜਮ-ਪੁਰੀ ਹੀ ਜਾਈਦਾ ਹੈ।

੨. (ਜੋ ਜੀਵ ਗੁਣ ਇਕੱਠੇ ਨਹੀਂ ਕਰਦੇ) ਉਹ ਲੋਕ ਪ੍ਰਲੋਕ ਦੋਵੇਂ ਹੀ ਗਵਾਂਦੇ ਹਨ ਤੇ ਫਿਰ ਆਪਣੇ ਅਵਗੁਣਾਂ ਦੇ ਕਾਰਨ ਹੀ ਪਛਤਾਂਦੇ ਹਨ (ਰਸਮੀ ਪੂਜਾ ਪਾਠ ਕਰਨ ਵਾਲੇ ਲੋਕ ਵੇਖਣ ਕਿ ਐਸੀ ਪੂਜਾ ਦਾ ਕੀ ਮੁਲ ਪੈ ਰਿਹਾ ਹੈ–ਵੇਖੋ ਪਉੜੀਆਂ ੨੯, ੩੦ ਤੇ ਅਗ੍ਹਾਂ ੫੧ਵੀਂ)।

੩. ਅਜਿਹੇ ਜੀਵਾਂ ਨੂੰ ਨਾ ਸਹੀ ਗਿਆਨ ਹੈ, ਨਾ ਸਹੀ ਧਿਆਨ ਹੈ, ਇਸ ਲਈ ਉਹਨਾਂ ਦਾ ਤਾਂ ਧਰਮ ਹੈ, ਨਾ ਉਹਨਾਂ ਨੂੰ ਸਹੀ ਧਿਆਨ ਹੈ।

੪. ਦੱਸੋ, ਮੈਂ ਨਾਮ ਤੋਂ ਖਾਲੀ, ਨਿਰਭਉ ਹਰੀ ਨੂੰ ਕਿਵੇਂ ਮਿਲ ਸਕਦੀ ਸਾਂ, ਮੈਨੂੰ ਪਤਾ ਹੀ ਨਹੀਂ ਸੀ ਹੁੰਦਾ ਕਿ ਅਭਿਮਾਨ (ਹਉਮੈਂ) ਕੀ ਨਤੀਜੇ ਪੈਦਾ ਕਰਦੀ ਹੈ?

੫. ਮੈਂ ਤਾਂ ਸਗੋਂ ਭਟਕਦੀ ਥੱਕ ਗਈ ਸਾਂ ਕਿ ਕਿਵੇਂ ਮੈਂ ਹਰੀ-ਪਤੀ ਤੱਕ ਅਪੜਾਂਗੀ। ਮੈਨੂੰ ਉਸ ਦੀ ਨਾ ਡੂੰਘਾਈ ਦਾ ਤੇ ਨਾ ਉਸ ਦੇ ਪਾਰਾਵਾਰ ਦਾ ਹੀ ਪਤਾ ਸੀ।

੬. ਹਰੀ ਦੇ ਪਿਆਰ ਰੰਗ ਵਿਚ ਰੰਗਿਆ ਗੁਰੂ-ਸਜਣ ਵੀ ਮੈਨੂੰ ਨਹੀਂ ਸੀ ਮਿਲਿਆ, ਦਸੋ, ਮੈਂ ਕਿਸ ਪਾਸ ਆਪਣਾ ਦੁੱਖ ਪ੍ਰਗਟ ਕਰਦੀ।

੭. ਹੇ ਨਾਨਕ, (ਹੁਣ ਸਮਝ ਆਈ ਹੈ ਕਿ) ਜੇ ਮੈਂ ਪਪੀਹੇ



Sri Satguru Jagjit Singh Ji eLibrary NamdhariElibrary@gmail.com

ਵਾਂਗ ਪ੍ਰਿਉ ਪ੍ਰਿਉ ਕਰਾਂ ਅਰਥਾਤ ਜੇ ਮੈਂ ਉਸ ਹਰੀ-ਪਤੀ ਦੇ ਸਿਮਰਨ ਵਿਚ ਪਪੀਹੇ ਵਾਲੀ ਡੂੰਘੀ ਤੜਪ ਨਾਲ ਲਗ ਜਾਵਾਂ ਤਾਂ ਉਹ ਮੇਲਣਹਾਰ ਹੈ, ਮੈਨੂੰ (ਜ਼ਰੂਰ) ਮੇਲ ਲਵੇਗਾ।

੮. ਜਿਸ ਹਰੀ-ਪਤੀ ਨੇ ਮੈਨੂੰ (ਮੇਰੇ ਆਪਣੇ ਕਰਮਾਂ ਕਰਕੇ) ਵਿਛੋੜਿਆ ਸੀ ਉਹ ਆਪ ਹੀ ਮੇਲੇਗਾ ਵੀ, ਜਦੋਂ ਮੈਂ ਗੁਰੂ ਦੁਆਰਾ ਉਸ ਦੇ ਅਪਾਰ ਪਿਆਰ ਵਿਚ ਹੋ ਜਾਵਾਂਗੀ। (ਨੋਟ ਕਰਨ ਵਾਲੀ ਬਾਤ ਅਪਾਰ ਪਿਆਰ ਹੈ, ਪਪੀਹੇ ਵਾਲੀ ਤੜਪ ਹੈ; ਏਵੇਂ, ਨਿਰੇ ਪੜ੍ਹਨ ਪੜ੍ਹਾਣ ਨਾਲ, ਕੀ ਸੰਵਰਨਾ ਹੋਇਆ ?

## ਪਉੜੀ (੩੮)

ਪਾਪੁ ਬੁਰਾ ਪਾਪੀ ਕਉ ਪਿਆਰਾ ॥
ਪਾਪਿ ਲਦੇ ਪਾਪੇ ਪਾਸਾਰਾ ॥
ਪਰਹਰਿ ਪਾਪੁ ਪਛਾਣੈ ਆਪੁ ॥
ਨਾ ਤਿਸੁ ਸੋਗੁ ਵਿਜੋਗੁ ਸੰਤਾਪੁ ॥
ਨਰਕਿ ਪੜੰਤਉ ਕਿਉ ਰਹੈ ਕਿਉ ਬੰਚੈ ਜਮਕਾਲੁ ॥
ਕਿਉ ਆਵਣ ਜਾਣਾ ਵੀਸਰੈ ਝੂਠੁ ਬੁਰਾ ਖੈਕਾਲੁ ॥
ਮਨੁ ਜੰਜਾਲੀ ਵੇੜਿਆ ਭੀ ਜੰਜਾਲਾ ਮਾਹਿ ॥
ਵਿਣੁ ਨਾਵੈ ਕਿਉ ਛੁਟੀਐ ਪਾਪੇ ਪਚਹਿ ਪਚਾਹਿ ॥੩੮॥

## ਪਦ-ਅਰਥ

ਪਾਸਾਰਾ–ਖਿਲਾਰਾ; ਬੰਚੈ–ਬਚ ਜਾਵੇ; ਖੈਕਾਲੁ–ਕਾਲ ਜੋ ਖੈ (ਨਾਸ਼) ਕਰਦਾ ਹੈ; ਵੇੜਿਆ–ਘਿਰਿਆ ਹੋਇਆ; ਪਚਹਿ ਪਚਾਹਿ–ਗਲਦੇ ਸੜਦੇ ਹਨ।

## ਟੀਕਾ

੧. ਪਾਪ ਬੁਰਾ ਹੈ ਪਰ ਪਾਪੀ ਨੂੰ ਇਹ ਪਿਆਰਾ ਲਗਦਾ ਹੈ। (ਕਿਉਂ ?) ਇਸ ਲਈ ਕਿ ਉਸ ਦੀਆਂ ਜੀਵਨ ਕੀਮਤਾਂ ਹੀ ਉਲਟ


Sri Satguru Jagjit Singh Ji eLibrary NamdhariElibrary@gmail.com

ਪੁਲਟ ਹੋ ਗਈਆਂ ਹਨ; ਪਉੜੀ ੩੬ ਵਿਚ ਅਸੀਂ ਧਨ ਦੇ ਮੋਹ ਦੀ ਗੱਲ ਤਾਂ ਕਰ ਆਏ ਹਾਂ। ਜਿਸ ਮਨੁੱਖ ਦੀਆਂ ਵੀ ਜੀਵਨ ਕੀਮਤਾਂ ਠੀਕ ਨਾ ਹੋਣ, ਉਹ ਧਨ ਨਾਲ ਚੰਬੜਦਾ ਹੈ ਤੇ ਇਸ ਲਈ, ਕਿ ਧਨ ਤੋਂ ਉਸ ਨੂੰ ਚੰਗਾ ਖਾਣਾ, ਪੀਣਾ ਤੇ ਪਹਿਨਣਾ ਮਿਲਦਾ ਹੈ, ਉਸ ਦੀ ਵਧੇਰੇ ਇਜ਼ਤ ਹੋ ਜਾਂਦੀ ਹੈ, ਉਹ ਕਈਆਂ ਨੂੰ ਖ਼ਰੀਦ ਵੀ ਲੈਂਦਾ ਹੈ ਤੇ ਉਨ੍ਹਾਂ ਰਾਹੀਂ ਆਪਣੇ ਜਾਇਜ਼ ਨਾਜਾਇਜ਼ ਕੰਮ ਕੱਢ ਲੈਂਦਾ ਹੈ। । ਫਿਰ ਉਸ ਦੀ ਦ੍ਰਿਸ਼ਟੀ ਐਸੀ ਪਾਪ ਭਰਪੂਰ ਹੋ ਜਾਂਦੀ ਹੈ ਕਿ ਉਹ ਠੱਗੀ, ਝੂਠ ਕੁਸੱਤ ਆਦਿਕ ਵਰਤ ਕੇ ਵੀ ਧਨ ਨੂੰ ਇਕੱਠਾ ਕਰਦਾ ਹੈ ਪਰ ਨਾਲ ਹੀ ਇਤਨਾ ਬੇ-ਤਰਸ ਹੋ ਜਾਂਦਾ ਹੈ ਕਿ ਗੁਆਂਢੀ ਭੁੱਖਾ ਮਰਦਾ ਹੋਵੇ, ਉਸਨੂੰ ਪਰਵਾਹ ਨਹੀਂ ਹੁੰਦੀ। ਫਿਰ ਜਦੋਂ ਉਹ ਆਪ ਧਨ ਗਵਾ ਕੇ ਰੰਕ ਹੋ ਜਾਵੇ ਤਾਂ ਰੋਣ ਵੀ ਲਗਦਾ ਹੈ। ਸੋ ਬੁਰਾਈ ਦੀ ਜੜ੍ਹ ਜੀਵਣ ਕੀਮਤਾਂ ਦਾ ਬਦਲ ਜਾਣਾ ਹੈ–'ਕੜਵੇ ਕੋ ਮੀਠਾ ਕਹੈ ਮੀਠੇ ਕੋ ਕੜਵਾ' ਵਾਲੀ ਬਾਤ ਹੋ ਜਾਂਦੀ ਹੈ। ਧਰਮ ਦਾ ਰਾਹ ਛੱਡ ਦੇਣਾ ਹੀ ਪਾਪ ਹੈ ਤੇ ਇਹ ਉਪਜਦਾ ਹੀ ਮਾਇਆ ਮੋਹ ਦੇ ਪਿਆਰ ਤੋਂ ਹੈ, ਅਪਣਤ ਤੋਂ ਹੈ, ਹਉਮੈ ਤੋਂ ਹੈ)।

੨. ਸੋ ਪਾਪੀ, ਪਾਪਾਂ ਦੇ ਭਾਰ ਨਾਲ, ਆਪਣੇ ਮਨ ਨੂੰ ਲੱਦੀ ਫਿਰਦਾ ਹੈ, ਉਸ ਦਾ ਖਿਲਾਰਾ ਹੀ ਪਾਪ ਦਾ ਹੁੰਦਾ ਹੈ।

੩. ਜੇ ਉਹ ਪਾਪ ਨੂੰ ਦੂਰ ਕਰ ਦੇਵੇ ਤਾਂ ਹੀ ਉਹ ਆਪਣੇ ਅਸਲ ਆਪੇ ਨੂੰ ਪਛਾਣ ਸਕੇ।

੪. ਫਿਰ ਉਸ ਨੂੰ ਨ ਸੋਗ ਹੋਵੇ, ਨ ਵਿਜੋਗ ਤੇ ਨਾ ਦੁੱਖ।

੫. ਪਰ ਜੋ ਪਾਪੀ ਹੈ ਉਹ ਨਰਕ ਪੈਣੋਂ ਕਿਵੇਂ ਰੁਕ ਸਕਦਾ ਹੈ? (ਨਹੀਂ ਰੁਕ ਸਕਦਾ) ਉਹ ਕਿਵੇਂ ਜਮਕਾਲ ਦੀ ਮਾਰ ਤੋਂ ਬਚ ਸਕਦਾ ਹੈ? (ਨਹੀਂ ਬਚ ਸਕਦਾ)।

੬. ਉਸ ਦਾ ਆਵਾਗਵਨ ਕਿਵੇਂ ਖ਼ਤਮ ਹੋਵੇ ਜਦੋਂ ਉਸ ਦੇ ਅੰਦਰ ਝੂਠ ਰੂਪ ਤੇ ਖੈ (ਨਾਸ਼) ਕਰਨ ਵਾਲਾ ਕਾਲ ਮੌਜੂਦ ਹੈ? (ਵੇਖੋ ਪਉੜੀ ੨੧)।

੭. ਮਨ ਤਾਂ ਮਾਇਕੀ ਜੰਜਾਲਾਂ ਵਿਚ ਘਿਰਿਆ ਹੋਇਆ ਹੈ ਤੇ ਹੋਰ ਹੋਰ ਜੰਜਾਲਾਂ ਵਿਚ ਪੈਂਦਾ ਰਹਿੰਦਾ ਹੈ।

੮. ਯਾਦ ਰੱਖਣਾ ਚਾਹੀਦਾ ਹੈ ਕਿ ਨਾਮ ਤੋਂ ਬਿਨਾਂ ਬੰਦ-ਖਲਾਸੀ ਨਹੀਂ ਹੋ ਸਕੇਗੀ ਤੇ ਪਾਪਾਂ ਵਿਚ ਹੀ ਗਲਦੇ ਸੜਦੇ ਰਹਿਣਾ ਪਵੇਗਾ, (ਅਵਗੁਣ [ਪਾਪ] ਕੱਢਣ ਲਈ ਹਰੀ ਦੇ ਗੁਣ ਇਕੱਠੇ ਕਰਨੇ ਹੁੰਦੇ ਹਨ। ਇਸ ਲਈ ਨਾਮ ਦਾਰੂ ਹੈ–'ਸਰਬ ਰੋਗ ਕਾ ਅਉਖਦੁ ਨਾਮੁ') ॥੩੮॥

## ਪਉੜੀ (੩੯)

ਫਿਰਿ ਫਿਰਿ ਫਾਹੀ ਫਾਸੈ ਕਊਆ ॥
ਫਿਰਿ ਪਛੁਤਾਨਾ ਅਬ ਕਿਆ ਹੂਆ ॥
ਫਾਥਾ ਚੋਗ ਚੁਗੈ ਨਹੀ ਬੂਝੈ ॥
ਸਤਗੁਰੁ ਮਿਲੈ ਤ ਆਖੀ ਸੂਝੈ ॥
ਜਿਉ ਮਛੁਲੀ ਫਾਥੀ ਜਮ ਜਾਲਿ ॥
ਵਿਣੁ ਗੁਰ ਦਾਤੇ ਮੁਕਤਿ ਨ ਭਾਲਿ ॥
ਫਿਰਿ ਫਿਰਿ ਆਵੈ ਫਿਰਿ ਫਿਰਿ ਜਾਇ ॥
ਇਕ ਰੰਗਿ ਰਚੈ ਰਹੈ ਲਿਵ ਲਾਇ ॥
ਇਵ ਛੂਟੈ ਫਿਰਿ ਫਾਸ ਨ ਪਾਇ ॥੩੯॥

## ਟੀਕਾ

੧. ਇਹ ਕਾਂ–ਜੀਵ, ਘੜੀ ਘੜੀ ਫਾਹੀ ਵਿਚ (ਲੋਭ ਅਧੀਨ ਹੋ ਕੇ) ਫਸਦਾ ਹੈ।

੨. ਤੇ ਫਿਰ ਪਛਤਾਂਦਾ ਵੀ ਹੈ ਕਿ ਇਹ ਕਿਵੇਂ ਹੋ ਗਿਆ?

੩. ਪਰ ਫਾਹੀ ਵਿਚ ਫਸਿਆ ਹੋਇਆ ਵੀ ਇਹ ਆਪਣਾ ਚੋਗਾ ਚੁਗੀ ਜਾਂਦਾ ਹੈ (ਲੋਭ, ਹਲਕਾਇਆ ਜੀਵ ਲੋਭ ਪੂਰਤੀ ਦੀਆਂ ਵਿਉਂਤਾਂ ਬਣਾਂਦਾ ਹੀ ਰਹਿੰਦਾ ਹੈ–'ਲੋਭੀ ਕਾ ਵੇਸਾਹੁ ਨ



Sri Satguru Jagjit Singh Ji eLibrary NamdhariElibrary@gmail.com

ਕੀਜੈ ਜੇਕਾ ਪਾਰਿ ਵਸਾਇ।' ਉਸ ਨੂੰ ਇਹ ਸਮਝ ਹੀ ਨਹੀਂ ਆਵੰਦੀ ਕਿ ਉਹ ਕਿਸ ਨੀਵੀਂ ਦਸ਼ਾ ਵਿਚ ਚਲਾ ਗਿਆ ਹੋਇਆ ਹੈ?)

੪. ਜੇ ਇਸ ਨੂੰ ਸਤਿਗੁਰੂ ਮਿਲੇ ਤਾਂ ਹੀ (ਇਸ ਦੀਆਂ ਅੰਦਰਲੀਆਂ ਅੱਖਾਂ ਖੁਲ੍ਹਣ) ਅਤੇ ਇਹ ਵੇਖ ਸਕੇ (ਆਪਣੀ ਦਸ਼ਾ ਨੂੰ)।

੫. (ਹੁਣ ਮਛੂਲੀ ਦੀ ਮਿਸਾਲ ਲੈਂਦੇ ਹਨ) ਜਿਵੇਂ ਮਛੂਲੀ ਜਮਾਂ ਦੇ ਜਾਲ ਵਿਚ ਫਸੀ ਹੀ ਰਹਿੰਦੀ ਹੈ (ਹਰ ਸਮੇਂ ਉਹ ਪਾਣੀਉਂ ਬਾਹਰ ਕਢੇ ਜਾਣ ਦੇ ਡਰ ਵਿਚ ਮੌਤ ਦੇ ਮੂੰਹ ਵਿਚ ਪਈ ਹੁੰਦੀ ਹੈ, ਤਿਵੇਂ ਜੀਵ ਪਾਪਾਂ ਦੇ ਜਾਲ ਵਿਚ ਹੋ ਕੇ ਆਪਣਾ ਆਵਾਗਵਣ ਬਣਾਈ ਜਾਂਦਾ ਹੈ)।

੬. (ਉਸ ਨੂੰ ਸਮਝ ਹੀ ਨਹੀਂ ਆਵੰਦੀ ਕਿ) ਗੁਰੂ (ਨਾਮ ਦੀ) ਦਾਤ ਦੇਣ ਵਾਲਾ ਹੈ, ਜਿਸ ਦਾਤ ਤੋਂ ਬਿਨਾਂ ਮੁਕਤੀ ਨਹੀਂ ਮਿਲ ਸਕਦੀ (ਮਰਣ ਜੀਵਣ ਬਣਿਆਂ ਹੀ ਰਹੇਗਾ)।

੭. ਇਸ ਲਈ ਹੀ ਇਹ ਘੜੀ ਘੜੀ ਜੰਮਦਾ ਹੈ, ਘੜੀ ਘੜੀ ਮਰਦਾ ਹੈ।

੮. ਜੇ ਇਕ ਹਰੀ ਦੇ ਪ੍ਰੇਮ ਵਿਚ ਇਹ ਲਗ ਜਾਏ ਤੇ ਪ੍ਰੇਮ ਦੀ ਹਾਲਤ ਵਿਚ ਟਿਕਿਆ ਵੀ ਰਹੇ,

੯. ਤਾਂ ਹੀ ਫ਼ਾਹੀ ਵਿਚੋਂ ਛੁਟੇ ਤੇ ਮੁੜ ਫਾਹੀ ਪਵੇ ਵੀ ਨਾਹ।

## ਪਉੜੀ (੪੦)

ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ॥
ਬੀਰ ਚਲੇ ਘਰਿ ਆਪਣੇ ਬਹਿਣ ਬਿਰਹਿ ਜਲਿ ਜਾਇ॥
ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ॥
ਜੇ ਲੋੜਹਿ ਵਰੁ ਕਾਮਣੀ ਸਤਿਗੁਰੁ ਸੇਵਹਿ ਤੇਹਿ॥
ਬਿਰਲੋ ਗਿਆਨੀ ਬੂਝਣਉ ਸਤਿਗੁਰੁ ਸਾਚਿ ਮਿਲੇਇ॥


Sri Satguru Jagjit Singh Ji eLibrary NamdhariElibrary@gmail.com

ਠਾਕੁਰ ਹਾਥਿ ਵਡਾਈਆ ਜੈ ਭਾਵੈ ਤੈ ਦੇਇ ॥
ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥

## ਪਦ-ਅਰਥ

ਬੀਰਾ–ਵੀਰ, ਭਰਾ; ਬੈਰਾਇ–ਬੇਗਾਨੇ; ਬਹਿਣ–ਭੈਣ; ਬਿਰਹਿ–ਵਿਛੋੜੇ ਵਿਚ; ਬਾਬੁਲ ਕੈ ਘਰ–(ਸੰਸਾਰ–ਰੂਪੀ) ਪੇਕਾ ਘਰ।

## ਟੀਕਾ

੧. ਦੇਹੀ ਆਪਣੀ ਆਤਮਾ ਨੂੰ ਵੀਰ ਵੀਰ ਆਖਦੀ ਰਹਿ ਜਾਂਦੀ ਹੈ, ਪਰ ਵੀਰ ਓਪਰੇ ਹੋ ਜਾਂਦੇ ਹਨ (ਦੇਹੀ ਨੂੰ ਛੱਡ ਜਾਂਦੇ ਹਨ)।

੨. ਵੀਰ ਤਾਂ (ਕਰਤਾਰ ਦੇ ਹੁਕਮ ਵਿਚ) ਆਪਣੇ ਘਰ ਵਲ ਤੁਰ ਪੈਂਦਾ ਹੈ ਤੇ ਭੈਣ (ਦੇਹੀ) ਮਾਣੋਂ ਵਿਛੋੜੇ ਵਿਚ ਸੜ ਜਾਂਦੀ ਹੈ।

੩. (ਹੁਣ ਹੋਰ ਦ੍ਰਿਸ਼ਟਾਂਤ ਲਿਆ ਹੈ–ਜੀਵ ਆਤਮਾ ਨੂੰ ਬੇਟੀ ਬਣਾਇਆ ਹੈ ਤੇ ਹਰੀ ਨੂੰ ਪਤੀ) ਸੰਸਾਰ ਰੂਪੀ ਪੇਕੇ ਘਰ ਵਿਚ ਜੀਵਾਤਮਾ ਰੂਪ ਬੇਟੀ ਦਾ ਹਰੀ-ਪਤੀ ਨਾਲ (ਮੇਲ ਲਈ) ਪਿਆਰ ਹੈ।

੪. ਹੇ ਜੀਵ-ਇਸਤ੍ਰੀ, ਜੇ ਤੂੰ ਹਰੀ-ਪਤੀ ਲੱਭਦੀ ਹੈਂ ਤਾਂ ਤੈਨੂੰ ਸਤਿਗੁਰੂ ਦੀ ਸੇਵਾ ਵਿਚ, ਸਤਿਗੁਰੂ ਦੀ ਅਗਵਾਈ ਵਿਚ ਆਣਾ ਹੋਵੇਗਾ।

੫. ਪਰ ਕੋਈ ਵਿਰਲਾ ਗਿਆਨੀ ਹੀ ਸਮਝਦਾ ਹੈ ਕਿ ਸਤਿਗੁਰੂ ਹੀ ਸੱਚ-ਸਰੂਪ ਹਰੀ ਨਾਲ ਮਿਲਾਂਦਾ ਹੈ।

੬. ਉਂਝ ਹਰੀ-ਮਾਲਕ ਦੇ ਆਪਣੇ ਹੱਥ ਵਿਚ ਸਭ ਵਡਿਆਈਆਂ ਹੁੰਦੀਆਂ ਹਨ ਤੇ ਜਿਸ ਉਤੇ ਉਹ ਪ੍ਰਸੰਨ ਹੋਵੇ ਉਸ ਨੂੰ ਹੀ ਉਹ ਦਿੰਦਾ ਹੈ (ਗੁਰੂ ਨੇ ਤਾਂ ਕੇਵਲ ਮੇਲ ਦਾ ਰਾਹ ਹੀ ਵਿਖਾਣਾ ਹੈ ਪਰ ਮੇਲ ਲਈ ਯੋਗਤਾ ਜੀਵ ਨੇ ਆਪ ਹੀ ਉਪਜਾਣੀ ਹੈ।



Sri Satguru Jagjit Singh Ji eLibrary NamdhariElibrary@gmail.com

੭. ਕੋਈ ਵਿਰਲਾ ਹੀ ਗੁਰੂ ਦੇ ਸ਼ਬਦ ਨੂੰ ਵਿਚਾਰਦਾ ਹੈ, ਜੇ ਉਹ (ਅਮਲੀ ਤੌਰ ਤੇ) ਗੁਰੂ ਦੀ ਪੂਰੀ ਤਾਬੇਦਾਰੀ ਵਿਚ ਹੋ ਜਾਂਦਾ ਹੋਵੇ।

੮. ਇਹ ਬਾਣੀ (ਸਤਿਗੁਰ) ਮਹਾਂਪੁਰਸ਼ ਤੋਂ ਉਤਰਦੀ ਹੈ, ਇਸ ਨੂੰ ਅਮਲੀ ਸ਼ਕਲ ਦੇ ਕੇ ਜੀਵ ਆਪਣੇ ਅਸਲ ਘਰ (ਆਪਣੇ ਸਰੂਪ) ਵਿਚ ਵਾਸਾ ਕਰ ਲੈਂਦਾ ਹੈ।

# (ਪਉੜੀ ੪੧)

ਭਨਿ ਭਨਿ ਘੜੀਐ ਘੜਿ ਘੜਿ ਭਜੈ ॥
ਢਾਹਿ ਉਸਾਰੈ ਉਸਰੇ ਢਾਹੈ ॥
ਸਰ ਭਰਿ ਸੋਖੈ ਭੀ ਭਰਿ ਪੋਖੈ ਸਮਰਥ ਵੇਪਰਵਾਹੈ ॥
ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ ॥
ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ ॥
ਹਰਿ ਗੁਣ ਗਾਇ ਸਦਾ ਰੰਗਿ ਰਾਤੇ ਬਹੁੜਿ ਨ ਪਛੋਤਾਈਐ ॥
ਭਭੈ ਭਾਲਹਿ ਗੁਰਮੁਖਿ ਬੂਝਹਿ ਤਾ ਨਿਜ ਘਰਿ ਵਾਸਾ ਪਾਈਐ ॥
ਭਭੈ ਭਉਜਲੁ ਮਾਰਗੁ ਵਿਖੜਾ ਆਸ ਨਿਰਾਸਾ ਤਰੀਐ ॥
ਗੁਰ ਪਰਸਾਦੀ ਆਪੋ ਚੀਨ੍ਹੈ ਜੀਵਤਿਆ ਇਵ ਮਰੀਐ ॥੪੧॥

# ਪਦ-ਅਰਥ

ਘੜਿ–ਘੜੀਅ ਕੇ; ਸਰ–(ਸੰਸਾਰ) ਸਾਗਰ; ਪੋਖੈ–ਵਧੇਰੇ ਭਰਦਾ ਹੈ; ਗੁਰਮੁਖਿ-ਮੁਖੀ ਗੁਰੂ, ਹਰੀ–ਗੁਰੂ; ਭਉਜਲੁ–ਸੰਸਾਰ ਸਾਗਰ।

# ਟੀਕਾ

੧. (ਇਹ ਸੰਸਾਰ) ਟੁਟ ਟੁਟ ਕੇ ਘੜੀਂਦਾ ਰਹਿੰਦਾ ਹੈ ਤੇ ਘੜੀਅ ਘੜੀਅ ਕੇ ਮੁੜ ਟੁਟਦਾ ਰਹਿੰਦਾ ਹੈ (ਹਰੀ ਦੀ ਆਪਣੀ ਵਿਉਂਤ ਅਨੁਸਾਰ, ਹਰੀ ਦੇ ਹੁਕਮ ਵਿਚ, ਇਉਂ ਹੋ ਰਿਹਾ ਹੁੰਦਾ ਹੈ)।


Sri Satguru Jagjit Singh Ji eLibrary NamdhariElibrary@gmail.com

੨. ਉਹ ਆਪ ਹੀ ਢਾਹ ਕੇ ਉਸਾਰਦਾ ਹੈ ਤੇ ਉਸਾਰ ਕੇ ਮੁੜ ਢਾਹੁੰਦਾ ਹੈ।

੩. (ਜਾਂ ਇਉਂ ਕਹਿ ਲਓ ਕਿ) ਉਹ ਸੰਸਾਰ ਸਾਗਰ ਭਰ ਕੇ ਸੁਕਾ ਦਿੰਦਾ ਹੈ ਤੇ ਫਿਰ ਹੋਰ ਚੰਗੀ ਤਰ੍ਹਾਂ ਭਰਦਾ ਹੈ, ਉਹ ਬੇਪਰਵਾਹ ਇਉਂ ਕਰਨ ਦੇ ਸਮਰੱਥ ਜੂ ਹੋਇਆ।

੪. (ਪਰ ਅੰਜਾਣੇ ਜੀਵ ਉਸ ਦੀ ਵਿਉਂਤ ਤੇ ਉਸ ਦਾ ਮਨੋਰਥ ਨਾ ਸਮਝ ਕੇ) ਭਰਮ ਭੁਲੇਖਿਆਂ ਵਿਚ ਹੀ ਭੁਲੇ ਰਹਿੰਦੇ ਹਨ ਤੇ ਪਾਗਲ ਹੋਏ ਫਿਰਦੇ ਹਨ–(ਸੱਚ ਹੈ) ਭਾਗਾਂ ਤੋਂ ਬਿਨਾਂ ਕੀ ਪਾ ਸਕੀਦਾ ਹੈ ? (ਭਾਗ ਤਦੋਂ ਜਾਗਦੇ ਹਨ ਜਦ ਜੀਵ ਕਰਤੇ ਦੇ ਹੁਕਮ ਵਿਚ ਹੋ ਕੇ ਆਪਣੀ–ਜੀਵਨ-ਖੇਡ ਖੇਡਣ ਲੱਗ ਜਾਂਦਾ ਹੈ। ਪਰ ਕਿਵੇਂ ?)

੫. ਹਰੀ-ਗੁਰੂ ਹੀ ਜੀਵਾਂ ਨੂੰ ਗਿਆਨ ਦਿੰਦਾ ਹੈ, ਡੋਰੀ ਵੀ ਪ੍ਰਭੂ ਨੇ ਆਪਣੇ ਹੱਥ ਵਿਚ ਹੀ ਰਖੀ ਹੁੰਦੀ ਹੈ; ਜਿਨ੍ਹਾਂ ਜੀਵਾਂ ਨੂੰ ਉਹ ਆਪਣੀ ਤਰਫ ਖਿੱਚਦਾ ਹੈ, ਉਹਨਾਂ ਨੇ ਹੀ ਜਾਣਾ ਹੁੰਦਾ ਹੈ (ਦੂਜੇ ਭਟਕਦੇ ਹੀ ਫਿਰਦੇ ਹਨ)।

੬. (ਪਰ ਜਾਂਦੇ ਗੁਰਮੁਖ ਹੀ ਹਨ ਜੋ) ਹਰੀ ਗੁਣ ਗਾ ਕੇ ਸਦਾ ਉਸ ਦੇ ਪ੍ਰੇਮ ਰੰਗ ਵਿਚ ਰੰਗੇ ਜਾਂਦੇ ਹਨ ਤੇ ਮੁੜ ਉਨ੍ਹਾਂ ਨੂੰ ਪਛਤਾਣਾ ਵੀ ਨਹੀਂ ਪੈਂਦਾ।

੭. (ਭਭੇ ਅੱਖਰ ਦਾ ਸੁਨੇਹਾਇਹ ਜੇ, ਲੋਕੋ !) ਗੁਰਮੁਖ ਜੀਵ ਹਰੀ ਨੂੰ ਭਾਲਦੇ ਹਨ ਤੇ ਪ੍ਰਾਪਤੀ ਦਾ ਸਹੀ ਰਸਤਾ ਬੁਝ ਲੈਂਦੇ ਹਨ– ਕਿਉਂਕਿ ਨਿਜ-ਘਰ (ਆਪਣੇ ਸਰੂਪ ਵਿਚ) ਤਾਂ ਹੀ ਵਾਸਾ ਪਾ ਸਕੀਦਾ ਹੈ।

੮. (ਫਿਰ ਸੁਣੋ, ਭਭੇ ਅਖਰ ਦਾ ਹੋਰ ਸੁਨੇਹਾ :) ਸੰਸਾਰ ਸਾਗਰ ਬਿਖੜਾ (ਔਖਾ) ਮਾਰਗ (ਰਸਤਾ) ਹੈ, ਆਸਾ (ਤ੍ਰਿਸ਼ਨਾ) ਵਿਚ ਹੁੰਦਿਆਂ ਹੋਇਆਂ ਨਿਰਾਸ (ਆਸਾ ਰਹਿਤ) ਹੋ ਕੇ ਤਰੀਦਾ ਹੈ ('ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ')।



Sri Satguru Jagjit Singh Ji eLibrary NamdhariElibrary@gmail.com

੯. ਸੋ ਤੱਤ ਇਹ ਹੈ ਕਿ ਜੀਵ, ਗੁਰੂ ਦੀ ਕ੍ਰਿਪਾ ਨਾਲ, ਆਪਣੇ ਅਸਲ ਆਪੇ ਨੂੰ (ਜੋ ਜੋਤਿ ਸਰੂਪ ਹੈ) ਪਛਾਣ ਲਵੇ, ਕਿਉਂਕਿ ਇਉਂ ਹੀ ਜੀਵਤ ਭਾਵ ਤੋਂ ਮਰੀਦਾ ਹੈ।

ਨੋਟ:–ਪਉੜੀ ਵਿਚ ਸਾਰੀ ਜੀਵਣ ਫ਼ਿਲਾਸਫ਼ੀ ਦਾ ਨਿਚੋੜ ਆ ਗਿਆ ਹੈ। ਜੋ ਮਨੁੱਖ ਆਪਣੇ ਨੀਵੇਂ ਆਪੇ ਤੋਂ ਉੱਠ ਕੇ ਅਸਲ ਆਪੇ ਨੂੰ ਵੇਖ ਲੈਂਦਾ ਹੈ, ਉਹ ਹਰੀ ਦੇ ਹੁਕਮ ਵਿਚ ਸਾਰਾ ਜੀਵਣ ਤੋਰਦਾ ਹੈ, ਹਰੀ ਦੇ ਆਪਣੇ ਬਣਾਏ ਕਾਨੂੰਨਾਂ ਅਨੁਸਾਰ ਜੀਵਣ ਖੇਡ ਖੇਡ ਲੈਂਦਾ ਹੈ। ਫਿਰ ਉਹ ਇਸ ਟੁਟਦੇ ਭਜਦੇ ਅਨਿਸਥਿਰ ਸੰਸਾਰ ਵਿਚ ਗਰਕ ਨਹੀਂ ਹੁੰਦਾ ਉਹ, ਗੁਰੂ ਦਵਾਰਾ, ਆਪਣਾ ਆਪ ਘੜਦਾ ਤੇ ਬਣਾਂਦਾ ਹੈ ਤੇ ਇਸ ਯੋਗ ਹੋ ਜਾਂਦਾ ਹੈ ਕਿ ਉਸ ਦਾ ਜੀਵਣ ਹਰੀ ਦੇ ਹੁਕਮ ਅਨੁਕੂਲ ਹੋ ਜਾਵੇ। ਇਹ ਕੁਦਰਤੀ ਜੀਵਣ ਹੈ, ਇਹੋ ਆਪਣੇ ਘਰ ਆ ਜਾਣਾ ਹੈ (ਅਗਲੀ ਪਉੜੀ ਵਿਚ ਵੀ ਏਹੋ ਵਿਚਾਰ ਹੈ ਤੇ ਪਿਛੇ ਵੀ ਇਹੋ ਵਿਚਾਰ ਦਿਤੀ ਜਾ ਚੁਕੀ ਹੈ)।

# ਪਉੜੀ (੪੨)

ਮਾਇਆ ਮਾਇਆ ਕਰਿ ਮੁਏ ਮਾਂਇਆ ਕਿਸੈ ਨ ਸਾਥਿ ॥
ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ ॥
ਮਨੁ ਝੂਠਾ ਜਮਿ ਜੋਹਿਆ ਅਵਗੁਣ ਚਲਹਿ ਨਾਲਿ ॥
ਮਨ ਮਹਿ ਮਨੁ ਉਲਟੋ ਮਰੈ ਜੇ ਗੁਣ ਹੋਵਹਿ ਨਾਲਿ ॥
ਮੇਰੀ ਮੇਰੀ ਕਰਿ ਮੁਏ ਵਿਣੁ ਨਾਵੈ ਦੁਖੁ ਭਾਲਿ ॥
ਗੜ ਮੰਦਰ ਮਹਲਾ ਕਹਾ ਜਿਉ ਬਾਜੀ ਦੀਬਾਣੁ ॥
ਨਾਨਕ ਸਚੇ ਨਾਮ ਵਿਣੁ ਝੂਠਾ ਆਵਣ ਜਾਣੁ ॥
ਆਪੇ ਚਤੁਰੁ ਸਰੂਪੁ ਹੈ ਆਪੇ ਜਾਣੁ ਸੁਜਾਣ ॥੪੨॥

## ਪਦ-ਅਰਥ

ਡੁਮਣੋ–ਦੁਚਿਤਾ, ਨ ਇਧਰ, ਨ ਉਧਰ; ਆਥਿ–ਹੈ; ਜੋਹਿਆ–



Sri Satguru Jagjit Singh Ji eLibrary NamdhariElibrary@gmail.com

ਤਾੜਿਆ; ਉਲਟੋ–ਹਾਨੀਕਾਰਕ ਇਛਿਆਵਾਂ ਵਲੋਂ ਉਲਟ ਕੇ; ਕਹਾ–ਕਿਥੇ ਹਨ; ਬਾਜੀ–ਖੇਡ; ਦੀਬਾਣੁ–ਕਚਹਿਰੀ।

## ਟੀਕਾ

੧. (ਕਿਤਨੇ ਹੀ ਮੰਦ-ਭਾਗੀ ਜੀਵ) ਮਾਇਆ ਮਾਇਆ ਕਰਦੇ ਮਰ ਗਏ ਹਨ ਤੇ ਮਾਇਆ ਕਿਸੇ ਨਾਲ ਗਈ ਵੀ ਨਹੀਂ (ਮਾਇਆ ਝੂਠ ਜੂ ਹੋਇਆ। ਜੀਵਣ ਤਾਂ ਇਸ ਦੇ ਗਲਬੇ ਤੋਂ ਨਿਕਲ ਕੇ ਹੀ ਸਫ਼ਲ ਹੋਣਾ ਸੀ)।

੨. ਸੋ ਹੰਸ (ਜੀਵਾਤਮਾ) ਦੁਚਿਤਾ ਹੋ ਕੇ ਤੁਰ ਪੈਂਦਾ ਹੈ, ਤਦੋਂ ਉਸ ਨੂੰ ਮਾਇਆ ਭੁਲ (ਵਿਸਰ) ਹੀ ਜਾਂਦੀ ਹੈ।

੩. (ਪਰ ਸਿਟਾ ਇਹ ਹੋਇਆ ਹੈ ਕਿ) ਮਨ (ਆਪਣਾ ਅਸਲ ਆਪਾ ਛਡ ਕੇ) ਝੂਠਾ ਹੋ ਗਿਆ ਹੈ ਤੇ ਜਮ ਨੇ ਉਸ ਨੂੰ ਵੇਖ ਲਿਆ ਹੈ ਕਿ (ਉਸ ਨੇ ਆਖ਼ਿਰ ਉਸ ਜਮ ਦੇ ਵਸ ਹੀ ਪੈਣਾ ਹੈ)। ਜੀਵ ਦੇ ਇਕੱਠੇ ਕੀਤੇ ਪਾਪ ਉਸ ਨਾਲ ਹੀ ਜਾਣੇ ਹਨ (ਉਸ ਦੀ ਆਤਮਾ ਅੰਦਰ ਕ੍ਰਿਤ ਦੀ ਸ਼ਕਲ ਵਿਚ, ਅਰਥਾਤ ਸੁਭਾਵ ਦੀ ਸ਼ਕਲ ਵਿਚ ਇਕੱਠੇ ਹੋ ਗਏ ਹਨ)।

੪. ਜੇ ਉਸ ਨੇ ਗੁਣ ਇਕੱਠੇ ਕਰ ਲਏ ਹੁੰਦੇ ਤਾਂ ਇਹ ਉਸ ਦੇ ਨਾਲ ਜਾਂਦੇ ਤੇ ਉਸ ਦਾ ਨੀਵਾਂ ਮਨ ਵੀ ਆਪਣੇ ਅੰਦਰੋਂ ਹੀ ਜਾਗ੍ਰਿਤ ਲੈ ਕੇ ਬੁਰਾਈ ਵਲੋਂ ਉਲਟ ਮਰਿਆ ਹੁੰਦਾ।

੫. ਕਈ ਜੀਵ ਮੇਰੀ ਮੇਰੀ ਕਰਦੇ ਹੀ ਮਰ ਜਾਂਦੇ ਹਨ, ਨਾਮ ਤੋਂ ਬਿਨਾਂ ਉਹ ਦੁਖ ਹੀ ਭਾਲਦੇ (ਸਹੇੜਦੇ) ਮਰੇ ਹਨ।

੬. ਦਸੋ, ਉਨ੍ਹਾਂ ਦੇ ਕਿਲ੍ਹੇ, ਘਰ, ਮੰਦਰ ਤੇ ਕਚਹਿਰੀਆਂ ਕਿਥੇ ਚਲੀਆਂ ਗਈਆਂ? ਇਹ ਤਾਂ ਇਕ ਖੇਡ ਜਹੀ ਸਨ (ਜਿਵੇਂ ਮਦਾਰੀ ਦੀ ਖੇਡ ਹੁੰਦੀ ਹੈ)।

੭. ਹੇ ਨਾਨਕ, ਸੱਚੇ ਨਾਮ ਤੋਂ ਬਿਨਾਂ ਸੰਸਾਰ ਵਿਚ ਆਣਾ ਤੇ ਚਲੇ ਜਾਣਾ ਸਭ ਝੂਠਾ ਹੋ ਕੇ ਰਹਿ ਜਾਂਦਾ ਹੈ।



Sri Satguru Jagjit Singh Ji eLibrary NamdhariElibrary@gmail.com

੮. ਹਰੀ ਆਪ ਹੀ ਚਤਰ-ਸਰੂਪ (ਸਿਆਣਪ ਸਰੂਪ) ਹੈ, ਆਪ ਹੀ ਜਾਨਣਹਾਰ ਤੇ ਸੋਹਣੀ ਸੂਝ ਵਾਲਾ ਹੈ। (ਗੁਰੂ ਸਾਹਿਬ ਦਾ ਭਾਵ ਇਹ ਹੈ ਕਿ ਕੇਵਲ ਉਹ ਹੀ ਅਭੁੱਲ ਹੈ। ਉਸਦੀ ਅਗਵਾਈ ਵਿਚ,ਉਸਦੇ ਹੁਕਮ ਵਿਚ, ਹੋ ਕੇ ਤੁਰਿਆਂ ਹੀ ਬੰਦ ਖਲਾਸੀ ਹੁੰਦੀ ਹੈ)।

# ਪਉੜੀ (੪੩)

ਜੋ ਆਵਹਿ ਸੇ ਜਾਹਿ ਫੁਨਿ ਆਇ ਗਏ ਪਛੁਤਾਹਿ ॥
ਲਖ ਚਉਰਾਸੀਹ ਮੇਦਨੀ ਘਟੈ ਨ ਵਧੈ ਉਤਾਹਿ ॥
ਸੇ ਜਨ ਉਬਰੇ ਜਿਨ ਹਰਿ ਭਾਇਆ ॥
ਧੰਧਾ ਮੁਆ ਵਿਗੂਤੀ ਮਾਇਆ ॥
ਜੋ ਦੀਸੈ ਸੋ ਚਾਲਸੀ ਕਿਸ ਕਉ ਮੀਤੁ ਕਰੇਉ ॥
ਜੀਉ ਸਮਪਉ ਆਪਣਾ ਤਨੁ ਮਨੁ ਆਗੈ ਦੇਉ ॥
ਅਸਥਿਰੁ ਕਰਤਾ ਤੂ ਧਣੀ ਤਿਸ ਹੀ ਕੀ ਮੈ ਓਟ ॥
ਗੁਣ ਕੀ ਮਾਰੀ ਹਉ ਮੁਈ ਸਬਦਿ ਰਤੀ ਮਨਿ ਚੋਟ ॥੪੩॥

# ਪਦ-ਅਰਥ

ਮੇਦਨੀ–ਸ੍ਰਿਸ਼ਟੀ; ਉਤਾਹਿ–ਉਪਰ ਨੂੰ; ਵਿਗੂਤੀ–ਨਾਸ਼ ਹੁੰਦੀ; ਸਮਪਉ–ਸੌਂਪਾਂ; ਧਣੀ–ਮਾਲਕ; ਹਉ–ਹਉਮੈ।

# ਟੀਕਾ

੧. (ਵੇਖੋ, ਜੋ ਜੀਵ ਸੰਸਾਰ ਵਿਚ ਆਵੰਦੇ ਹਨ, ਮੁੜ ਉਹ ਜਿਵੇਂ ਆਏ ਸਨ ਉਵੇਂ ਹੀ ਏਥੋਂ ਤੁਰ ਜਾਂਦੇ ਹਨ (ਕੁਝ ਲਾਹਾ ਨਹੀਂ ਲੈਂਦੇ), ਸਗੋਂ ਆ ਕੇ ਪਛਤਾਂਦੇ ਚਲੇ ਜਾਂਦੇ ਹਨ।

੨. ਇਹ ਸ੍ਰਿਸ਼ਟੀ ਉਹਨਾਂ ਲਈ ਚੌਰਾਸੀ ਲਖ ਜੂਨਾਂ ਦਾ ਕਾਰਨ ਹੀ ਬਣੀ ਰਹਿੰਦੀ ਹੈ, ਨ ਇਸ ਤੋਂ ਇਹ ਘਟਦੀ ਹੈ, ਨ ਉਤਾਂਹ ਵਧਦੀ ਹੈ।



Sri Satguru Jagjit Singh Ji eLibrary NamdhariElibrary@gmail.com

੩. ਕੇਵਲ ਹਰੀ ਦੇ ਜਨ ਹੀ ਬਚਦੇ ਹਨ, ਜਿਨ੍ਹਾਂ ਨੂੰ ਹਰੀ ਚੰਗਾ ਲਗਦਾ ਹੈ।

੪. ਉਨ੍ਹਾਂ ਦੇ ਧੰਧੇ ਪੁਆੜੇ ਮੁਕ ਜਾਂਦੇ ਹਨ, ਕਿਉਂਕਿ ਮਾਇਆ (ਦਾ ਪ੍ਰਭਾਵ ਹੀ) ਨਸ਼ਟ ਹੋ ਜਾਂਦਾ ਹੈ।

੫. ਇਸ ਤਰ੍ਹਾਂ ਹੁੰਦਾ ਵੇਖ ਕੇ ਮੈਂ ਪੁਛਦਾ ਹਾਂ ਕਿ ਜਦ ਜੋ ਕੁਝ ਸੰਸਾਰ ਵਿਚ ਦਿਸਦਾ ਹੈ ਉਹ ਸਭ ਨਾਸਵੰਤ ਹੈ ਤਾਂ ਫਿਰ ਮੈਂ ਕਿਸ ਨੂੰ ਮਿਤ੍ਰ ਬਣਾਵਾਂ ?

੬. (ਉੱਤਰ ਇਹ ਹੈ) ਮੈਂ ਆਪਣੀ ਜਿੰਦ ਹਰੀ ਦੀ ਤਾਬੇਦਾਰੀ ਵਿਚ ਕਰ ਲਵਾਂ, ਆਪਣਾ ਤਨ ਮਨ ਉਸੇ ਨੂੰ ਦੇ ਦਿਆਂ (ਕਿਉਂਕਿ ਉਸ ਤੋਂ ਬਿਨਾਂ ਤਾਂ ਕੋਈ ਵੀ ਥਿਰ ਨਹੀਂ ਹੈ)।

੭. ਹੇ ਰਚਨਹਾਰ ਹਰੀ, ਇਕੱਲਾ ਤੂੰ ਹੀ ਸਦਾ ਕਾਇਮ ਰਹਿਣ ਵਾਲਾ ਹੈਂ ਤੇ ਤੂੰ ਸਭ ਦਾ ਮਾਲਕ ਵੀ ਹੈਂ, ਏਸੇ ਲਈ ਹੀ ਮੈਂ ਉਸੇ ਦੀ ਹੀ (ਤੇਰੀ ਹੀ) ਓਟ ਲਈ ਹੈ।

੮. ਹਉਮੈ (ਜੋ ਆਵਾਗਵਨ ਦਾ ਕਾਰਣ ਹੈ) ਹਰੀ ਦੇ ਗੁਣ ਇਕੱਠੇ ਕਰਨ ਨਾਲ ਹੀ ਮਰਦੀ ਹੈ। ਗੁਰ-ਸ਼ਬਦ ਦੁਆਰਾ ਹਰੀ ਦੇ ਪ੍ਰੇਮ ਵਿਚ ਰੰਗੇ ਜਾਣ ਨਾਲ ਮਨ ਵਿਚ ਚੋਟ ਪੈਂਦੀ ਹੈ (ਤੇ ਜੀਵਣ-ਰੁਖ ਸਹੀ ਸੇਧਾਂ ਲੈਂਦਾ ਹੈ)।

## ਪਉੜੀ (੪੪)

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥
ਰਾਹੁ ਬੁਰਾ ਭੀਹਾਵਲਾ ਸਰ ਡੂਗਰ ਅਸਗਾਹ ॥
ਮੈ ਤਨਿ ਅਵਗਣ ਝੁਰਿ ਮੁਈ ਵਿਣੁ ਗੁਣ ਕਿਉ ਘਰਿ ਜਾਹ ॥
ਗੁਣੀਆ ਗੁਣ ਲੇ ਪ੍ਰਭ ਮਿਲੇ ਕਿਉ ਤਿਨ ਮਿਲਉ ਪਿਆਰਿ ॥
ਤਿਨ ਹੀ ਜੈਸੀ ਥੀ ਰਹਾਂ ਜਪਿ ਜਪਿ ਰਿਦੈ ਮੁਰਾਰਿ ॥



Sri Satguru Jagjit Singh Ji eLibrary NamdhariElibrary@gmail.com

ਅਵਗੁਣੀ ਭਰਪੂਰ ਹੈ ਗੁਣ ਭੀ ਵਸਹਿ ਨਾਲਿ ॥
ਵਿਣੁ ਸਤਗੁਰ ਗੁਣ ਨ ਜਾਪਨੀ
ਜਿਚਰੁ ਸਬਦਿ ਨ ਕਰੇ ਬੀਚਾਰੁ ॥੪੪॥

## ਪਦ-ਅਰਥ

ਰੰਗੁ-ਰੰਕ, ਕੰਗਾਲ; ਤੁੰਗੁ-ਅਮੀਰ; ਫਕੀਰੁ-ਮੰਗਤਾ; ਬੰਧੈ ਧੀਰ-ਮੌਤ ਦੇ ਵਗਦੇ ਹੜ੍ਹ ਨੂੰ ਬੰਨ੍ਹਦਾ (ਰੋਕ ਪਾਂਦਾ) ਭੀਹਾਵਲਾ-ਡਰਾਉਣਾ; ਡੂਗਰ-ਪਰਬਤ; ਅਸਗਾਹ-ਡੂੰਘਾ ।

## ਟੀਕਾ

੧. ਇਸ ਸੰਸਾਰ ਵਿਚ ਨਾ ਕੋਈ ਰਾਣਾ (ਰਾਜਾ) ਰਹਿੰਦਾ ਹੈ ਤੇ ਨਾ ਕੋਈ ਕੰਗਾਲ, ਅਮੀਰ ਜਾਂ ਮੰਗਤਾ ।

੨. ਆਪਣੀ ਆਪਣੀ ਵਾਰੀ ਸਭ ਹੀ ਤੁਰ ਜਾਂਦੇ ਹਨ, ਮੌਤ ਦੇ ਇਸ ਵਹਾਉ ਨੂੰ ਕੋਈ ਵੀ ਬੰਨ੍ਹ ਨਹੀਂ ਸਕਦਾ ।

੩. ਪਰ ਦੇਖੋ, ਇਸ ਜੀਵ ਦਾ ਪੈਂਡਾ ਕਿਤਨਾ ਭਿਆਨਕ ਹੈ, ਡਰਾਉਣਾ ਹੈ, ਜਿਵੇਂ ਡੂੰਘਾ ਸਾਗਰ ਜਾਂ ਉੱਚਾ ਪਰਬਤ ਲੰਘਣਾ ਪੈ ਜਾਵੇ ।

੪. (ਦੂਜੇ ਪਾਸੇ) ਮੇਰੇ ਆਪਣੇ ਤਨ ਵਿਚ ਅਵਗੁਣ ਹਨ (ਪਾਪ ਹਨ) ਜਿਨ੍ਹਾਂ ਕਾਰਨ ਮੈਂ ਝੂਰ ਝੂਰ ਮਰਦੀ ਹਾਂ ਕਿ ਕਿਵੇਂ ਗੁਣਾਂ ਤੋਂ ਬਿਨਾਂ ਮੈਂ ਆਪਣੇ ਅਸਲ ਘਰ ਪਹੁੰਚ ਸਕਾਂਗੀ (ਵੇਖੋ ਨਾਮ ਦਾ ਇਹ ਪਹਿਲੂ-'ਗੁਣ ਕਹਿ ਗੁਣੀ ਸਮਾਵਣਿਆ') ।

੫. ਗੁਣਾਂ ਵਾਲਿਆਂ ਤਾਂ ਆਪਣੇ ਗੁਣਾਂ ਦੇ ਬਲ ਨਾਲ ਹੀ ਹਰੀ ਨੂੰ ਪਾ ਲਿਆ ਹੈ, ਮੈਂ ਕਿਵੇਂ ਹਰੀ ਦੇ ਪਿਆਰ ਵਿਚ ਹੋ ਕੇ, ਉਹਨਾਂ ਦੀ ਸੰਗਤ ਕਰਾਂ (ਤਾਂ ਜੋ ਉਨ੍ਹਾਂ ਤੋਂ ਰਾਹ ਪੁੱਛ ਕੇ ਤੇ ਪ੍ਰੇਰਨਾ ਲੈ ਕੇ ਮੈਂ ਵੀ ਬਚ ਸਕਾਂ) ?

੬. ਕਿਵੇਂ ਮੈਂ ਹਰੀ ਦਾ ਨਾਮ (ਉਹਨਾਂ ਵਾਂਗ) ਹਿਰਦੇ ਵਿਚ



Sri Satguru Jagjit Singh Ji eLibrary NamdhariElibrary@gmail.com

ਜਪ ਕੇ ਉਹਨਾਂ ਵਰਗੀ ਹੀ ਹੋ ਜਾਵਾਂ ?

੭. ਮੇਰਾ ਸਰੀਰ (ਜੀਵਣ) ਤਾਂ ਠੀਕ ਔਗੁਣਾਂ ਨਾਲ ਭਰਿਆ ਹੋਇਆ ਹੈ ਪਰ ਗੁਣ ਵੀ ਤਾਂ ਇਸ ਦੇ ਨਾਲ ਹੀ ਵਸਦੇ ਹਨ (ਕੋਈ ਵੀ ਐਸਾ ਨਹੀਂ ਦਿਸਦਾ ਜੋ ਨਿਰੋਲ ਔਗੁਣ ਭਰਪੂਰ ਹੀ ਹੋਵੇ। ਹਰੀ ਨੇ ਹਰ ਜੀਵ ਨੂੰ ਇਉਂ ਬਣਾਇਆ ਹੈ ਕਿ ਗੁਣ ਤੇ ਔਗੁਣ ਇਕੱਠੇ ਹੀ ਚਲਦੇ ਹਨ, ਕਿਸੇ ਵਿਚ ਥੋੜ੍ਹੇ ਕਿਸੇ ਵਿਚ ਬਹੁਤੇ)।

੮. ਪਰ ਗੁਣਾਂ ਦੀ ਠੀਕ ਸਮਝ ਵੀ ਨਹੀਂ ਪੈਂਦੀ, ਜਿੰਨਾ ਚਿਰ ਕੋਈ ਸਤਿਗੁਰੂ ਦੀ ਅਗਵਾਈ ਵਿਚ, ਸਤਿਗੁਰੂ ਦੇ ਸ਼ਬਦ ਦੁਆਰਾ, ਵਿਚਾਰ ਨਾ ਕਰੇ।

# ਪਉੜੀ (੪੫)

ਲਸਕਰੀਆ ਘਰ ਸੰਮਲੇ ਆਏ ਵਜਹੁ ਲਿਖਾਇ ॥
ਕਾਰ ਕਮਾਵਹਿ ਸਿਰਿ ਧਣੀ ਲਾਹਾ ਪਲੈ ਪਾਇ ॥
ਲਬੁ ਲੋਭੁ ਬੁਰਿਆਈਆ ਛੋਡੇ ਮਨਹੁ ਵਿਸਾਰਿ ॥
ਗੜਿ ਦੋਹੀ ਪਾਤਿਸਾਹ ਕੀ ਕਦੇ ਨ ਆਵੈ ਹਾਰਿ ॥
ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ ॥
ਵਜਹੁ ਗਵਾਏ ਆਪਣਾ ਤਖਤਿ ਨ ਬੈਸਹਿ ਸੇਇ ॥
ਪ੍ਰੀਤਮ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥
ਆਪਿ ਕਰੇ ਕਿਸੁ ਆਖੀਐ ਅਵਰੁ ਨ ਕੋਇ ਕਰੇਇ ॥੪੫॥

# ਪਦ-ਅਰਥ

ਲਸਕਰੀਆ–ਫੌਜੀਆਂ, ਸਿਪਾਹੀਆਂ (ਜੰਗ ਦਾ ਅਲੰਕਾਰ ਏਥੇ ਵਰਤਿਆ ਹੈ) ਸਭ ਜੀਵ-ਰੂਪ ਸਿਪਾਹੀ ਇਸ ਜਗਤ ਵਿਚ ਘੋਲ ਕਰਨ ਆਂਵਦੇ ਹਨ, ਬੁਰਾਈ ਦੇ ਖਿਲਾਫ, ਆਪਣੀਆਂ ਨੀਵੀਆਂ ਵਾਸ਼ਨਾਵਾਂ ਦੇ ਖਿਲਾਫ਼, ਵਿਸ਼ੇ ਵਿਕਾਰਾਂ ਦੇ ਖਿਲਾਫ਼, ਕਿਉਂਕਿ ਆਵਾਗਵਣ ਦੇ ਚਕਰ ਤੋਂ ਬਚਨ ਦਾ ਹੋਰ ਰਾਹ ਹੀ ਕੋਈ ਨਹੀਂ।



Sri Satguru Jagjit Singh Ji eLibrary NamdhariElibrary@gmail.com

ਇਸ ਜੰਗ ਵਿਚ ਗੁਰਮੁਖ ਤੇ ਮਨਮੁਖ ਦੋਵੇਂ ਵਿਖਾਏ ਗਏ ਹਨ), ਵਜਹੁ-ਤਨਖਾਹ, ਧਣੀ-(ਹਰੀ) ਮਾਲਕ; ਗੜਿ-(ਸਰੀਰ) ਕਿਲ੍ਹੇ ਵਿਚ; ਦੋਹੀ-ਹੋਕਾ; ਸਉਹੇ-ਮੂੰਹ ਸਾਹਮਣੇ ਹੋ ਕੇ; ਤਖ਼ਤ-ਸ਼ਾਹੀ ਪਦਵੀ।

## ਟੀਕਾ

੧. (ਇਸ ਜਗਤ ਰੂਪੀ ਰਣ-ਭੂਮੀ ਵਿਚ) ਜੀਵ-ਸਿਪਾਹੀਆਂ ਨੇ ਆਪਣੇ ਆਪਣੇ ਜੀਵਨ ਅੱਡੇ (ਟਿਕਾਣੇ) ਸੰਭਾਲ ਲਏ ਹਨ, ਉਹ ਆਪਣੇ ਆਪਣੇ ਕਰਮਾਂ ਅਨੁਸਾਰ, (ਆਪਣੀ ਆਪਣੀ ਮਨ ਦੀ ਹਾਲਤ ਅਨੁਸਾਰ) ਤਨਖਾਹ ਵੀ ਲਿਖਾ ਲਿਆਏ ਹੋਏ ਹਨ।

੨. ਪਰ ਉਹ ਸਿਪਾਹੀ ਜੋ ਹਰੀ ਮਾਲਕ ਦੀ ਕਾਰ ਆਪਣੇ ਸਿਰ ਉਤੇ ਚੁਕਦੇ ਹਨ, ਉਹ ਨਫਾ ਖਟ ਕੇ ਜਾਂਦੇ ਹਨ।

੩. ਉਨ੍ਹਾਂ ਲਬ, ਲੋਭ ਆਦਿਕ ਬੁਰਾਈਆਂ ਆਪਣੇ ਮਨਾਂ ਚੋਂ ਵਿਸਾਰ ਛਡੀਆਂ ਹਨ।

੪. (ਇਨ੍ਹਾਂ ਸਿਪਾਹੀਆਂ ਵਿਚੋਂ) ਉਹ ਸਿਪਾਹੀ ਜੋ ਸਰੀਰ-ਕਿਲ੍ਹੇ ਵਿਚ ਹੁੰਦਾ ਹੋਇਆ ਹਰੀ-ਪਾਤਿਸ਼ਾਹ ਦਾ ਹੋਕਾ ਦਿੰਦਾ ਹੈ, (ਸੱਚ, ਪਿਆਰ, ਧਰਮ, ਨੇਕੀ ਇਕੱਠੀ ਕਰਦਾ ਹੈ ਤੇ ਦੂਜਿਆਂ ਨੂੰ ਏਸੇ ਕੰਮੇ ਲਾਂਦਾ ਹੈ) ਉਹ ਕਦੇ ਵੀ ਹਾਰਦਾ ਨਹੀਂ (ਦੁਨਿਆਵੀ ਜਿੱਤ ਹਾਰ ਦੇ ਖ਼ਿਆਲ ਨਾਲ ਸ਼ਾਇਦ ਉਹ ਕਈ ਵਾਰ ਹਾਰਦਾ ਵੀ ਹੋਵੇ ਪਰ ਉਹ ਆਪਣੇ ਰਾਹ ਤੋਂ ਲਾਂਭੇ ਨਹੀਂ ਕੀਤਾ ਜਾ ਸਕਦਾ-'ਜੀਤ ਹਾਰ ਕੀ ਸੋਝੀ ਕਰੀ॥ ਤਉ ਇਸੁ ਘਰ ਕੀ ਕੀਮਤਿ ਪਰੀ' ॥)

੫. ਦੂਜੇ ਪਾਸੇ ਉਹ ਸਿਪਾਹੀ ਹੈ ਜੋ ਚਾਕਰ (ਸੇਵਕ) ਤਾਂ ਹਰੀ-ਖਸਮ ਦਾ ਹੀ ਕਹੀਦਾ ਹੈ ਪਰ ਮਾਲਕ ਦੇ ਸਾਹਮਣੇ ਹੋ ਕੇ ਸਵਾਲ ਜਵਾਬ ਵੀ ਕਰਦਾ ਹੈ,

੬. ਉਹ ਆਪਣੀ ਤਨਖਾਹ ਹੀ ਗਵਾ ਛੱਡਦਾ ਹੈ; ਸਗੋਂ ਅਜਿਹੇ ਸੇਵਕਾਂ ਨੂੰ ਆਦਰ ਮਾਣ ਦੀ ਥਾਂ ਵੀ ਪ੍ਰਾਪਤ ਨਹੀਂ ਹੁੰਦੀ।



Sri Satguru Jagjit Singh Ji eLibrary NamdhariElibrary@gmail.com

੭. (ਯਾਦ ਰਖੋ) ਸਭ ਵਡਿਆਈਆਂ ਹਰੀ ਪਿਆਰੇ ਦੇ ਹੱਥ ਹੀ ਹੁੰਦੀਆਂ ਹਨ, ਜਿਹੜੇ ਉਸ ਨੂੰ ਭਾ ਜਾਂਦੇ ਹਨ, ਜਿਹੜੇ ਉਸ ਦੀ ਪ੍ਰਸੰਨਤਾ (ਆਪਣੀ ਕਾਰਗੁਜ਼ਾਰੀ ਨਾਲ) ਪ੍ਰਾਪਤ ਕਰ ਲੈਂਦੇ ਹਨ, ਉਹਨਾਂ ਨੂੰ ਹੀ ਉਹ ਦੇਂਦਾ ਹੈ।

੮. ਉਹ ਆਪ ਹੀ ਸਭ ਕੁਝ ਕਰਦਾ ਹੈ, ਹੋਰ ਕੋਈ ਕੁਝ ਨਹੀਂ ਜੇ ਕਰਦਾ, ਇਸ ਸੂਰਤ ਵਿਚ, ਦੱਸੋ ਹੋਰ ਕਿਸ ਨੂੰ ਆਖਣਾ ਹੋਇਆ ? (ਵੇਖੋ ਪਉੜੀ ੧੫)।

# ਪਉੜੀ (੪੬)

ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥
ਨਰਕ ਨਿਵਾਰਣੁ ਨਰਹ ਨਰੁ ਸਾਚਉ ਸਾਚੈ ਨਾਇ ॥
ਵਣੁ ਤ੍ਰਿਣੁ ਢੂਢਤ ਫਿਰਿ ਰਹੀ ਮਨ ਮਹਿ ਕਰਉ ਬੀਚਾਰੁ ॥
ਲਾਲ ਰਤਨ ਬਹੁ ਮਾਣਕੀ ਸਤਿਗੁਰ ਹਾਥਿ ਭੰਡਾਰ ॥
ਊਤਮੁ ਹੋਵਾ ਪ੍ਰਭੁ ਮਿਲੈ ਇਕ ਮਨਿ ਏਕੈ ਭਾਇ ॥
ਨਾਨਕ ਪ੍ਰੀਤਮ ਰਸਿ ਮਿਲੇ ਲਾਹਾ ਲੈ ਪਰਥਾਇ ॥
ਰਚਨਾ ਰਾਚਿ ਜਿਨਿ ਰਚੀ ਜਿਨਿ ਸਿਰਿਆ ਆਕਾਰੁ ॥
ਗੁਰਮੁਖਿ ਬੇਅੰਤੁ ਧਿਆਈਐ ਅੰਤੁ ਨ ਪਾਰਾਵਾਰੁ ॥੪੬॥

# ਪਦ-ਅਰਥ

ਬੀਜਉ–ਦੂਸਰਾ; ਦੁਲੀਚਾ–ਗੱਦੀ, ਆਸਣ; ਨਿਵਾਰਣੁ–ਦੂਰ ਕਰਨ ਵਾਲਾ; ਨਰਹ ਨਰੁ–ਮਰਦਾਂ ਦਾ ਮਰਦ (ਹਰੀ); ਪਰਥਾਇ–ਪਰਲੋਕ ਲਈ; ਸਿਰਿਆ–ਸਿਰਜਿਆ, ਬਣਾਇਆ।

# ਟੀਕਾ

੧. (ਹਰੀ ਤੋਂ ਬਿਨਾਂ) ਹੋਰ ਐਸਾ ਕੋਈ ਵੀ ਨਹੀਂ ਦਿਸਦਾ ਜੋ ਸਦੀਵੀ ਤੌਰ ਤੇ ਆਪਣੀ ਗੱਦੀ ਤੇ ਟਿਕ ਕੇ ਬੈਠੇ (ਆਪਣੇ ਕੰਮਾਂ-



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਕਾਜਾਂ ਨੂੰ ਚਲਾਣ ਲਈ, ਸੰਸਾਰ ਦੀ ਸਾਰੀ ਖੇਡ ਆਪਣੇ ਹੁਕਮ ਵਿਚ ਰੱਖ ਕੇ ਚਲਾਣ ਲਈ)।

੨. ਉਹ ਨਰਾਂ ਦਾ ਨਰ, ਆਪ ਹੀ ਮਾੜੇ ਜੀਵਾਂ ਨੂੰ ਨਰਕ ਪੈਂਦਿਆਂ ਬਚਾਣ ਵਾਲਾ ਹੈ, ਪਰ ਤਦੋਂ ਜਦੋਂ ਕੋਈ ਜੀਵ ਸੱਚੇ ਨਾਮ ਦੁਆਰਾ ਸੱਚਾ ਹੋ ਜਾਂਦਾ ਹੈ।

੩. ਮੈਂ ਅਜਿਹੇ ਹਰੀ ਨੂੰ ਜੰਗਲਾਂ, ਝਾੜੀਆਂ ਵਿਚ ਢੂੰਢਦੀ ਫਿਰਦੀ ਰਹੀ ਹਾਂ ਪਰ ਹੁਣ ਆਪਣੇ ਮਨ ਅੰਦਰ ਹੋ ਕੇ ਹੀ ਉਸਦੀ ਵਿਚਾਰ ਕਰਦੀ ਹਾਂ (ਕਿਉਂਕਿ ਓਥੇ ਹੀ ਉਹ ਲੱਭਦਾ ਹੈ)

੪. ਲਾਲਾਂ, ਰਤਨਾਂ ਅਤੇ ਮੋਤੀਆਂ ਦਾ ਭੰਡਾਰ ਤਾਂ ਮੇਰੇ ਸਤਿਗੁਰ ਦੇ ਹੱਥਾਂ ਵਿਚ ਹੈ (ਜੋ ਉਸ ਦੀ ਸ਼ਰਨ ਵਿਚ ਆਵੇ ਉਸ ਨੂੰ ਉਹ ਗੁਣਾਂ ਰੂਪ ਭੰਡਾਰ ਅੰਦਰੋਂ ਹੀ ਲਭਾ ਦਿੰਦਾ ਹੈ ਪਰ ਉਸ ਭੰਡਾਰ ਨੂੰ ਲੈਣ ਲਈ ਪਹਿਲਾਂ ਆਪ ਵੀ ਉਪਰਾਲਾ ਕਰਨਾ ਪੈਂਦਾ ਹੈ)

੫. ਪਹਿਲਾਂ ਮੈਨੂੰ ਆਪ ਪਵਿੱਤ੍ਰ ਹੋਣਾ ਪਏਗਾ ਤੇ ਇਕ ਮਨ ਹੋ ਕੇ ਹਰੀ ਦੇ ਪ੍ਰੇਮ ਵਿਚ ਹਰੀ ਨੂੰ ਸਿਮਰਨਾ ਪਏਗਾ ਤਾਂ ਹੀ ਫਿਰ ਮੈਂ ਹਰੀ-ਪਤੀ ਨੂੰ ਮਿਲ ਸਕਾਂਗੀ ('ਸੁਚਿ ਹੋਵੈ ਤਾ ਸਚੁ ਪਾਈਐ ॥')

੬. ਹੇ ਨਾਨਕ, ਜਿਸ ਕਿਸੇ ਨੂੰ ਹਰੀ, ਪ੍ਰੇਮ ਵਿਚ ਵੇਖ ਕੇ ਮਿਲ ਜਾਂਦਾ ਹੈ, ਉਹ ਹੀ ਪ੍ਰਲੋਕ ਲਈ ਖਟੀ ਖਟਦੇ ਹਨ (ਆਪਣਾ ਭਵਿਖਤ ਸਵਾਰਦੇ ਹਨ)।

੭. ਜਿਸ ਹਰੀ ਨੇ ਰਚਨਾ ਰਚ ਕੇ ਫਿਰ ਉਸ ਵਿਚ ਹੀ ਆਪ ਰਚ ਰਿਹਾ ਹੈ, ਜਿਸ ਨੇ ਆਕਾਰ (ਸਰੀਰਕ ਦੁਨੀਆਂ) ਨੂੰ ਬਣਾਇਆ ਹੈ,

੮. ਜਿਸ ਦਾ ਪਾਰ, ਉਰਾਰ ਤੇ ਅੰਤ ਹੀ ਨਹੀਂ ਪਾਇਆ ਜਾ ਸਕਦਾ, ਉਸ ਬੇਅੰਤ ਨੂੰ ਗੁਰੂ ਦੁਆਰਾ ਆਪਣੇ ਹੀ ਅੰਦਰ ਧਿਆਣਾ ਚਾਹੀਦਾ ਹੈ, ਸਿਮਰਨਾ ਚਾਹੀਦਾ ਹੈ।



Sri Satguru Jagjit Singh Ji eLibrary NamdhariElibrary@gmail.com

# ਪਉੜੀ (੪੭)

ਙਾੜੈ ਰੂੜਾ ਹਰਿ ਜੀਉ ਸੋਈ ॥
ਤਿਸੁ ਬਿਨੁ ਰਾਜਾ ਅਵਰੁ ਨ ਕੋਈ ॥
ਙਾੜੈ ਗਾਰੁੜੁ ਤੁਮ ਸੁਣਹੁ ਹਰਿ ਵਸੈ ਮਨ ਮਾਹਿ ॥
ਗੁਰ ਪਰਸਾਦੀ ਹਰਿ ਪਾਈਐ ਮਤੁ ਕੋ ਭਰਮਿ ਭੁਲਾਹਿ ॥
ਸੋ ਸਾਹੁ ਸਾਚਾ ਜਿਸ ਹਰਿ ਧਨੁ ਰਾਸਿ ॥
ਗੁਰਮੁਖਿ ਪੂਰਾ ਤਿਸੁ ਸਾਬਾਸਿ ॥
ਰੂੜੀ ਬਾਣੀ ਹਰਿ ਪਾਇਆ ਗੁਰ ਸਬਦੀ ਬੀਚਾਰਿ ॥
ਆਪੁ ਗਇਆ ਦੁਖੁ ਕਟਿਆ ਹਰਿ ਵਰੁ ਪਾਇਆ ਨਾਰਿ ॥੪੭॥

## ਪਦ-ਅਰਥ

ਰੂੜਾ–ਸੁੰਦਰ; ਗਾਰੁੜੁ–ਉਹ ਮੰਤਰ ਜੋ ਸੱਪ ਦੀ ਵਿਹੁ ਦੂਰ ਕਰਦਾ ਹੈ।

## ਟੀਕਾ

੧. ('ੜ' ਅੱਖਰ ਦਾ ਸੁਨੇਹਾ ਸੁਣੋ, ਮਿਤ੍ਰੋ :) ਉਹ ਹਰੀ-ਜੀਉ (ਰਾਜਾ) ਸੁੰਦਰ ਹੈ (ਹਰ ਤਰ੍ਹਾਂ ਹੀ)

੨. ਉਸ ਤੋਂ ਬਿਨਾਂ ਹੋਰ ਕੋਈ ਰਾਜਾ ਵੀ ਸੁੰਦਰ (ਹਰ ਤਰ੍ਹਾਂ ਸੁੰਦਰ) ਨਹੀਂ ਹੈ, ਬੇਅੰਤ ਰਚਨਾ ਦੀ ਖੇਡ ਉਹ ਆਪਣੇ ਹੁਕਮ ਵਿਚ (ਆਪਣੇ ਕਾਨੂੰਨਾਂ ਦੇ ਅਧੀਨ) ਚਲਾ ਰਿਹਾ ਹੈ, ਇਸ ਤੋਂ ਵੱਧ ਰਾਜ ਚਲਾਣ ਦੀ ਸੁੰਦਰਤਾ ਕਿਸੇ ਹੋਰ ਵਿਚ ਹੋ ਸਕਦੀ ਹੈ ? ਸੰਸਾਰ ਵਿਚ ਰਾਜਿਆਂ ਦੀਆਂ ਨੀਵੀਆਂ ਕਰਤੂਤਾਂ, ਜੀਵ ਹੁਣ ਤਕ ਵੇਖਦੇ ਚਲੇ ਆ ਰਹੇ ਹਨ। ਆਪਣੀ ਥੋਥੀ ਸੂਝ ਬੂਝ ਤੋਂ ਉਹ ਬੜੀਆਂ ਭਿਆਨਕ ਉਪਾਧੀਆਂ ਖੜੀਆਂ ਕਰ ਦਿੰਦੇ ਹਨ। ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ ਠੀਕ ਰਾਜਾ ਉਹ ਹੀ ਹੋ ਸਕਦਾ ਹੈ ਜੋ



Sri Satguru Jagjit Singh Ji eLibrary NamdhariElibrary@gmail.com

ਹਰੀ-ਰਾਜੇ ਦੀ ਅਗਵਾਈ ਵਿਚ ਆ ਗਿਆ ਹੋਵੇ। ਅਜੇਹੇ ਰਾਜੇ ਦੀ ਤਸਵੀਰ ਇਹ ਹੈ :

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥
ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ ॥
(ਮਾਰੂ ਮਹਲਾ ੩, ਪੰਨਾ ੧੦੮੮)

ਅਰਥਾਤ–"ਰਾਜ-ਤਖ਼ਤ ਉਤੇ ਉਹ ਰਾਜਾ ਬੈਠਣਾ ਚਾਹੀਦਾ ਹੈ ਜੋ ਤਖ਼ਤ ਦੇ ਲਾਇਕ ਹੋਵੇ। ਅਜਿਹੇ ਰਾਜਿਆਂ ਨੇ ਸੱਚ ਸਰੂਪ ਹਰੀ ਨੂੰ ਪਛਾਣਿਆ ਹੁੰਦਾ ਹੈ ਤੇ ਆਪ ਵੀ ਸੱਚ ਸਰੂਪ ਹੋ ਗਏ ਹੁੰਦੇ ਹਨ। ਦੁਨੀਆਂ ਵਿਚ ਵਰਤਦੇ ਇਹ ਆਮ ਰਾਜੇ ਕੋਈ ਰਾਜੇ ਨਹੀਂ, ਇਹ ਦਵੈਤ ਭਾਵ ਵਿਚ ਹੁੰਦੇ ਹਨ ਤੇ ਸਿੱਟਾ ਦੁੱਖ ਹੁੰਦਾ ਹੈ।"

ਹੋਰ : ਤਖਤਿ ਬਹੈ ਤਖਤੈ ਕੀ ਲਾਇਕ ॥
ਪੰਚ ਸਮਾਏ ਗੁਰਮਤਿ ਪਾਇਕ ॥
(ਮਾਰੂ ਮਹਲਾ ੧, ਪੰਨਾ ੧੦੩੯)

ਅਰਥਾਤ–"ਤਖ਼ਤ ਉਤੇ ਬੈਠਣ ਯੋਗ ਰਾਜਾ ਉਹ ਹੈ, ਜਿਸ ਨੇ ਪੰਜ ਕਾਮਾਦਿਕ ਵੈਰੀ ਪਹਿਲਾਂ ਮਾਰ ਦਿਤੇ ਹੋਣ ਤੇ ਗੁਰਮਤਿ ਦੁਆਰਾ ਸੇਵਕ ਹੋ ਕੇ ਚਲਦਾ ਹੋਵੇ।"

੩. ('ੜ' ਅੱਖਰ ਦਾ ਹੋਰ ਸੁਨੇਹਾ ਸੁਣੋ :) ਗੁਰ-ਸ਼ਬਦ ਰੂਪ ਗਾਰੜੂ ਮੰਤ੍ਰ ਸੁਣਿਆ ਕਰੋ (ਜਿਸ ਮੰਤਰ ਨਾਲ ਮਾਇਆ ਜਾਂ ਹਉਮੈਂ ਦੀ ਵਿਸ ਉਤਾਰੋ) ਫਿਰ ਹਰੀ ਤੁਹਾਡੇ ਮਨਾਂ ਵਿਚ ਆ ਵਸੇਗਾ।

੪. (ਸੋ ਯਾਦ ਰਖੋ) ਗੁਰੂ ਦੀ ਕਿਰਪਾ ਨਾਲ (ਜਦੋਂ ਤੁਸੀਂ ਯੋਗ ਬਣਾ ਦਿਤੇ ਜਾਉਗੇ, ਤਾਂ) ਹਰੀ ਆਪ ਤੁਹਾਡੇ ਮਨਾਂ ਵਿਚ ਆ ਵਸੇਗਾ, ਤੁਸੀਂ ਹਰੀ ਨੂੰ ਪ੍ਰਾਪਤ ਕਰ ਲਵੋਗੇ, ਏਵੇਂ ਹੋਰ ਭਰਮ ਭੁਲੇਖਿਆਂ ਵਿਚ ਨਾ ਪਵੋ।



Sri Satguru Jagjit Singh Ji eLibrary NamdhariElibrary@gmail.com

੫. ਸ਼ਾਹ, ਪਾਤਿਸ਼ਾਹ ਤੇ ਰਾਜਾ, ਸੱਚਾ ਉਹ ਹੀ ਹੁੰਦਾ ਹੈ ਜਿਸ ਨੇ ਹਰੀ-ਧਨ ਆਪਣੀ ਰਾਸ ਬਣਾਈ ਹੈ (ਅਗਲੀ ਤੁਕ ਵਿਚ ਉਸ ਨੂੰ ਗੁਰਮੁਖਿ ਆਖਿਆ ਹੈ)।

੬. ਗੁਰਮੁਖ ਹੀ ਪੂਰਾ ਹੈ (ਸੰਪੂਰਨ ਹੈ, ਹਰੀ ਦੇ ਗੁਣਾਂ ਨਾਲ ਭਰਪੂਰ ਹੈ, ਇਸੇ ਲਈ ਹਰੀ ਵਾਂਗ ਹੀ ਮਹਾਨ ਸੁੰਦਰ ਹੈ) ਸ਼ਾਬਾਸ਼ ਆਖੋ ਇਸ ਗੁਰਮੁਖਿ ਨੂੰ।

੭. ਉਸ ਨੇ ਸੁੰਦਰ ਬਾਣੀ ਰਾਹੀਂ ਹਰੀ ਨੂੰ ਪਾਇਆ ਹੈ, ਗੁਰ-ਸ਼ਬਦ ਦੁਆਰਾ ਵਿਚਾਰ ਕਰਕੇ ਹਰੀ ਨੂੰ ਲੱਭਿਆ ਹੈ।

੮. ਉਸ ਦਾ ਆਪਾ ਭਾਵ ਮੁਕ ਗਿਆ ਹੈ, ਦੁਖ ਕੱਟੇ ਗਏ ਹਨ, ਅਜਿਹੀ ਜੀਵ-ਧਨ ਨੇ ਹੀ ਹਰੀ ਪਤੀ ਨੂੰ ਪਾ ਲਿਆ ਹੁੰਦਾ ਹੈ।

ਨੋਟ:-ਇਸ ਮਹਾਨ ਸੁੰਦਰ ਪਉੜੀ ਨੂੰ ਧਿਆਨ ਨਾਲ ਵਾਚੋ। ਫਿਰ ਤੁਹਾਨੂੰ ਸ਼ਬਦ, ਨਾਮ ਤੇ ਬਾਣੀ ਦੇ ਸਹੀ ਅਰਥ ਪਤਾ ਲਗ ਸਕਣਗੇ, ਜਿਨ੍ਹਾਂ ਰਾਹੀਂ ਤੁਹਾਡੀ ਅਧਿਆਤਮਕ ਉਸਾਰੀ ਹੋਵੇਗੀ ਤੇ ਤੁਹਾਨੂੰ ਹਰੀ ਵਾਂਗ ਸੁੰਦਰ ਕਰ ਦੇਵੇਗੀ, ਏਨੀ ਸੁੰਦਰ ਕਿ ਤੁਸੀਂ ਰਾਜ ਦਰਬਾਰਾਂ ਵਿਚ ਅਗਵਾਈ ਦੇਣ ਯੋਗ ਹੋ ਜਾਵੋਗੇ :

ਪੰਚੇ ਸੋਹਹਿ ਦਰਿ ਰਾਜਾਨੁ ॥ (ਜਪੁਜੀ, ਗੁਰੂ ਨਾਨਕ)

ਮਿੱਤਰੋ, ਹੋਰ ਹੋਰ ਡੇਰਿਆਂ ਵਿਚ ਟੱਕਰਾਂ ਮਾਰਨੀਆਂ ਛੱਡ ਦਿਉ, ਗੁਰੂ ਦੀ ਸ਼ਰਨ ਵਿਚ ਆਉ ਤੇ ਸ਼ਬਦ ਦੁਆਰਾ ਆਪਣੇ ਆਪ ਨੂੰ ਘੜੋ ਤੇ ਸਵਾਰੋ। ਇਸ ਪਉੜੀ ਵਿਚ 'ਗਾਰੜੂ', ਸ਼ਬਦ ਦੀ ਵਰਤੋਂ ਕਿਸੇ ਮੰਤਰ ਲਈ ਨਹੀਂ, ਗੁਰੂ ਦੇ ਸ਼ਬਦ ਲਈ ਸਪਸ਼ਟ ਦਿਸ ਰਹੀ ਹੈ। ਖੈਰ, 'ਮੰਤਰ' ਸ਼ਬਦ ਦੀ ਵਰਤੋਂ ਗੁਰਬਾਣੀ ਅੰਦਰ ਸੈਂਕੜੇ ਹੋਰ ਥਾਈਂ ਜ਼ਰੂਰ ਮਿਲਦੀ ਹੈ, ਜਿਸ ਨੂੰ ਕਈ ਰੰਗਾਂ ਦੇ ਅਰਥ ਦੇ ਕੇ ਸੁਆਰਥੀ ਲੋਕ ਆਪਣੇ ਸਵਾਰਥਾਂ ਲਈ ਵੀ ਵਰਤ ਲੈਂਦੇ ਹਨ, ਕਿਉਂਕਿ ਕਈ ਸ਼ਰਧਾਲੂ ਸਿੱਖਾਂ ਨੂੰ ਗੁਰਮਤਿ ਦੀ ਪੂਰੀ ਵਾਕਫੀ ਦੀ ਘਾਟ ਦੇ ਕਾਰਨ ਗੁਮਰਾਹ ਕੀਤਾ



Sri Satguru Jagjit Singh Ji eLibrary NamdhariElibrary@gmail.com

ਜਾ ਸਕਦਾ ਹੈ । ਭਾਰਤ ਵਿਚ ਮੰਤਰਾਂ ਦੀ ਪਰੰਪਰਾ ਵੈਦਕ ਰਚਨਾਵਾਂ ਨਾਲ ਅਰੰਭ ਹੋਈ ਸੀ, ਜਿਨ੍ਹਾਂ ਵਿਚ ਮੰਤਰ ਦਾ ਭਾਵ ਪ੍ਰਾਰਥਨਾ ਜਾਂ ਉਸਤਤਿ ਦੇ ਗੀਤ ਹੁੰਦਾ ਸੀ। ਇਸ ਤੋਂ ਹੀ ਕੁਦਰਤ ਅੰਦਰ ਵਰਤਦੀਆਂ ਦੈਵੀ ਸ਼ਕਤੀਆਂ ਦੀ ਸਿਫਤ-ਸਲਾਹ ਉਪਜੀ ਸੀ। ਫਿਰ ਕਰਮਕਾਂਡ, ਧਰਮ ਸੰਸਕਾਰ, ਗੀਤਾਂ, ਰਸਮਾਂ ਅਤੇ ਵਿਧੀ ਪੂਜਾ ਆਦਿਕ ਨੇ ਜਨਮ ਲਿਆ ਸੀ। ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ 'ਮੰਤਰ' ਖਾਸ ਖਾਸ ਸਮਿਆਂ ਤੇ ਹੀ ਪੜ੍ਹੇ ਜਾਂਦੇ ਸਨ, ਜੋ ਉਚਾਰਨ ਦੀਆਂ ਠੀਕ ਠੀਕ ਹੱਦਾਂ ਵਿਚ ਰਹਿਣ ਦੇ ਕਾਰਨ ਹੌਲੇ ਹੌਲੇ ਦਿਲ ਤੇ ਦਿਮਾਗ ਨਾਲ ਸੰਬੰਧ ਤੋੜ ਗਏ ਸਨ। ਸਿੱਟਾ ਇਹ ਹੋਇਆ ਸੀ ਕਿ ਹਿੰਦੂ ਧਰਮ ਨੂੰ ਅਧਿਕ ਕਰਮਕਾਂਡੀ ਤੇ ਵਿਖਾਵੇ-ਭਰਪੂਰ ਕਰ ਦਿਤਾ ਗਿਆ ਸੀ। ਭਾਈ ਗੁਰਦਾਸ ਜੀ ਨੇ ਭਾਰਤੀ ਧਰਮ ਪਰੰਪਰਾ ਦੀ ਅਧੋਗਤੀ ਵੇਖ ਕੇ ਹੀ ਵੇਦਾਂ ਸ਼ਾਸਤਰਾਂ ਸੰਬੰਧੀ ਹੁੰਦੇ ਵਾਦ ਵਿਵਾਦ, ਮੰਤਰ, ਤੰਤਰ, ਜਾਦੂ ਸ਼ਕਤੀਆਂ ਆਦਿਕ ਦਾ ਚੰਗੀ ਤਰ੍ਹਾਂ ਖੰਡਨ ਕੀਤਾ ਸੀ। ਇਹ ਇਕ ਇਤਿਹਾਸਕ ਸੱਚਾਈ ਹੈ ਕਿ ਅਚਲ ਵਟਾਲੇ ਗੁਰੂ ਨਾਨਕ ਦੇਵ ਜੀ ਦੀ ਸਿੱਧਾਂ ਨਾਲ ਹੋਈ ਚਰਚਾ ਸਮੇਂ ਗੁਰੂ ਸਾਹਿਬ ਨੂੰ ਪਛਾੜਨ ਲਈ ਸਿਧ ਯੋਗੀਆਂ ਨੇ ਤਵੀਤਾਂ, ਮੰਤਰਾਂ, ਰਿਧੀਆਂ, ਸਿਧੀਆਂ ਤੇ ਔਖਧੀਆਂ ਰਾਹੀਂ ਆਪਣੇ ਰੂਪ ਵਟਾ ਕੇ ਕਈ ਕਰਾਮਾਤੀ ਕੌਤਕ ਵਿਖਾਏ ਸਨ। ਗੁਰੂ ਸਾਹਿਬ ਨੇ ਤਦੋਂ ਤੰਤਰ ਮੰਤਰ ਆਦਿਕ ਨੂੰ ਪਖੰਡ, ਫੋਕਟ ਕਰਮ, ਕਲੇਸ਼ ਤੇ ਵਾਦ ਵਿਵਾਦ ਦੇ ਉਪਜਾਣ ਦੀ ਜੜ੍ਹ ਆਖਿਆ ਸੀ। ਜੋਗੀਆਂ ਦੀਆਂ, ਰਿਧੀਆਂ-ਸਿਧੀਆਂ, ਜੰਤਰ-ਮੰਤਰ ਬੀਰਾਂ ਦੀ ਅਰਾਧਨਾਂ, ਮੜ੍ਹੀ-ਮਸਾਨਾਂ ਦੀ ਪੂਜਾ, ਪੂਰਕ, ਕੁੰਭਕ, ਰੇਚਕ ਕਿਰਿਆਵਾਂ, ਨਿਉਲੀ ਕਰਮ, ਚਵਰਾਸੀ ਆਸਣ, ਹਠ ਨਿਗ੍ਰਹ (ਇੰਦ੍ਰੀਆਂ ਨੂੰ ਰੋਕਣਾ), ਠਾਕਰਾਂ ਦੀ ਪੂਜਾ, ਵਰਤ-ਨੇਮ, ਵਰ-ਸਰਾਪ, ਆਦਿਕ, ਸਭ ਨੂੰ ਕਰਮਕਾਂਡੀ ਪਸਾਰਾ ਹੀ ਆਖਿਆ ਸੀ, ਭਾਵੇਂ ਉਸ



Sri Satguru Jagjit Singh Ji eLibrary NamdhariElibrary@gmail.com

ਸਮੇਂ ਇਹ ਧਰਮ ਦੇ ਮੁਖ ਲੱਛਣ ਹੀ ਸਮਝੇ ਜਾਂਦੇ ਸਨ। ਇਸ ਤਰ੍ਹਾਂ ਦੇ ਫੋਕਟ ਮੰਤਰ ਜਾਲ ਵਿਚ ਫਸਿਆਂ ਨੂੰ ਕਢ ਕੇ ਸੱਚੇ ਨਾਮ ਤੇ ਸੱਚੇ ਸ਼ਬਦ ਨਾਲ ਜੋੜਿਆ ਸੀ, ਉਹ ਨਾਮ ਜਾਂ ਉਹ ਸ਼ਬਦ ਜੋ ਸੱਚਖੰਡ ਦੀ ਸਚੀ ਟਕਸਾਲ ਤੋਂ ਹੀ ਪ੍ਰਾਪਤ ਹੁੰਦਾ ਹੈ। ਸੋ ਨਾਮ, ਗੁਰ-ਸ਼ਬਦ, ਗੁਰ-ਮੰਤਰ ਇਕ ਤਰ੍ਹਾਂ ਇਕੋ ਗਲ ਹੋ ਜਾਂਦੇ ਹਨ। ਸਿਖੀ ਵਿਚ ਦਸਿਆ ਮੂਲ ਮੰਤਰ, ਜਿਸ ਨੂੰ ਬੀਜ ਮੰਤਰ ਵੀ ਆਖ ਲਿਆ ਜਾਂਦਾ ਹੈ, ਪਾਰਬ੍ਰਹਮ ਬਾਬਤ ਗੁਰਮਤਿ ਦੀ ਮੂਲ ਸਿਖਿਆ ਦਾ ਲਖਾਇਕ ਹੈ। ਇਹ ਕਦੇ ਵੀ ਨਹੀਂ ਭੁਲਣਾ ਚਾਹੀਦਾ ਕਿ ਗੁਰੂ ਸਾਹਿਬ ਨੇ ਹਿੰਦੂ ਧਰਮ ਦੇ ਪਰਿਭਾਸ਼ਕ ਸ਼ਬਦਾਂ ਨੂੰ ਖੁਲ੍ਹ ਕੇ ਅਪਨਾ ਲਿਆ ਸੀ ਪਰ ਉਨ੍ਹਾਂ ਨੂੰ ਨਵੇਂ ਅਰਥ ਦਿਤੇ ਸਨ। ਗੁਰਬਾਣੀ ਅੰਦਰ ਆਏ ਮੰਤਰ, ਜੰਤਰ, ਮੂਲ-ਮੰਤਰ, ਮਹਾਂਤੰਤਰ, ਬੀਜ ਮੰਤਰ ਆਦਿਕ ਸਭ ਨੂੰ ਆਪਣੇ ਹੀ ਅਰਥਾਂ ਵਿਚ ਵਰਤਿਆ ਗਿਆ ਸੀ ਜਿਵੇਂ ਇਸ ਪਉੜੀ ਵਿਚ ਗਾਰੜੂ ਮੰਤਰ ਦੀ ਵਰਤੋਂ ਕੀਤੀ ਹੈ। ਇਨ੍ਹਾਂ ਮੰਤਰਾਂ ਵਿਚ ਨਾ ਕੋਈ ਮੰਤਰ ਹਨ, ਨਾ ਮੰਤਰ ਵੰਡ ਹੀ ਹੈ, ਨਾ ਅੱਖਰਾਂ ਦੀ ਮਿਥੀ ਹੋਈ ਕੋਈ ਗਿਣਤੀ ਹੈ, ਨਾ ਮੰਤਰ ਦੇ ਲੱਛਣ ਹਨ, ਨਾ ਵਿਚਾਰਨ-ਵਿਧੀ ਹੈ, ਨਾ ਪਰਾਭੌਤਕ ਫਲ ਹਨ, ਨਾ ਵਿਸ਼ੇਸ਼ ਆਸਣ ਹਨ, ਨਾ ਉਚਾਰਨ-ਅਸਥਾਨ ਹਨ, ਕਿਉਂਕਿ 'ਮੰਤਰ' ਸ਼ਬਦ ਨੂੰ ਉਪਦੇਸ਼, ਗਿਆਨ ਤੇ ਸਿਫ਼ਤ ਸਲਾਹ ਦੇ ਅਰਥਾਂ ਵਿਚ ਹੀ ਵਰਤਿਆ ਗਿਆ ਸੀ। ਇਨ੍ਹਾਂ ਅਰਥਾਂ ਵਿਚ, ਮੂਲ-ਮੰਤਰ, ਗੁਰੂ ਦਾ ਮੂਲ-ਉਪਦੇਸ਼ ਹੀ ਹੈ, ਹਰੀ ਦੇ ਸਰੂਪ ਬਾਬਤ। ਕੁਝ ਗੁਰਬਾਣੀ ਦੇ ਹਵਾਲੇ ਦੇ ਕੇ ਵੇਖਣਾ, ਵਖਾਣਾ ਉਚਿਤ ਹੀ ਲੱਗਦਾ ਹੈ :

(i) ਗੁਰੂ ਜੀ ਨੇ ਚਾਲੂ ਭਾਰਤੀ-ਵਿਧਾਨ ਦੇ ਤੰਤਰਾਂ, ਜੰਤਰਾਂ, ਮੰਤਰਾਂ, ਜਾਦੂ ਟੂਣਿਆਂ, ਤਵੀਤਾਂ ਨੂੰ ਨਾਮ ਦੇ ਮੁਕਾਬਲੇ ਪਖੰਡ ਆਖਿਆ ਹੋਇਆ ਹੈ : "ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ ॥" (ਸੂਹੀ ਮਹਲਾ ੧)

(ii) ਗੁਰੂ ਜੀ ਨੇ ਮੰਤਰ ਦੀ, ਪ੍ਰਯਗ ਦੇ ਅਰਥਾਂ ਵਿਚ ਹਮਾਇਤ ਵੀ ਕੀਤੀ ਹੈ, ਪਰ ਇਸ ਨੂੰ ਸੱਚਾ ਮੰਤਰ, ਸੱਚਾ ਉਪਦੇਸ਼ ਤੇ ਸੱਚਾ ਗਿਆਨ, ਵਿਖਾ ਕੇ। ਸੋ ਨਾਮ ਅਜਿਹਾ ਮੰਤਰ ਹੈ, ਜਿਸ ਨੂੰ ਸੁਨਣਾ ਹੈ, ਪੜ੍ਹਨਾ ਹੈ, ਵਿਚਾਰਨਾ ਹੈ, ਗਾਉਣਾ ਹੈ ਤੇ ਦਿਲ ਵਿਚ ਵਸਾਣਾ ਹੈ। ਇਸੇ ਨੇ ਗਿਆਨ ਦ੍ਰਿੜ੍ਹ ਕਰਾਣਾ ਹੈ, ਹਉਮੈਂ ਰੋਗ ਕੱਟਣਾ ਹੈ, ਸਰਬ ਕਲਾ ਪ੍ਰਬੀਨ ਕਰਨਾ ਹੈ ਆਦਿ :–

ਬਿਨਵੰਤਿ ਨਾਨਕ ਸੁਣਿ ਮੰਤ੍ਰੁ ਸਖੀਏ
ਹਰਿਨਾਮੁ ਨਿਤ ਨਿਤ ਨਿਤ ਜਪਹ ॥

(ਬਿਹਾਗੜਾ ਮਹਲਾ ੫, ਪੰਨਾ ੫੪੪)

ਹੋਰ : ਦ੍ਰਿੜਿਓ ਗਿਆਨੁ ਮੰਤ੍ਰੁ ਹਰਿਨਾਮਾ ॥

(ਜੈਤਸਰੀ ਮਹਲਾ ੫, ਪੰਨਾ ੭੦੧)

ਹੋਰ : ਸਤਿਗੁਰਿ ਮੰਤ੍ਰੁ ਦੀਓ ਹਰਿ ਨਾਮ ॥

(ਗਉੜੀ ਮਹਲਾ ੫, ਪੰਨਾ ੧੯੬)

(iii) ਨਾਮ ਤੋਂ ਛੁਟ ਕੋਈ ਹੋਰ ਮੰਤਰ ਸੱਚੇ ਭਗਤ ਨੂੰ ਪ੍ਰਭਾਵਤ ਨਹੀਂ ਕਰ ਸਕਦਾ :

ਰਾਮਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ ॥
ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ ॥

(ਬਿਲਾਵਲ ਮਹਲਾ ੫, ਪੰਨਾ ੮੧੭)

(iv) ਹਰੀ ਦੇ ਨਾਮ ਦੇ ਕੀਰਤਨ ਨੂੰ ਹੀ ਬੀਜ-ਮੰਤ੍ਰ ਸਮਝੋ।

ਬੀਜ ਮੰਤ੍ਰੁ ਹਰਿ ਕੀਰਤਨੁ ਗਾਉ ॥
ਆਗੈ ਮਿਲੀ ਨਿਥਾਵੇ ਥਾਉ ॥

(ਰਾਮਕਲੀ ਮਹਲਾ ੫, ਪੰਨਾ ੮੯੧)

(v) ਗੁਰਮੰਤ੍ਰ ਦੀ ਮਹਾਨਤਾ ਇਉਂ ਦੱਸੀ ਹੈ :

ਦੂਖੁ ਕਲੇਸੁ ਨ ਭਉ ਬਿਆਪੈ ਗੁਰਮੰਤ੍ਰੁ ਹਿਰਦੈ ਹੋਇ ॥

(ਸਿਰੀ ਰਾਗ ਮਹਲਾ ੫, ਪੰਨਾ ੫੧)



Sri Satguru Jagjit Singh Ji eLibrary NamdhariElibrary@gmail.com

ਹੋਰ: ਹਰਿ ਕਾ ਨਾਮੁ ਦੀਓ ਗੁਰਿ ਮੰਤ੍ਰ ॥

(ਗਉੜੀ ਮਹਲਾ ੫, ਪੰਨਾ ੧੯੦)

ਹੋਰ: ਅੰਧਕਾਰ ਮਹਿ ਗੁਰਮੰਤ੍ਰ ਉਜਾਰਾ ॥

(ਗੋਂਡ ਮਹਲਾ ੫, ਪੰਨਾ ੮੬੪)

ਹੋਰ: ਕਹੁ ਨਾਨਕ ਗੁਰਿ ਮੰਤ੍ਰ ਦ੍ਰਿੜਾਇਆ ॥
ਕੇਵਲ ਨਾਮੁ ਰਿਦ ਮਾਹਿ ਸਮਾਇਆ ॥

(ਗਉੜੀ ਮਹਲਾ ੫, ਪੰਨਾ ੧੮੮)

ਹੋਰ: ਸਚ ਮੰਤ੍ਰ ਤੁਮਾਰਾ ਅੰਮ੍ਰਿਤ ਬਾਣੀ ॥

(ਵਡਹੰਸ ਮਹਲਾ ੫, ਪੰਨਾ ੫੬੨)

ਹੋਰ: ਗੁਰ ਕੈ ਸਬਦਿ ਮੰਤ੍ਰ ਮਨੁ ਮਾਨ ॥

(ਗੋਂਡ ਮਹਲਾ ੫, ਪੰਨਾ ੮੬੪)

ਸੋ ਇਹ 'ਮੰਤਰ' ਚਾਲੂ ਭਾਰਤੀ ਮੰਤਰ ਵਿਧਾਨ ਨਾਲੋਂ ਬਿਲਕੁਲ ਵਖਰੀ ਹੀ ਚੀਜ਼ ਹੈ :

ਗੁਰਮੁਖਿ ਜਨਮ ਸਕਾਰਥਾ ਗੁਰਬਾਣੀ ਪੜ੍ਹ ਸਮਝ ਸਨੇਹੀ ॥

ਦਸਮ ਪਾਤਿਸ਼ਾਹ ਨੇ ਵੀ ਭਾਰਤੀ ਮੰਤਰਾਂ ਦਾ ਖੰਡਨ ਹੀ ਕੀਤਾ ਸੀ :

"ਲਿਖੇ ਜੰਤਰ ਕੇਤੇ ਪੜ੍ਹੇ ਮੰਤਰ ਕੋਟੰ ॥
ਬਚੇਗਾ ਨ ਕੋਈ ਕਰੇ ਕਾਲ ਚੋਟੰ ॥" (ਜਾਪ ਪਾਤਿਸ਼ਾਹੀ ੧੦)

ਤੰਤਰ ਵਿਦਿਆ ਦੇ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਨੇ ਕਾਮਰੂਪ (ਆਸਾਮ) ਦੀ ਰਾਣੀ ਨੂਰ ਸ਼ਾਹ ਨੂੰ ਜੋ ਤ੍ਰਾਂਤ੍ਰਿਕ ਵਿਧੀਆਂ ਨਾਲ ਦੂਜਿਆਂ ਨੂੰ ਪ੍ਰਭਾਵਤ ਕਰਦੀ ਸੀ, 'ਕਲਰ ਦੀ ਵਣਜਾਰੀ' ਹੀ ਆਖਿਆ ਸੀ :

"ਕਲਰ ਦੀਆਂ ਵਣਜਾਰੀਆਂ ਝੂੰਗੇ ਮੁਸਕ ਮੰਗੇਨ ॥
ਅਮਲਾਂ ਬਾਝਹੁ ਨਾਨਕ ਕਿਉ ਕਰਿ ਕੰਤ ਮਿਲੇਨਿ ॥"

ਰਿਧੀਆਂ ਸਿਧੀਆਂ ਆਦਿਕ ਦੀ ਚੇਸ਼ਟਾ ਨੂੰ ਤਾਂ ਇਉਂ ਛਟਿਆਇਆ ਸੀ :

Sri Satguru Jagjit Singh Ji eLibrary NamdhariElibrary@gmail.com

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥
(ਪੰਨਾ ੫੯੩)

# ਪਉੜੀ (੪੮)

ਸੁਇਨਾ ਰੁਪਾ ਸੰਚੀਐ ਧਨੁ ਕਾਚਾ ਬਿਖੁ ਛਾਰ ॥
ਸਾਹੁ ਸਦਾਏ ਸੰਚਿ ਧਨੁ ਦੁਬਿਧਾ ਹੋਇ ਖੁਆਰੁ ॥
ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ ॥
ਹਰਿ ਨਿਰਮਾਇਲੁ ਊਜਲੋ ਪਤਿ ਸਾਚੀ ਸਚੁ ਬੋਲੁ ॥
ਸਾਜਨੁ ਮੀਤੁ ਸੁਜਾਣੁ ਤੂ ਤੂ ਸਰਵਰੁ ਤੂ ਹੰਸੁ ॥
ਸਾਚਉ ਠਾਕੁਰੁ ਮਨਿ ਵਸੈ ਹਉ ਬਲਿਹਾਰੀ ਤਿਸੁ ॥
ਮਾਇਆ ਮਮਤਾ ਮੋਹਣੀ ਜਿਨਿ ਕੀਤੀ ਸੋ ਜਾਣੁ ॥
ਬਿਖਿਆ ਅੰਮ੍ਰਿਤੁ ਏਕੁ ਹੈ ਬੂਝੈ ਪੁਰਖੁ ਸੁਜਾਣੁ ॥੪੮॥

# ਪਦ-ਅਰਥ

ਰੁਪਾ–ਚਾਂਦੀ; ਸੰਚੀਐ–ਇਕੱਠਾ ਕਰੀਦਾ ਹੈ; ਦੁਬਿਧਾ–ਦਵੈਤ; ਛਾਰ–ਸੁਆਹ, ਮਿਟੀ; ਨਿਰਮਾਇਲੁ–ਨਿਰਮਲ; ਜਾਣੁ–ਪਛਾਣ ।

# ਟੀਕਾ

੧. ਸੋਇਨਾ-ਚਾਂਦੀ ਇਕੱਠਾ ਕਰੀਦਾ ਹੈ, ਹਾਲਾਂਕਿ ਇਹ ਧਨ ਕੱਚਾ ਹੈ (ਨਾਸਵੰਤ ਹੈ) ਵਿਸ ਰੂਪ ਹੈ, ਸੁਆਹ (ਮਿਟੀ ਵਤ) ਤੁੱਛ ਹੈ ।

੨. ਇਹ ਧਨ ਇਕੱਠਾ ਕਰਕੇ (ਮੂਰਖ) ਆਪਣੇ ਆਪ ਨੂੰ (ਸ਼ਾਹ ਸ਼ਾਹੂਕਾਰ) ਸਦਾਉਂਦਾ ਹੈ ਪਰ ਦ੍ਵੈਤ ਦੇ ਕਾਰਨ ਖੁਆਰ ਹੀ ਹੁੰਦਾ ਹੈ,

੩. (ਇਸਦੇ ਮੁਕਾਬਲੇ ਤੇ ਵੇਖੋ:) ਸਚਿਆਰ ਵਪਾਰੀਆਂ ਨੇ ਸੱਚ-ਧਨ ਇਕੱਠਾ ਕੀਤਾ ਹੁੰਦਾ ਹੈ । ਇਹ ਸਚਾ ਧਨ, ਇਹ ਅਮੋਲਕ ਧਨ, ਨਾਮ ਹੈ । (ਵੇਖੋ ਪਿਛਲੀ ਪਉੜੀ ਜਿਸ ਵਿਚ ਗੁਰ-ਸ਼ਬਦ, ਗੁਰਬਾਣੀ



Sri Satguru Jagjit Singh Ji eLibrary NamdhariElibrary@gmail.com

ਦੀ ਕਮਾਈ ਦ੍ਰਿੜ੍ਹ ਕਰਾਈ ਸੀ, ਏਥੇ ਨਾਮ ਦੀ ਮਹਿਮਾ ਹੈ ਪਰ ਉਸ ਨਾਮ ਦੀ ਜੋ ਘੜਨ ਵਾਲਾ ਹੈ, ਉਸਾਰੀ ਕਰਨ ਵਾਲਾ ਹੈ, ਮਨੁੱਖ ਬਨਾਣ ਵਾਲਾ ਹੈ, ਹਰੀ ਦਾ ਰੂਪ ਹੀ ਕਰ ਦੇਣ ਵਾਲਾ ਹੈ, ਹਰੀ ਵਾਂਗ ਹੀ ਕੰਮਾਂ ਕਾਜਾਂ ਨੂੰ ਵੀ ਤੋਰਨ ਜੋਗਾ ਹੈ)

੪. ਹਰੀ ਆਪ ਨਿਰਮਲ ਹੈ, ਪਵਿੱਤਰ ਹੈ (ਜਦ ਉਹ ਕਿਸੇ ਦੇ ਮਨ ਵਿਚ ਆ ਵਸਦਾ ਹੈ ਤਾਂ ਉਹ ਵੀ ਉਸ ਵਾਂਗ ਨਿਰਮਲ ਹੁੰਦਾ ਹੈ)। ਉਸ ਮਨੁਖ ਦੀ ਇੱਜ਼ਤ ਸੱਚੀ ਹੈ, ਕਿਉਂਕਿ ਸੱਚਾ ਹੀ ਉਸ ਦਾ ਬੋਲ (ਬਚਨ) ਹੁੰਦਾ ਹੈ।

੫. ਹੇ ਹਰੀ, ਤੂੰ ਸਿਆਣਾ ਸਜਣ ਹੈਂ, ਮਿਤਰ ਹੈਂ, ਤੂੰ ਸੰਸਾਰ-ਸਰੋਵਰ ਵੀ ਆਪ ਹੀ ਹੈਂ ਅਤੇ ਆਪ ਹੀ ਉਸ ਸਰੋਵਰ ਵਿਚ ਹੰਸ ਹੋ ਜਾਂਦਾ ਹੈਂ, (ਗੁਰੂ ਸਾਹਿਬ ਦਾ ਭਾਵ ਇਹ ਹੈ ਕਿ ਸੰਸਾਰ-ਸਰੋਵਰ ਰੂਪ ਰਚਨਾ ਕਰਕੇ, ਜਿਥੇ ਮਛ, ਕਛ, ਡੱਡੂ ਆਦਿਕ ਹੋਲੇ ਜੀਵ ਹਨ ਉਥੇ ਉਹੋ ਆਪ ਗੁਰਮੁਖਿ (ਹੰਸ) ਵੀ ਹੋ ਜਾਂਦਾ ਹੈ, ਸੰਸਾਰ ਨੂੰ ਸੇਧਾਂ ਦੇਣ ਲਈ।

੬. ਜਿਸ ਕਿਸੇ ਗੁਰਮੁਖਿ ਹੰਸ ਦੇ ਮਨ ਵਿਚ ਤੂੰ ਸੱਚਾ ਮਾਲਕ ਆਪ ਵਸ ਜਾਂਦਾ ਹੈਂ, ਮੈਂ ਉਸ ਤੋਂ ਬਲਿਹਾਰ ਜਾਂਦਾ ਹਾਂ।

੭. (ਹੁਣ ਦੱਸਦੇ ਹਨ ਕਿ) ਮਾਇਆ ਠੀਕ ਮਮਤਾ ਹੈ, ਇਹ ਮੈਂ-ਭਾਵ ਉਪਜਾਉਂਦੀ ਹੈ, ਇਹ ਮੋਹਣੀ ਵੀ ਹੈ ਜੋ ਸੰਸਾਰ ਦੇ ਬੰਦਿਆਂ ਨੂੰ ਗੁਮਰਾਹ ਵੀ ਕਰਦੀ ਹੈ ਪਰ ਇਹ ਆਈ ਤਾਂ ਉਸ ਹਰੀ ਤੋਂ ਹੀ ਹੈ ਜੋ ਸੁਜਾਣ ਹੈ, ਜੋ ਭੁਲ ਨਹੀਂ ਕਰਦਾ (ਸੋ ਉਸ ਦੀ ਆਪਣੀ ਵਿਉਂਤ ਵਿਚ ਇਸ ਮਾਇਆ ਦੀ ਵੀ ਆਪਣੀ ਥਾਂ ਹੈ)। ਜੋ ਮਨੁੱਖ ਮਾਇਆ ਦੇ ਪ੍ਰਭਾਵ ਤੋਂ ਬਚ ਸਕਣਗੇ, ਉਹ ਹੀ ਹਰੀ ਪ੍ਰਾਪਤ ਕਰਨਗੇ। ਇਹੋ ਹਰੀ ਦਾ ਮਨੋਰਥ ਹੈ ਕਿ ਆਪਣੇ ਯਤਨਾਂ ਨਾਲ ਹਰ ਕੋਈ ਪੂਰਨਤਾ ਪ੍ਰਾਪਤ ਕਰੇ, ਮੋਖ ਪ੍ਰਾਪਤ ਕਰੇ, (ਵੇਖੋ ਪਉੜੀ ੧੫)

੮. ਜੋ ਮਨੁਖ ਐਸੇ ਸੁਜਾਣ ਪੁਰਖ ਹਰੀ ਨੂੰ ਸਮਝ ਲੈਂਦਾ ਹੈ,

ਉਸ ਨੂੰ ਵਿਸ਼ ਤੇ ਅੰਮ੍ਰਿਤ ਇਕ ਹੋ ਕੇ ਦਿਸਦੇ ਹਨ (ਉਸ ਲਈ ਦੁਖ ਤੇ ਸੁਖ ਸਮਾਨ ਹੋ ਜਾਂਦੇ ਹਨ)।

## ਪਉੜੀ (੪੯)

ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ ॥
ਗਣਤ ਨ ਆਵੈ, ਕਿਉ ਗਣੀ ਖਪਿ ਖਪਿ ਮੁਏ ਬਿਸੰਖ ॥
ਖਸਮੁ ਪਛਾਣੈ ਆਪਣਾ ਖੂਲੈ ਬੰਧੁ ਨ ਪਾਇ ॥
ਸਬਦਿ ਮਹਲੀ ਖਰਾ ਤੂ ਖਿਮਾ ਸਚੁ ਸੁਖ ਭਾਇ॥
ਖਰਚੁ ਖਰਾ ਧਨੁ ਧਿਆਨੁ ਤੂ ਆਪੇ ਵਸਹਿ ਸਰੀਰਿ ॥
ਮਨਿ ਤਨਿ ਮੁਖਿ ਜਾਪੈ ਸਦਾ ਗੁਣ ਅੰਤਰਿ ਮਨਿ ਧੀਰ ॥
ਹਉਮੈ ਖਪੈ ਖਪਾਇਸੀ ਬੀਜਉ ਵਥੁ ਵਿਕਾਰੁ ॥
ਜੰਤ ਉਪਾਇ ਵਿਚਿ ਪਾਇਅਨੁ ਕਰਤਾ ਅਲਗੁ ਅਪਾਰੁ ॥੪੯॥

## ਪਦ-ਅਰਥ

ਖੂਹਣਿ–ਖੂਹਣੀਆਂ, ਬੇਅੰਤ; ਬਿਸੰਖ–ਅਣਗਿਣਤ; ਸੁਖਭਾਇ– ਸੁਖੈਣ; ਆਸਾਨੀ ਨਾਲ; ਧੀਰ–ਧੀਰਜ; ਪਾਇਅਨੁ–ਪਾਏ ਹਨ।

## ਟੀਕਾ

੧. ਖਿਮਾਂ ਤੋਂ ਖਾਲੀ, ਅਨਗਿਣਤ ਲੱਖਾਂ, ਅਸੰਖਾਂ ਜੀਵ ਬਰਬਾਦ ਹੋਏ (ਦੇਖੋ, ਦੈਵੀ-ਗੁਣਾਂ ਦੀ ਘਾਟ ਨੂੰ ਗੁਰੂ ਜੀ ਨੇ ਕਿੰਨੀ ਵੱਡੀ ਘਾਟ ਗਿਣਿਆ ਹੈ, ਖਾਸ ਤੌਰ ਤੇ ਖਿਮਾਂ ਦੀ ਘਾਟ ਨੂੰ। ਉਨ੍ਹਾਂ ਦੇ ਸਾਹਮਣੇ ਉਹ ਬੇਅੰਤ ਲੋਕ ਆਏ ਹਨ ਜੋ ਕਿਸੇ ਵਲੋਂ ਹੋਈ ਛੋਟੀ ਮੋਟੀ ਭੁੱਲ ਨੂੰ ਵੀ ਭੁਲਾ ਨਹੀਂ ਸਕਦੇ ਤੇ ਸਦਾ ਹੀ ਆਪਣੇ ਮਨ ਉਤੇ ਲਾਈ ਰੱਖਦੇ ਹਨ। ਉਹ ਬੇਲੋੜੀ ਕਲਪਨਾ ਸਹੇੜ ਲੈਂਦੇ ਹਨ ਤੇ ਸਾਰਾ ਜੀਵਣ ਹੀ ਦੁਖਿਤ ਕਰ ਲੈਂਦੇ ਹਨ)

੨. ਅਜਿਹੇ ਲੋਕਾਂ ਦੀ ਗਿਣਤੀ ਹੋ ਨਹੀਂ ਸਕਦੀ, ਮੈਂ ਕਿਵੇਂ

Sri Satguru Jagjit Singh Ji eLibrary NamdhariElibrary@gmail.com

ਗਿਣਾਂ ? ਅਣਗਿਣਤ ਹੀ ਐਸੇ ਜੀਵ ਖਪ ਖਪ ਕੇ ਮੋਏ ਹਨ–(ਇਹ ਉਨ੍ਹਾਂ ਦੀ ਅਧਿਆਤਮਕ ਉਸਾਰੀ ਦੀ ਘਾਟ ਦੇ ਕਾਰਨ ਹੀ ਹੈ ਤੇ ਸੁਭਾਉ ਦੀ ਇਕ ਮਜਬੂਰੀ ਹੋ ਗਈ ਹੋਈ ਹੈ, ਉਹ ਮਾਨੋਂ ਬੱਝੇ ਪਏ ਸਨ)।

੩. ਪਰ ਜੋ ਜੀਵ ਆਪਣੇ ਮਾਲਕ ਹਰੀ ਨੂੰ ਪਛਾਣਦਾ ਹੈ, ਉਸ ਦਾ ਹਰ ਬੰਧਨ ਹੀ ਖੁਲ੍ਹ ਜਾਂਦਾ ਹੈ, ਤੇ ਮੁੜ ਪੈਂਦਾ ਵੀ ਨਹੀਂ (ਨਿਰੇ ਇਖ਼ਲਾਕੀ ਗੁਣ, ਜੀਵਣ ਵਿਚ ਸਥਿਰ ਥਾਂ ਤਾਂ ਹੀ ਪ੍ਰਾਪਤ ਕਰਦੇ ਹਨ ਜੇ ਉਹ ਹਰੀ ਦੀ ਪ੍ਰਾਪਤੀ ਤੋਂ ਉਪਜਣ)।

੪. ਹੇ ਹਰੀ, ਜੋ ਜੀਵ ਸ਼ਬਦ ਦੁਆਰਾ ਤੇਰੇ ਮਹੱਲਾਂ ਵਿਚ ਆ ਜਾਂਦਾ ਹੈ ਉਸ ਨੂੰ ਤੂੰ ਖਰਾ (ਸੁੱਚਾ, ਪਵਿਤ੍ਰ) ਕਰ ਦਿੰਦਾ ਹੈਂ, ਫਿਰ ਖਿਮਾਂ ਦੇ ਰੂਪ ਵਿਚ ਸੱਚ ਉਸ ਤੋਂ ਆਪ-ਮੁਹਾਰੇ ਨਿਕਲਦਾ ਹੈ।

੫. ਉਸ ਦੀ ਸਾਰੀ ਜ਼ਿੰਦਗੀ ਦੇ ਸਫ਼ਰ ਦਾ ਖ਼ਰਚ, ਉਸ ਦਾ ਧਨ, ਉਸ ਦਾ ਧਿਆਨ (ਦ੍ਰਿਸ਼ਟੀ) ਤੂੰ ਆਪ ਹੀ ਹੋ ਜਾਂਦਾ ਹੈਂ, ਤੂੰ ਆਪ ਹੀ ਉਸ ਦੇ ਸਰੀਰ ਦੇ ਅੰਦਰ ਵਸਦਾ ਹੈਂ ਤੇ ਉਸ ਦਾ ਜੀਵਣ ਤੋਰਦਾ ਹੈਂ (ਪਾਠਕ ਜਨ ਇਸ ਮਹਾਨ ਪਉੜੀ ਨੂੰ ਚੰਗੀ ਤਰ੍ਹਾਂ ਵਾਚਨ। ਨਾਮ ਦੀ ਮਹਿਮਾ ਗੁਰੂ ਸਾਹਿਬ ਨੇ ਥਾਂ ਥਾਂ ਏਵੇਂ ਨਹੀਂ ਕੀਤੀ। ਇਹ ਤਾਂ ਸਾਰਾ ਜੀਵਣ ਹੀ ਬਦਲ ਦੇਣ ਵਾਲੀ ਗੱਲ ਹੋ ਜਾਣੀ ਹੁੰਦੀ ਹੈ–"ਸੋਈ ਰਾਮ ਸਭੈ ਕਹੈ ਸੋਈ ਕਉਤਕਹਾਰ" ਨਾਮ ਤਾਂ ਜੀਵਣ ਵਿਚ ਕ੍ਰਾਂਤੀ ਲੈ ਆਉਂਦਾ ਹੈ ਤੇ ਸੁਖੀ ਜੀਵਣ ਬਖ਼ਸ਼ਣ ਵਾਲਾ ਹੋ ਜਾਂਦਾ ਹੈ)

੬. ਜੋ ਵੀ ਮਨੁੱਖ ਹਰੀ ਨੂੰ ਮਨ ਤਨ ਤੇ ਮੁਖ ਨਾਲ ਸਦਾ ਜਪਦਾ ਹੈ, ਉਸ ਵਿਚ ਹਰੀ ਵਾਲੇ ਸਭ ਗੁਣ ਆਉਂਦੇ ਹਨ ਤੇ ਉਸ ਦਾ ਮਨ ਧੀਰਜ ਵਿਚ ਟਿਕਿਆ ਹੋਇਆ ਹੋ ਜਾਂਦਾ ਹੈ।

੭. ਦੂਜੇ ਪਾਸੇ ਹਉਮੈਂ ਦਾ ਵਿਗਾੜਿਆ ਹੋਇਆ ਜੀਵ ਆਪ ਖਪਦਾ ਤੇ ਦੂਜਿਆਂ ਨੂੰ ਵੀ ਖਪਾਉਂਦਾ ਹੀ ਰਹੇਗਾ। ਨਾਮ ਤੋਂ ਬਿਨਾਂ ਜੋ ਵੀ ਵਸਤ (ਜਿਵੇਂ ਦਿਮਾਗ਼ੀ ਵਿਕਾਸ, ਧਨ ਇੱਜ਼ਤ, ਰਸੂਖ



Sri Satguru Jagjit Singh Ji eLibrary NamdhariElibrary@gmail.com

ਆਦਿਕ) ਹੈ, ਸਭ ਵਿਕਾਰ ਦੀ ਸ਼ਕਲ ਹੀ ਲੈ ਲਵੇਗਾ।

੮. (ਸੋਚੋ ਮਿੱਤਰੋ :) ਹਰੀ ਨੇ ਸਭ ਜੀਵ ਪੈਦਾ ਕਰਕੇ ਹਉਮੈਂ ਉਨ੍ਹਾਂ ਦੇ ਅੰਦਰ ਪਾ ਦਿਤੀ ਤੇ ਆਪ ਅਲਗ ਥਲਗ ਰਿਹਾ ਹੈ। (ਇਉਂ ਕਿਉਂ ਹੋਇਆ ਹੈ ? ਇਸ ਲਈ ਕਿ ਜੀਵ ਆਪਣੇ ਯਤਨਾਂ ਨਾਲ ਉਸ ਵਾਂਗ ਹੋ ਜਾਣ, ਸੰਸਾਰ ਦੇ ਬੰਧਨਾਂ ਤੋਂ ਥਿਰ ਰੂਪ ਵਿਚ ਸੁਤੰਤਰ ਹੋ ਜਾਣ, ਜਿਵੇਂ ਉਹ ਆਪ ਹੈ। ਕਿਤਨੀ ਸੋਹਣੀ ਇਹ ਉਸ ਦੀ ਵਿਉਂਤ ਹੈ ? ਵੇਖੋ ਪਉੜੀ ੧੫)

ਨੋਟ:–ਸਮੁਚੀ ਪਉੜੀ ਦਾ ਭਾਵ ਇਹ ਹੈ ਕਿ ਹਰੀ ਦੀ ਪ੍ਰਾਪਤੀ ਕਰ ਲੈਣੀ ਚਾਹੀਦੀ ਹੈ, ਜਿਸ ਤੋਂ ਸਾਰੇ ਗੁਣ ਤੇ ਚੰਗਿਆਈਆਂ ਆਪ-ਮੁਹਾਰੇ ਆ ਵਸਦੀਆਂ ਹਨ। ਇਨ੍ਹਾਂ ਵਿਚੋਂ ਖਿਮਾ ਨੂੰ ਮੁਹਰੇ ਲਿਆਂਦਾ ਗਿਆ ਹੈ। ਇਸ ਨੂੰ ਛੋਟਾ ਜਿਹਾ ਗੁਣ ਨਾ ਸਮਝ ਲਿਆ ਜਾਏ, ਇਹ ਬਾਕੀ ਸਭ ਗੁਣਾਂ ਦੀ ਇਕ ਤਰ੍ਹਾਂ ਨੁਮਾਇੰਦਗੀ ਕਰਦਾ ਹੈ, ਨਿਮ੍ਰਤਾ, ਮਿਠਾਸ, ਗਰੀਬੀ ਪ੍ਰੇਮ ਪਿਆਰ ਦਾ ਸੂਚਕ ਹੋ ਜਾਂਦਾ ਹੈ:

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥
(ਪੰਨਾ ੧੩੮੪)

ਦਾ ਉੱਤਰ ਇਉਂ ਦਿਤਾ ਗਿਆ ਹੋਇਆ ਹੈ :

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥
(ਪੰਨਾ ੧੩੮੪)

ਇਸ ਤੋਂ ਖਿਮਾ-ਗੁਣ ਦੀ ਸਰਦਾਰੀ ਪ੍ਰਗਟ ਹੁੰਦੀ ਹੈ। ਰੋਜ਼ ਦੀ ਅਰਦਾਸ ਵਿਚ ਜਿਨ੍ਹਾਂ ਵੇਖ ਕੇ ਅਣਡਿਠ ਕੀਤਾ ਦਾ ਆਧਾਰ ਇਹੋ ਖਿਮਾਂ ਹੀ ਹੈ। ਗੁਰੂ ਨਾਨਕ ਦੇਵ ਜੀ ਦੇ ਇਹ ਬਚਨ ਬਹੁਤ ਹੀ ਮਹਾਨ ਹਨ :

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥
(ਸੂਹੀ ਮਹਲਾ ੧, ਪੰਨਾ ੭੬੬)



Sri Satguru Jagjit Singh Ji eLibrary NamdhariElibrary@gmail.com

ਗੁਣਾਂ ਦੀ ਸਾਂਝ ਕਰਨੀ ਤੇ ਅਵਗੁਣਾਂ ਨੂੰ ਅਨਡਿਠ ਕਰਨਾ, ਅੰਦਰਲੀ ਆਪਣੀ ਉਸਾਰੀ ਲਈ ਜ਼ਰੂਰੀ ਹੁੰਦੇ ਹਨ, ਤੇ ਹੋ ਗਈ ਹੋਈ ਉਸਾਰੀ ਦਾ ਪ੍ਰਗਟਾਵਾ ਵੀ ਹੁੰਦੇ ਹਨ। ਤਦੋਂ ਸਾਰਾ ਸੰਸਾਰ ਆਪਣਾ ਟੱਬਰ ਹੋ ਕੇ ਦਿਸਦਾ ਹੈ :

ਸਿਰੁ ਨਾਨਕ ਲੋਕਾ ਪਾਵ ਹੈ ॥
ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥

(ਬਸੰਤ ਮਹਲਾ ੧, ਪੰਨਾ ੧੧੬੮)

ਵੇਖੋ, ਪਰਜਾ-ਤੰਤਰ ਦਾ ਵੀ ਇਹੋ ਅਧਿਆਤਮਕ ਸਰੂਪ ਹੈ, ਸਗੋਂ ਇਹ ਵਿਸ਼ਵ ਭਾਈਚਾਰੇ ਦੀ ਵੀ ਬੁਨਿਆਦ ਹੈ। ਇਹ ਸਿੱਖ ਗੁਰੂਆਂ ਦੇ ਮਾਨਵ-ਵਾਦ ਨੂੰ ਪ੍ਰਗਟਾਉਂਦਾ ਹੈ। ਗੁਰੂ ਸਾਹਿਬ ਚਾਹੁੰਦੇ ਸਨ ਕਿ ਹਰ ਕੋਈ ਆਪਣੇ ਮਨ ਦੀ ਛਾਣ-ਬੀਣ ਕਰੇ। ਆਪਣਾ ਹੀ ਆਤਮ-ਵਿਸ਼ਲੇਸ਼ਣ ਕਰਦਾ ਰਹੇ ਤੇ ਦੂਜਿਆਂ ਦੇ ਅਵਗੁਣ ਵੇਖਣੇ ਛੱਡ ਦੇਵੇ, ਕਿਉਂਕਿ ਇਉਂ ਫਿਕੇ ਬੋਲ-ਕਬੋਲ ਹੋ ਜਾਂਦੇ ਹਨ ਤੇ ਆਪਣਾ ਵਿਕਾਸ ਵੀ ਰੁਕ ਜਾਂਦਾ ਹੈ :

ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ ॥
ਮੋਰਚਾ ਨ ਲਾਗੈ ਜਾ ਹਉਮੈ ਸੋਖੈ ॥

(ਮਾਝ ਮਹਲਾ ੩, ਪੰਨਾ ੧੧੫)

ਜਿਸ ਮਨੁੱਖ ਦੇ ਸਾਹਮਣੇ ਸਮੱਸਿਆ ਆਪਣਾ ਆਪ ਹਰ ਪਖੋਂ ਉਸਾਰਨਾ ਤੇ ਸਵਾਰਨਾ ਹੁੰਦਾ ਹੋਵੇ, ਉਹ ਦੂਜਿਆਂ ਦੀਆਂ ਕਮਜ਼ੋਰੀਆਂ ਨਹੀਂ ਵੇਖਦਾ, ਆਪਣੀਆਂ ਵੇਖਦਾ ਹੈ। ਉਹ ਖਿਮਾਂ, ਨਿੰਮ੍ਰਤਾ, ਗਰੀਬੀ ਤੇ ਪ੍ਰੇਮ ਪਿਆਰ ਦਾ ਧਾਰਨੀ ਹੋ ਜਾਂਦਾ ਹੈ ਤੇ ਆਪਣੀ ਸ਼ਖ਼ਸੀਅਤ ਅਦੁੱਤੀ ਬਣਾ ਲੈਣ ਦੇ ਰਾਹੇ ਪੈਂਦਾ ਹੈ। ਸੋ ਹਰੀ-ਪ੍ਰਾਪਤੀ ਦੀ ਮੋਟੀ ਨਿਸ਼ਾਨੀ ਹੀ ਇਹ ਹੈ–'ਵੇਖ ਕੇ ਅਨਡਿਠ ਕਰਨਾ' ਤੇ ਸਭ ਨਾਲ ਦਇਆ ਤੇ ਪ੍ਰੇਮ ਪਿਆਰ ਦੇ ਭਾਵ ਉਪਜਾਣੇ, ਕਿਉਂਕਿ

ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ ॥

(ਆਸਾ ਮਹਲਾ ੩, ਪੰਨਾ ੪੨੫)



Sri Satguru Jagjit Singh Ji eLibrary NamdhariElibrary@gmail.com

ਨਿੰਦਾ ਕਰਨੀ ਵਿਕਾਸ ਦੇ ਰਾਹ ਵਿਚ ਪੱਕਾ ਰੋੜਾ ਸਮਝੋ, ਕਿਉਂਕਿ ਧਿਆਨ ਆਪਣੀ ਉਸਾਰੀ ਵਲੋਂ ਹਟ ਕੇ ਦੂਜਿਆਂ ਦੇ ਛਿਦਰ ਵੇਖਣ ਵਿਚ ਲੱਗ ਜਾਂਦਾ ਹੈ :

'ਪਰਾਇਆ ਛਿਦ੍ਰ ਅਟਕਲੈ ਆਪਣਾ ਅਹੰਕਾਰੁ ਵਧਾਵੈ ॥'

(ਆਸਾ ਮਹਲਾ ੪, ਪੰਨਾ ੩੬੬)

# ਪਉੜੀ (੫੦)

ਸ੍ਰਿਸਟੇ ਭੇਉ ਨ ਜਾਣੈ ਕੋਇ ॥
ਸ੍ਰਿਸਟਾ ਕਰੈ ਸੁ ਨਿਹਚਉ ਹੋਇ ॥
ਸੰਪੈ ਕਉ ਈਸਰੁ ਧਿਆਈਐ ॥
ਸੰਪੈ ਪੁਰਬਿ ਲਿਖੇ ਕੀ ਪਾਈਐ ॥
ਸੰਪੈ ਕਾਰਣਿ ਚਾਕਰ ਚੋਰ ॥
ਸੰਪੈ ਸਾਥਿ ਨ ਚਾਲੈ ਹੋਰ ॥
ਬਿਨੁ ਸਾਚੇ ਨਹੀ ਦਰਗਹ ਮਾਨੁ ॥
ਹਰਿ ਰਸੁ ਪੀਵੈ ਛੁਟੈ ਨਿਦਾਨਿ ॥੫੦॥

# ਪਦ-ਅਰਥ

ਸ੍ਰਿਸਟੇ–ਸ੍ਰਿਸ਼ਟੀ ਰਚਨਹਾਰ, ਓਅੰਕਾਰ (ਹਰੀ); ਭੇਉ–ਭੇਦ; ਨਿਹਚਉ–ਅਵੱਸ਼; ਸੰਪੈ–ਧਨ ਲਈ; ਨਿਦਾਨਿ–ਓੜਕ ਨੂੰ; ਆਖ਼ਰਕਾਰ ।

# ਟੀਕਾ

੧. ਸ੍ਰਿਸ਼ਟੀ ਦੇ ਰਚਨਹਾਰ ਦਾ ਭੇਦ ਕੋਈ ਨਹੀਂ ਜਾਣਦਾ ।

੨. ਫਿਰ ਵੀ, ਹੁੰਦਾ ਉਹ ਹੀ ਹੈ ਜੋ ਉਹ ਕਰਦਾ ਹੈ (ਸੋ ਉਹਦਾ ਹੀ ਹੁਕਮ ਚਲਦਾ ਹੈ, ਉਸ ਦੇ ਹੀ ਕਾਨੂੰਨਾਂ ਅਧੀਨ ਹੋ ਕੇ ਸਭ ਨੂੰ ਤੁਰਨਾ ਪੈਂਦਾ ਹੈ)।



Sri Satguru Jagjit Singh Ji eLibrary NamdhariElibrary@gmail.com

੩. (ਭੁਲਣਹਾਰ ਜੀਵ) ਹਰੀ ਨੂੰ (ਆਪਣੀ ਉਸਾਰੀ ਲਈ ਨਹੀਂ) ਧਨ ਦੀ ਖਾਤਰ ਧਿਆਉਂਦੇ ਹਨ।

੪. (ਉਨ੍ਹਾਂ ਨੂੰ ਇਹ ਸਮਝ ਵੀ ਨਹੀਂ ਕਿ) ਧਨ ਪੂਰਬਲੇ ਕਰਮਾਂ ਦੇ ਲਿਖੇ ਅਨੁਸਾਰ ਹੀ ਮਿਲਦਾ ਹੈ (ਜਿਸ ਕਿਸਮ ਦੀ ਸ਼ਖ਼ਸੀਅਤ ਉਹ ਪਿਛਲੇ ਜਨਮ ਤੋਂ ਲੈ ਕੇ ਆਏ ਹਨ, ਉਸ ਅਨੁਸਾਰ ਹੀ ਉਨ੍ਹਾਂ ਤੁਰਨਾ ਹੁੰਦਾ ਹੈ ਤੇ ਆਪਣੇ ਕ੍ਰਿਤ-ਫਲ ਪ੍ਰਾਪਤ ਕਰਨੇ ਹੁੰਦੇ ਹਨ। ਮਸਲਨ, ਜੇ ਕੋਈ ਜੀਵ ਹਉਮੈ ਦੀਆਂ ਪੰਡਾਂ ਸਿਰ ਤੇ ਬੰਨ੍ਹ ਕੇ ਤੁਰਿਆ ਫਿਰਦਾ ਹੋਵੇ ਤਾਂ ਉਸ ਦੇ ਜੀਵਣ ਵਿਚ ਕਈ ਬਿਖਾਦਾਂ ਉਪਜਦੀਆਂ ਹਨ, ਤੇ ਉਹ ਆਪਣੇ ਕਈ ਵਿਰੋਧੀ ਬਣਾ ਲੈਂਦਾ ਹੈ ਜੋ ਉਸ ਦੇ ਯਤਨਾਂ ਨੂੰ ਕਈ ਵਾਰ ਅਸਫਲ ਕਰ ਦਿੰਦੇ ਹਨ। ਜੇ ਉਸ ਦੀਆਂ ਜੀਵਨ ਕੀਮਤਾਂ ਹੀ ਖ਼ੁਦ-ਗ਼ਰਜ਼ੀ ਦੀਆਂ ਬੁਨਿਆਦ ਤੇ ਖੜੀਆਂ ਹੋਣ ਤਾਂ ਉਸ ਦੀ ਕਾਰਗੁਜ਼ਾਰੀਆਂ ਵਿਚੋਂ ਆਪੇ ਹੀ ਬਰਬਾਦੀਆਂ ਵੀ ਉਪਜ ਪੈਣੀਆਂ ਹੋਈਆਂ)।

੫. ਵੇਖੋ, ਧਨ ਦੀ ਖ਼ਾਤਰ ਜੀਵ ਚਾਕਰੀ ਕਰਦੇ ਹਨ ਤੇ ਚੋਰੀ ਵੀ ਕਰਦੇ ਹਨ।

੬. (ਉਨ੍ਹਾਂ ਨੂੰ ਭੁੱਲ ਜਾਂਦਾ ਹੈ ਕਿ) ਧਨ (ਇਕੱਠਾ ਵੀ ਹੋ ਜਾਵੇ ਤਾਂ ਵੀ ਇਹ) ਨਾਲ ਨਹੀਂ ਜਾਂਦਾ, ਸਗੋਂ ਹੋਰ ਵੀ ਨਾਲ ਚਲਾ ਜਾਂਦਾ ਹੈ। ਗੁਰੂ ਸਾਹਿਬ ਕਹਿਣਾ ਚਾਹੁੰਦੇ ਹਨ ਕਿ ਜੀਵਣ ਅੰਦਰ ਸਥਿਰਤਾ ਲਿਆਣ ਲਈ ਹਰੀ ਦੀ ਪ੍ਰਾਪਤੀ ਹੀ ਇਕੋ ਇਕ ਸਾਧਨ ਹੈ। ਧਨ ਆਦਿਕ ਮਾਇਕੀ ਚੀਜ਼ਾਂ ਉਤੇ ਨਾ ਸਿਰਫ ਭਰੋਸਾ ਨਹੀਂ ਕੀਤਾ ਜਾ ਸਕਦਾ, ਸਗੋਂ ਇਹ ਆਪਣੇ ਭਵਿੱਖਤ ਨੂੰ ਵੀ ਗਵਾ ਛਡਣਾ ਹੁੰਦਾ ਹੈ;

੭. ਇਸ ਲਈ ਪੱਕ ਸਮਝੋ ਕਿ ਸੱਚੇ ਨਾਮ ਤੋਂ ਬਿਨਾਂ ਹਰੀ-ਦਰਗਾਹ ਵਿਚ ਕੋਈ ਮਾਣ ਨਹੀਂ ਜੇ ਮਿਲਦਾ।

੮. ਜੋ ਜੀਵ ਹਰੀ ਦੇ ਨਾਮ ਦਾ ਰਸ ਮਾਣੇਗਾ, ਉਹ ਹੀ ਆਖਰਕਾਰ ਬੰਧਨਾਂ ਤੋਂ ਆਜ਼ਾਦ ਹੋਵੇਗਾ (ਤੇ ਹਰੀ-ਮਾਣ



Sri Satguru Jagjit Singh Ji eLibrary NamdhariElibrary@gmail.com

ਪ੍ਰਾਪਤ ਕਰੇਗਾ)।

ਨੋਟ:–ਨਾਮ ਦੀ ਮਹਾਨਤਾ ਦਰਸਾਣ ਲਈ ਗੁਰੂ ਸਾਹਿਬ ਸਾਰੇ ਮਨੁੱਖ ਜੀਵਣ ਦੀ ਫੋਲਾ-ਫਾਲੀ ਕਰ ਰਹੇ ਹਨ, ਵੱਖ ਵੱਖ ਪਹਿਲੂਆਂ ਤੋਂ (ਪਉੜੀ ਵਿਚ ਧਨ ਦੀ ਹੱਵਸ ਛੇੜੀ ਹੈ)।

## ਪਉੜੀ (੫੧)

ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ ॥
ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ ॥
ਹਾਰ ਡੋਰ ਕੰਕਨ ਘਣੇ ਕਰਿ ਥਾਕੀ ਸੀਗਾਰੁ ॥
ਮਿਲਿ ਪ੍ਰੀਤਮ ਸੁਖੁ ਪਾਇਆ ਸਗਲ ਗੁਣਾ ਗਲਿ ਹਾਰੁ ॥
ਨਾਨਕ ਗੁਰਮੁਖਿ ਪਾਈਐ ਹਰਿ ਸਿਉ ਪ੍ਰੀਤਿ ਪਿਆਰੁ ॥
ਹਰਿ ਬਿਨੁ ਕਿਨਿ ਸੁਖੁ ਪਾਇਆ ਦੇਖਹੁ ਮਨਿ ਬੀਚਾਰਿ ॥
ਹਰਿ ਪੜਣਾ ਹਰਿ ਬੁਝਣਾ ਹਰਿ ਸਿਉ ਰਖਹੁ ਪਿਆਰੁ ॥
ਹਰਿ ਜਪੀਐ ਹਰਿ ਧਿਆਈਐ ਹਰਿ ਕਾ ਨਾਮੁ ਅਧਾਰੁ ॥੫੧॥

## ਪਦ-ਅਰਥ

ਹੇਰਤ–ਵੇਖ ਕੇ (ਹਰੀ ਨੂੰ); ਰਵੈ–ਸਿਮਰਦੀ ਸੀ; ਕੰਕਨ–ਕੰਗਣ (ਕੜੇ); ਘਣੇ–ਬਹੁਤ।

## ਟੀਕਾ

੧. ਹੇ ਸਹੇਲੀ, ਆਪਣੇ ਅੰਦਰ ਮੈਂ ਹਰੀ ਦੇ ਦਰਸ਼ਨ ਕਰਕੇ ਹੈਰਾਨ ਹੋ ਰਹੀ ਹਾਂ (ਵਿਸਮਾਦ ਵਿਚ ਚਲੀ ਗਈ ਹਾਂ ਕਿ ਪਹਿਲਾਂ ਕਿਉਂ ਨ ਇਹ ਦਰਸ਼ਨ ਕਰ ਸਕੀ। ਹੁਣ ਜੂ ਅੰਦਰਲੇ ਰਹਸਵਾਦ ਦਾ ਅਨੰਦ ਮਾਣ ਰਹੀ ਹਾਂ, (ਪਹਿਲਾਂ ਕਿਉਂ ਨਾ ਮਾਣਿਆ ?)

੨. (ਪਰ ਇਹ ਕਿਵੇਂ ਹੋਇਆ ਸੀ ?) ਗੁਰ-ਸ਼ਬਦ ਦੁਆਰਾ ਮੇਰੀ ਜੀਭ ਉਸ ਨੂੰ ਸਿਮਰਦੀ ਸੀ, ਮਨ ਵਿਚ (ਭਰਪੂਰ) ਗਿਆਨ (ਜੋ ਅੰਦਰੋਂ ਜਾਗ੍ਰਤ ਨਾਲ ਹੀ ਉਪਜਦਾ ਹੈ) ਹੋ ਗਿਆ ਸੀ ਤੇ



Sri Satguru Jagjit Singh Ji eLibrary NamdhariElibrary@gmail.com

ਮੈਂ-ਮੈਂ ਕਰਨ ਵਾਲੀ ਹਉਮੈਂ ਖਤਮ ਹੋ ਗਈ ਸੀ।

੩. (ਵੇਖ ਸਹੇਲੀਏ) ਮੈਂ ਕਈ ਪ੍ਰਕਾਰ ਦੇ ਹਾਰ, ਡੋਰ, ਕੜਿਆਂ ਦੇ ਸ਼ਿੰਗਾਰ ਕਰ ਕਰਕੇ ਥੱਕ ਗਈ ਸਾਂ ਅਰਥਾਤ ਮੈਂ ਹਰੀ ਨੂੰ ਰੀਝਾਣ ਲਈ ਕਈ ਰਸਮੀ ਤੇ ਵਿਖਾਵੇ ਦੇ ਕਰਮ-ਕਾਂਡਾਂ ਵਿਚ ਲਗੀ ਰਹੀ ਸਾਂ (ਪਰ ਮੇਰਾ ਬਣਿਆ ਕੁਝ ਨਹੀਂ ਸੀ : 'ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ' ਵਾਲੀ ਬਾਤ ਹੋ ਗਈ ਸੀ। ਇਸ ਦੇ ਉਲਟ :

'ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ॥
ਨਾਨਕ ਮੇਲਿ ਲਈ ਗੁਰ ਅਪਣੈ ਘਰਿ ਵਰੁ ਪਾਇਆ ਨਾਰੀ॥'
(ਪੰਨਾ ੧੧੦੯)

ਹੁਣ ਕਿਵੇਂ ਹੋ ਗਿਆ ਹੈ ? ਸੁਣੋ : ਇਕ ਹੁੰਦਾ ਹੈ ਰਸਮੀ ਪੂਜਾ ਪਾਠ, ਜਿਵੇਂ ਆਮ ਧਰਮ-ਧਾਰੀ ਲੋਕ ਕਰਦੇ ਰਹਿੰਦੇ ਹਨ–ਇਸ 'ਚੋਂ ਕੋਈ ਲਾਭ ਨਹੀਂ ਉਪਜਦਾ, ਪਰ ਜਦੋਂ ਇਹੋ ਕਰਮ-ਕਾਂਡ ਹਰੀ ਦੇ ਮੇਲ ਦੀ ਤੜਪ ਨੂੰ ਵਧੇਰੇ ਤੇਜ਼ ਕਰਦੇ ਹੋਣ, ਤਾਂ ਅਵੱਸ਼ ਫਲ ਮਿਲਦਾ ਹੈ)।

੪. ਹੇ ਸਹੇਲੀ, ਮੈਂ ਤਾਂ ਹਰੀ ਦੇ ਗੁਣਾਂ ਦਾ ਆਪਣੇ ਗਲ ਵਿਚ ਹਾਰ ਹੀ ਪਾ ਲਿਆ ਸੀ ਤੇ ਇਸ ਤਰ੍ਹਾਂ ਹਰੀ ਨੂੰ ਮਿਲੀ ਸਾਂ ਤੇ ਸੁੱਖ ਪਾ ਲਿਆ ਹੋਇਆ ਹੈ (ਅਨੰਦ ਸਰੂਪ ਜੂ ਅੰਦਰ ਆ ਵਸਿਆ ਹੈ)।

੫. ਹੇ ਨਾਨਕ, ਹਰੀ ਨਾਲ ਸੱਚੀ ਪ੍ਰੀਤ-ਪਿਆਰ, ਗੁਰੂ ਦੀ ਤਾਬੇਦਾਰੀ ਵਿਚ ਹੋ ਕੇ, ਗੁਰੂ ਦੀ ਪੂਰਨ ਅਗਵਾਈ ਵਿਚ ਹੋ ਕੇ, ਹੀ ਪਾਈਦਾ ਹੈ (ਤੇ ਇਸ ਤਰ੍ਹਾਂ ਹਰੀ ਦਰਸ਼ਨ ਦੇ ਯੋਗ ਬਣੀਦਾ ਹੈ)।

੬. ਆਪਣੇ ਮਨ ਵਿਚ ਵਿਚਾਰ ਕੇ ਵੇਖੋ ਕਿ ਹਰੀ ਦੀ ਪ੍ਰਾਪੰਤੀ ਤੋਂ ਬਿਨਾਂ ਕਿਸ ਨੇ ਕਦੀ ਸੁਖ ਪਾਇਆ ਹੈ ? (ਕਿਸੇ ਨਹੀਂ ਪਾਇਆ)।

੭. (ਯਾਦ ਰਖੋ ਕਿ) ਹਰੀ ਦੇ ਗੁਣ ਵਡਿਆਈਆਂ ਨੂੰ ਪੜ੍ਹਨਾ ਹੁੰਦਾ ਹੈ ਤੇ ਇਸ ਤਰ੍ਹਾਂ ਹਰੀ ਦੇ ਸਹੀ ਸਰੂਪ ਨੂੰ ਆਪਣੇ ਅੰਦਰ



Sri Satguru Jagjit Singh Ji eLibrary NamdhariElibrary@gmail.com

ਬੁਝ ਲੈਣਾ ਹੁੰਦਾ ਹੈ; ਇਸ ਲਈ, ਸਹੇਲੀਓ, ਹਰੀ ਨਾਲ ਹੀ (ਡੂੰਘਾ) ਪਿਆਰ ਬਣਾਓ।

੮. (ਸੋ ਆਉ) ਹਰੀ ਨੂੰ ਸਿਮਰੀਏ, ਹਰੀ ਦਾ ਧਿਆਨ ਧਰੀਏ, ਹਰੀ ਦੇ ਨਾਮ ਨੂੰ ਜੀਵਣ ਦਾ ਅਧਾਰ ਬਣਾਈਏ।

ਨੋਟ : ਕਿਤਨੀ ਅਮੋਲਕ ਇਹ ਪਉੜੀ ਹੈ ? ਇਸ ਵਿਚ ਨਾਮ ਦੀ ਕਿਤਨੀ ਸੁੰਦਰ, ਵਿਆਖਿਆ ਹੈ ? ਹਰੀ ਨੂੰ ਸਿਮਰਨਾ ਹੈ, ਧਿਆਨ ਧਰਨਾ ਹੈ, ਉਸ ਦੇ ਗੁਣ ਵਡਿਆਈਆਂ ਨੂੰ ਦਿਲਾਂ ਵਿਚ ਵਸਾਣਾ ਹੈ, ਹਉਮੈ-ਮਾਇਆ ਦੇ ਅਸਰਾਂ ਤੋਂ, ਆਪਣੇ ਯਤਨਾਂ ਨਾਲ, ਆਪਣੀ ਹੀ ਮਿਹਨਤ ਨਾਲ, ਬਚਣਾ ਹੈ। ਗੁਰ-ਸਿੱਖੀ ਵਿਚ ਨਾਮ ਦੇ ਇਹ ਹੀ ਅਰਥ ਹਨ। ਜਿਹੜੇ ਲੋਕ ਇਸ ਗੱਲ ਨੂੰ ਸਮਝ ਲੈਂਦੇ ਹਨ, ਉਹ ਭਿੰਨ ਭਿੰਨ ਗੱਦੀਦਾਰਾਂ ਦੇ ਪਾਏ ਭੁਲੇਖਿਆਂ ਤੋਂ ਗੁਮਰਾਹ ਨਹੀਂ ਹੋ ਸਕਦੇ। ਗੁਰੂ ਕੇ ਸਿੰਘੋ, 'ਓਅੰਕਾਰ' ਉਤੇ ਉਚਾਰੀ ਗੁਰੂ ਨਾਨਕ ਦੇਵ ਜੀ ਦੀ ਇਹ ਸਾਰੀ ਬਾਣੀ ਧਿਆਨ ਨਾਲ ਪੜ੍ਹੋ ਤੇ ਵਿਚਾਰੋ। ਇਸ ਪਉੜੀ ਵਿਚ ਵੀ 'ਪੜ੍ਹੋ ਤੇ ਵਿਚਾਰੋ' ਉਤੇ ਹੀ ਜ਼ੋਰ ਦਿਤਾ ਗਿਆ ਹੈ। ਹਰੀ ਦੀ ਪ੍ਰਾਪਤੀ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ, ਇਹ ਮਿਹਨਤ ਮੰਗਦੀ ਹੈ, ਸੱਚੀ ਟਕਸਾਲ ਵਿਚ ਘੜੇ ਜਾਣ ਲਈ। ਪਰ ਵੇਖੋ, ਅਜ ਕਲ ਕੀ ਹੋ ਰਿਹਾ ਹੈ ? ਕੀ ਅਜ ਫੋਕਟ ਕਰਮ-ਕਾਂਡਾਂ ਵਿਚ ਸਿਖ ਜਗਤ ਨਹੀਂ ਪੈ ਗਿਆ ਹੋਇਆ, ਜਿਨ੍ਹਾਂ ਵਿਚੋਂ ਇਸ ਨੂੰ ਗੁਰੂ ਜੀ ਨੇ ਬੜੀ ਮਿਹਨਤ ਨਾਲ ਕਢਿਆ ਸੀ ? ਕੀ ਸਾਧਾਰਨ ਪਾਠ, ਸੰਪਟ ਪਾਠ, ਅਖੰਡ ਪਾਠ ਤੇ ਹੋਰ ਕਈ ਤਰ੍ਹਾਂ ਹੁੰਦੇ ਪਾਠਾਂ ਨੂੰ ਵੇਖ ਕੇ ਕੋਈ ਇਹ ਫੈਸਲਾ ਦੇ ਸਕਦਾ ਹੈ ਕਿ ਇਹ ਗੁਰੂ ਸਾਹਿਬ ਦੀ ਸਿਖੀ ਅਨੁਸਾਰ ਹੀ ਹੋ ਰਿਹਾ ਹੈ ? ਹੁਣ ਤਾਂ ਬਾਣੀਆਂ ਦੇ ਪਾਠਾਂ ਦਾ ਤਅੱਲਕ ਨਿਰਾ ਪੜ੍ਹਣ ਪੜ੍ਹਾਣ ਨਾਲ ਹੀ ਰਹਿ ਗਿਆ ਹੈ, ਇਹਨਾਂ ਨੂੰ ਸਮਝਣ ਵਿਚਾਰਨ ਜਾਂ ਅਮਲ ਵਿਚ ਲਿਆਣ ਦੀ ਲੋੜ ਹੀ ਨਹੀਂ ਸਮਝੀ ਜਾਂਦੀ। ਧਰਮ ਅਸਥਾਨਾਂ, ਗੁਰਦੁਆਰਿਆਂ ਤੇ ਸੰਤਾਂ ਦੇ ਡੇਰਿਆਂ



Sri Satguru Jagjit Singh Ji eLibrary NamdhariElibrary@gmail.com

ਵਿਚ ਪਾਠਾਂ ਦਾ ਵਪਾਰ ਚਲ ਪਿਆ ਹੋਇਆ ਹੈ । ਜਿਨ੍ਹਾਂ ਨੇ ਗੁਰਮਤਿ ਦਾ ਪ੍ਰਚਾਰ ਕਰਨਾ ਸੀ, ਉਹ ਆਪ ਹੀ ਮਾਇਆ ਦੇ ਅਧੀਨ ਹੋ ਗਏ ਹੋਏ ਹਨ। ਹੁਣ ਤਾਂ ਸਗੋਂ ਇਸ ਵਪਾਰ ਨੂੰ ਠਲ੍ਹ ਪਾਣੀ ਵੀ ਔਖੀ ਹੋ ਗਈ ਹੋਈ ਹੈ; ਕਿਉਂਕਿ ਹਜ਼ਾਰਾਂ ਪਾਠੀਆਂ, ਭਾਈਆਂ ਤੇ ਗ੍ਰੰਥੀਆਂ ਦਾ ਰੁਜ਼ਗਾਰ ਹੀ ਬੰਦ ਹੋ ਜਾਂਦਾ ਹੈ। ਕੀ ਬਾਉਲੀ ਸਾਹਿਬ ਦੀਆਂ ੮੪ ਪਉੜੀਆਂ ਤੇ ਬੈਠ ਕੇ ਤੇ ਕਿਸੇ ਖਾਸ ਤਰਫ ਮੂੰਹ ਕਰ ਕੇ ਕੁਝ ਗਿਣਤੀ ਦੇ ਪਾਠ ਕਰਨੇ ਤੇ ਇਸ ਤਰ੍ਹਾਂ ਇਨ੍ਹਾਂ ਨੂੰ ਚੌਰਾਸੀ ਕੱਟਣ ਦਾ ਸਾਧਨ ਮੰਨਣਾ, ਨਵੇਂ ਕਰਮ-ਕਾਂਡ ਨਹੀਂ ਚਲ ਪਏ ? ਕੀ ਹੁਣ ਸਿਖਾਂ ਨੇ ਆਪਣੇ ਤੀਰਥ ਵੀ ਨਹੀਂ ਬਣਾ ਲਏ ਹੋਏ, ਜਿਥੇ ਖਾਸ ਖਾਸ ਦਿਨਾਂ ਤੇ ਕੀਤੇ ਇਸ਼ਨਾਨ ਮੁਕਤੀ ਦਾ ਵਸੀਲਾ ਮੰਨ ਲਏ ਗਏ ਹਨ ? ਕੀ ਇਹ ਸਾਰੀ ਗੁਰੂ ਨਾਨਕ ਦੀ ਸਿਖੀ ਹੀ ਹੈ ? ਕੀ ਇਸ ਸਿਖੀ ਨੂੰ ਵੇਖ ਕੇ ਜਾਂ ਕਿਸੇ ਇਕ ਸਿਖ ਸੰਪ੍ਰਦਾ ਵਿਚ ਚਾਲੂ ਹੋਈਆਂ ਰਸਮਾਂ ਤੇ ਰਵਾਇਤਾਂ ਨੂੰ ਵੇਖ ਕੇ ਕੋਈ ਸਿਖੀ ਦਾ ਸਹੀ ਸਰੂਪ ਦੱਸ ਸਕਦਾ ਹੈ ? ਅਫਸੋਸ ! ਅਫਸੋਸ !! ਅਫਸੋਸ !!! ਕਿਥੇ ਖੜੇ ਸਾਂ ਤੇ ਕਿਥੇ ਡਿੱਗੇ ਹਾਂ ?

## ਪਉੜੀ (੫੨)

ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥
ਆਪੇ ਕਾਰਣੁ ਜਿਨਿ ਕੀਆ ਕਰਿ ਕਿਰਪਾ ਪਗੁ ਧਾਰਿ ॥
ਕਰਤੇ ਹਥਿ ਵਡਿਆਈਆ ਬੂਝਹੁ ਗੁਰ ਬੀਚਾਰਿ ॥
ਲਿਖਿਆ ਫੇਰਿ ਨ ਸਕੀਐ ਜਿਉ ਭਾਵੀ ਤਿਉ ਸਾਰਿ ॥
ਨਦਰਿ ਤੇਰੀ ਸੁਖੁ ਪਾਇਆ ਨਾਨਕ ਸਬਦੁ ਵੀਚਾਰਿ ॥
ਮਨਮੁਖ ਭੂਲੇ ਪਚਿ ਮੁਏ ਉਬਰੇ ਗੁਰ ਬੀਚਾਰਿ ॥
ਜਿ ਪੁਰਖੁ ਨਦਰਿ ਨ ਆਵਈ ਤਿਸ ਕਾ ਕਿਆ ਕਰਿ ਕਹਿਆ ਜਾਇ॥
ਬਲਿਹਾਰੀ ਗੁਰ ਆਪਣੇ ਜਿਨਿ ਹਿਰਦੈ ਦਿਤਾ ਦਿਖਾਇ ॥੫੨॥



Sri Satguru Jagjit Singh Ji eLibrary NamdhariElibrary@gmail.com

# ਪਦ-ਅਰਥ

ਪਗੁ–ਪੈਰ, ਚਰਨ; ਪਚਿ ਮੁਏ–ਸੜ ਮੁਏ, ਉਬਰੇ–ਤਰੇ।

# ਟੀਕਾ

੧. (ਪਉੜੀ ੧੭ਵੀਂ ਨਾਲ ਇਸ ਨੂੰ ਵੀ ਰਲਾਉ) ਹੇ ਸਖੀ, ਸਾਡੇ ਕਰਮਾਂ ਤੋਂ ਉਪਜੇ ਲੇਖ ਜੋ ਹਰੀ ਨੇ (ਆਪਣੇ ਹੁਕਮ ਵਿਚ) ਲਿਖੇ ਹਨ, ਉਹ ਆਸਾਨੀ ਨਾਲ ਮਿਟਦੇ ਨਹੀਂ ਹੁੰਦੇ,

੨. ਹਾਂ, ਜਿਸ ਹਰੀ ਨੇ ਇਹ ਸਾਰਾ ਕਾਰਣ (ਲੇਖਾਂ ਦੇ ਉਪਜਾਣ ਦਾ) ਬਣਾਇਆ ਹੈ, ਜੇ ਉਹ ਆਪ ਕਿਰਪਾ ਕਰਕੇ ਸਾਡਿਆਂ ਹਿਰਦਿਆਂ ਵਿਚ ਚਰਣ ਪਾ ਦੇਵੇ (ਅਰਥਾਤ ਜੇ ਉਸ ਨਾਲ ਸਾਡਾ ਮੇਲ ਹੋ ਜਾਵੇ ਤਾਂ ਸਭ ਲੇਖੇ ਲਾਖੇ ਮੁਕ ਜਾਂਦੇ ਹਨ। ਪਰ, ਜਿਵੇਂ ਅਸੀਂ ਪਿਛੇ ਕੁਝ ਪਉੜੀਆਂ ਵਿਚ ਵੇਖ ਆਏ ਹਾਂ, ਹਰੀ ਦੀ ਕਿਰਪਾ ਤਾਂ ਹੀ ਹੁੰਦੀ ਹੈ ਜੇ ਅਸੀਂ ਪਹਿਲਾਂ ਆਪਣੇ ਆਪ ਨੂੰ ਉਸ ਕਿਰਪਾ ਦੇ ਯੋਗ ਵੀ ਬਣਾਈਏ)।

੩. ਕਰਤਾਰ ਦੇ ਹੱਥ ਸਭ ਵਡਿਆਈਆਂ ਤਾਂ ਹਨ ਹੀ ਪਰ ਇਸ ਦਾ ਭੇਦ ਤੁਸੀਂ, ਹੇ ਸਖੀ, ਪਹਿਲਾਂ ਗੁਰੂ-ਸ਼ਬਦ ਦੀ ਵਿਚਾਰ ਦਵਾਰਾ ਸਮਝੋ :

੪. ਲਿਖਿਆ ਹੋਇਆ ਲੇਖ ਸਾਡੇ ਅੰਦਰ ਉਕਰਿਆ ਹੁੰਦਾ ਹੈ, ਜੋ ਫੇਰਿਆ (ਬਦਲਿਆ) ਨਹੀਂ ਜਾ ਸਕਦਾ। ਸੋ, ਹੇ ਹਰੀ, ਜਿਵੇਂ ਤੈਨੂੰ ਭਾਉਂਦਾ ਹੈ ਤਿਵੇਂ ਤੂੰ ਮੇਰੀ ਸੰਭਾਲ ਕਰ (ਅਰਥਾਤ ਜਿਵੇਂ ਕਿਵੇਂ ਤੂੰ ਹੀ ਮੈਨੂੰ ਸਹੀ ਰਸਤੇ ਪਾਉ ਤਾਂ ਜੋ ਮੈਂ ਆਪਣੇ ਲੇਖਾਂ ਨੂੰ ਮੇਟ ਸਕਾਂ)।

੫. ਹੇ ਨਾਨਕ, ਤੇਰੀ (ਹਰੀ ਦੀ) ਮਿਹਰ ਨਾਲ, ਸ਼ਬਦ ਨੂੰ ਵਿਚਾਰ ਕੇ ਹੀ, ਗੁਰਮੁਖ ਜੀਵ ਨੇ ਸੁਖ ਪਾਇਆ ਹੁੰਦਾ ਹੈ।

੬. ਪਰ ਮਨਮੁਖ ਭੂਲੇ ਹੁੰਦੇ ਹਨ ਤੇ ਪਚ ਮਰਦੇ ਹਨ; ਬਚਦੇ



Sri Satguru Jagjit Singh Ji eLibrary NamdhariElibrary@gmail.com

ਕੇਵਲ ਗੁਰਮੁਖ ਹਨ ਜੋ ਗੁਰੂ ਦੇ ਸ਼ਬਦ ਦੀ ਵਿਚਾਰ ਵਿਚ ਹੋ ਜਾਂਦੇ ਹਨ, (ਤੇ ਉਸ ਨੂੰ ਪਾ ਲੈਂਦੇ ਹਨ)।

੭. (ਉਹ ਉਸ ਨੂੰ ਪਾਂਦੇ ਕਿਵੇਂ ਹਨ ?) ਜੇ ਉਹ ਪੁਰਖ ਨਜ਼ਰ ਹੀ ਨਹੀਂ ਆਂਵਦਾ ਤਾਂ ਉਸ ਨੂੰ ਕੀ ਆਖ ਕੇ ਬਿਆਨ ਕੀਤਾ ਜਾਂਦਾ ਹੈ ? (ਉੱਤਰ ਪਿਆਰ ਦੀ ਬੋਲੀ ਵਿਚ ਇਉਂ ਹੈ :)

੮. ਮੈਂ ਸਦਕੇ ਹਾਂ ਗੁਰੂ ਤੋਂ ਜਿਸ ਨੇ ਮੈਨੂੰ ਮੇਰੇ ਹਿਰਦੇ ਅੰਦਰ ਹੀ (ਪਿਆਰ ਉਪਜਾਕੇ) ਹਰੀ ਨੂੰ ਪ੍ਰਗਟ ਕਰ ਦਿਤਾ ਹੈ, ਪਰ, ਇਉਂ ਕਿਸੇ ਕਰਾਮਾਤ ਨਾਲ ਨਹੀਂ ਹੋ ਜਾਂਦਾ, ਗੁਰੂ ਦੀ ਅਗਵਾਈ ਵਿਚ ਹੋ ਕੇ ਤੇ ਆਪਣੀ ਉਸਾਰੀ ਆਪ ਕਰ ਕੇ ਹੀ ਇਉਂ ਹੁੰਦਾ ਹੈ) :

ਮਿਟਹਿ ਕਮਾਣੇ ਪਾਪ ਚਿਰਾਣੇ ਸਾਧ ਸੰਗਤਿ ਮਿਲਿ ਮੁਆ ਜੀਜੈ ॥
(ਧਨਾਸਰੀ ਮਹਲਾ ੫)

ਅਰਥਾਤ 'ਚਿਰਾਂ ਦੇ ਕਮਾਏ ਪਾਪ ਮਿਟ ਜਾਂਦੇ ਹਨ, ਸਾਧ ਸੰਗਤ ਦੁਆਰਾ ਮੋਏ ਵੀ ਜੀ ਪੈਂਦੇ ਹਨ।)।

## ਪਉੜੀ (੫੩)

ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ ॥
ਬਿਦਿਆ ਸੋਧੈ ਤਤੁ ਲਹੈ ਰਾਮਨਾਮ ਲਿਵ ਲਾਇ ॥
ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ ॥
ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ ॥੫੩॥

## ਪਦ-ਅਰਥ

ਪੜਿਆ–ਪੜ੍ਹਿਆ-ਗੁੜ੍ਹਿਆ ਹੋਇਆ, ਵਿਦਵਾਨ; ਬਿਚਰੈ–ਵਿਚਰਦਾ ਹੈ, ਚਲਾਂਦਾ ਹੈ; ਬਿਕ੍ਰਦਾ–ਵੇਚਦਾ; ਕਾਇ–ਕੋਈ ਵੀ।

## ਟੀਕਾ

੧. ਪੜ੍ਹਿਆ (ਵਿਦਵਾਨ) ਪੰਡਤ ਉਸ ਨੂੰ ਆਖੀਦਾ ਹੈ ਜੋ



Sri Satguru Jagjit Singh Ji eLibrary NamdhariElibrary@gmail.com

ਵਿਦਿਆ ਨੂੰ ਸਹਜ ਸੁਭਾਇ (ਸੁਤੇ ਹੀ) ਆਪਣੇ ਜੀਵਨ ਵਿਚ ਵਿਚਰਦਾ ਹੈ (ਤੋਰਦਾ ਹੈ, ਚਲਾਂਦਾ ਹੈ)

੨. ਉਸ ਦੀ ਵਿਦਿਆ ਉਸ ਦਾ ਆਪਣਾ ਜੀਵਨ ਸੋਧ ਦਿੰਦੀ ਹੈ, ਉਹ ਹਰੀ ਦੇ ਨਾਮ ਵਿਚ ਪ੍ਰੀਤ ਜੋੜ ਕੇ ਅਸਲੀਅਤ ਦੀ ਪਛਾਣ ਕਰ ਲੈਂਦਾ ਹੈ (ਨਹੀਂ ਤਾਂ) :

ਪੜਿਆ ਮੂਰਖ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥
ਆਸਾ ਮਹਲਾ ੧, ਪੰਨਾ ੧੪੦)

੩. ਮਨਮੁਖ ਵਿਦਿਆ ਵੇਚਦਾ ਹੈ (ਵਿਦਿਆ ਦਾ ਪ੍ਰਭਾਵ ਉਹ ਆਪ ਨਹੀਂ ਕਬੂਲਦਾ, ਕੇਵਲ ਪੈਸੇ ਲਈ ਦੂਜਿਆਂ ਨੂੰ ਦਸਦਾ ਹੈ)। ਉਹ ਮਾਇਆ–ਜ਼ਹਿਰ ਖਟਦਾ ਹੈ ਤੇ ਜ਼ਹਿਰ ਹੀ ਖਾਂਦਾ ਹੈ ('ਜੇਤਾ ਪੜਿਆ ਤੇਤਾ ਕੜਿਆ' ਵਾਲੀ ਬਾਤ ਹੋ ਜਾਂਦੀ ਹੈ) ਧਰਮ ਦੇ ਪ੍ਰਚਾਰਕਾਂ ਦਾ ਆਪਣਾ ਆਚਰਨ ਹੀ ਜੇ ਉਤਮ ਨਹੀਂ ਤਾਂ ਉਹਨਾਂ ਦਾ ਪ੍ਰਭਾਵ ਵੀ ਨਹੀਂ ਪੈ ਸਕਦਾ।

ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥
(ਪੰਨਾ ੩੮੧)

੪. ਮੂਰਖ ਪੁਰਖ ਗੁਰ-ਸ਼ਬਦ ਨੂੰ ਵਿਚਾਰਦਾ ਹੀ ਨਹੀਂ, ਇਸ ਲਈ ਉਸ ਨੂੰ ਸਹੀ ਸੂਝ ਬੂਝ ਉਪਜਦੀ ਵੀ ਨਹੀਂ (ਅਗਲੀ ਪਉੜੀ ਵਿਚ ਗੁਰਮੁਖ ਪਾਂਧਾ ਵਿਖਾਇਆ ਗਿਆ ਹੈ।

## ਪਉੜੀ (੫੪)

ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ ॥
ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ ॥
ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮਨਾਮੁ ਗਲਿ ਹਾਰੁ॥੫੪॥



Sri Satguru Jagjit Singh Ji eLibrary NamdhariElibrary@gmail.com

# ਪਦ-ਅਰਥ

ਚਾਟੜਿਆ–ਜਗਿਆਸੂਆਂ ਨੂੰ; ਸਮਾਲਹੁ–ਯਾਦ ਕਰੋ, ਸਿਮਰੋ, ਜਪੋ; ਸੰਗਰਹੁ–ਇਕੱਠਾ ਕਰੋ; ਸਾਰੁ–ਸ੍ਰੇਸ਼ਟ; ਬੀਨਾ–ਸਿਆਣਾ।

# ਟੀਕਾ

੧. ਗੁਰਮੁਖਿ ਪਾਂਧਾ ਉਸ ਨੂੰ ਆਖੀਦਾ ਹੈ ਜੋ ਜਗਿਆਸੂਆਂ ਨੂੰ (ਇਉਂ) ਮਤਿ ਦੇਵੇ :

੨. ਮਿਤ੍ਰ, ਨਾਮ ਜਪੋ, ਨਾਮ ਇਕੱਠਾ ਕਰੋ (ਨਾਮ ਤੋਂ ਉਪਜਿਆ ਫਲ ਇਕੱਠਾ ਕਰੋ)। ਅਜਿਹਾ ਪੰਡਤ ਹੀ ਜਗਤ ਵਿਚ ਲਾਹਾ ਲੈਂਦਾ ਹੈ (ਨਹੀਂ ਤਾਂ ਉਹ ਕੋਰਾ ਹੀ ਕੋਰਾ ਰਹਿੰਦਾ ਹੈ)।

੩. (ਹੇ ਪੰਡਤ ਜੀ, ਸੱਚੀ ਪਟੀ ਹੀ ਲਿਖਣੀ-ਲਿਖਵਾਣੀ ਚਾਹੀਦੀ ਹੈ-ਉਹ ਕਿਵੇਂ ?) ਮਨ ਵਿਚ ਸੱਚ ਦਾ ਵਾਸਾ ਹੋ ਜਾਣ ਨਾਲ 'ਸਚੀ ਪਟੀ' ਹੋ ਜਾਵੇਗੀ ਪਰ ਹੋਵੇਗਾ ਇਹ ਤਾਂ ਜੇ ਗੁਰੂ ਦਾ ਸ੍ਰੇਸ਼ਟ ਸ਼ਬਦ ਪੜ੍ਹਿਆ ਤੇ ਵਿਚਾਰਿਆ ਜਾਏਗਾ।

੪. ਸੋ, ਹੇ ਨਾਨਕ, ਉਹੋ ਪੰਡਤ ਪੜ੍ਹਿਆ, ਲਿਖਿਆ; ਤੇ ਸਿਆਣਾ ਹੁੰਦਾ ਹੈ, ਜਿਸ ਨੇ ਆਪਣੇ ਹਿਰਦੇ ਰੂਪ ਗਲ ਵਿਚ ਹਰੀ ਦੇ ਨਾਮ ਦਾ ਹਾਰ ਪਾ ਲਿਆ ਹੁੰਦਾ ਹੈ।

–੦–

'ਓਅੰਕਾਰ' ਬਾਣੀ ਦੀ ਏਥੇ ਸਮਾਪਤੀ ਹੋ ਚੁਕਣ ਉਪਰੰਤ, ਅਸੀਂ ਹੋਰ ਵੀ ਦ੍ਰਿੜ੍ਹਤਾ ਨਾਲ ਦਾਅਵਾ ਕਰਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਸਿਖੀ ਵਿਚ 'ਨਾਦ' ਨੂੰ ਕੋਈ ਥਾਂ ਨਹੀਂ ਸੀ ਦਿੱਤੀ; ਸਿਖੀ ਵਿਚ ਸਗੋਂ ਨਾਮ ਹੀ ਮੂਹਰੇ ਰਖਿਆ ਸੀ ਤੇ ਇਸ ਦਾ 'ਨਾਦ' ਨਾਲ ਕੋਈ ਵੀ ਵਾਸਤਾ ਨਹੀਂ ਸੀ। ਅਸੀਂ ਬਾਬਾ ਚਰਨ ਸਿੰਘ ਜੀ ਨੂੰ ਇਕ ਵਾਰ ਹੋਰ ਬੇਨਤੀ ਕਰਦੇ ਹਾਂ ਕਿ ਉਹ, ਜਿਸ ਥਾਂ ਤੇ



Sri Satguru Jagjit Singh Ji eLibrary NamdhariElibrary@gmail.com

ਆਪ ਬੈਠੇ ਹਨ, ਉਸ ਦੀ ਮਹਾਨਤਾ ਨੂੰ ਮੁੱਖ ਰੱਖ ਕੇ ਹੀ, ਆਪਣਾ ਫਰਜ਼ ਪਛਾਨਣ, ਕਿਉਂਕਿ ਸੱਚ ਆਖਰ, ਸੱਚ ਹੈ ਤੇ ਕੱਚ, ਕੱਚ ਹੈ। ਉਹਨਾਂ ਨੂੰ ਯਕੀਨ ਕਰ ਲੈਣਾ ਚਾਹੀਦਾ ਹੈ ਕਿ ਅਸੀਂ ਉਹਨਾਂ ਨਾਲ ਕਿਸੇ ਕਿਸਮ ਦਾ ਝਗੜਾ ਨਹੀਂ ਚਾਹੁੰਦੇ ਪਰ ਸਾਡੇ ਲਈ ਇਹ ਬਾਤ ਅਸਹਿ ਹੈ ਕਿ ਗੁਰਸਿਖੀ ਦੀ ਹਾਨੀ ਹੋ ਰਹੀ ਹੋਵੇ, ਜਿਵੇਂ ਕਈ ਚਿਰ ਤੋਂ ਹੁੰਦੀ ਆ ਰਹੀ ਹੈ, ਤੇ ਅਸੀਂ ਸਦਾ ਹੀ ਚੁਪ ਹੋ ਕੇ ਵੇਖਦੇ ਰਹੀਏ। ਇਕ ਸਮਾਂ ਐਸਾ ਵੀ ਆ ਜਾਂਦਾ ਹੈ ਜਦੋਂ ਸੱਚ ਨਿਧੜਕ ਹੋ ਕੇ ਕਹਿਣਾ ਧਰਮ ਹੋ ਜਾਂਦਾ ਹੈ :

ਸਚੁ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥
(ਤਿਲੰਗ ਮਹਲਾ ੧, ਪੰਨਾ ੭੨੩)

ਇਹ ਪੁਸਤਕ ਅਸੀਂ ਬਾਬਾ ਜੀ ਦੀ ਸੇਵਾ ਵਿਚ ਭੀ ਜ਼ਰੂਰ ਭੇਜਾਂਗੇ, ਜਿਵੇਂ ਪਿਛਲੇਰੇ ਦੋ ਟਰੈਕਟ ਭੇਜੇ ਸਨ, ਤੇ ਉਡੀਕ ਵੀ ਕਰਾਂਗੇ ਕਿ ਉਹ ਗੁਰਮਤਿ ਨਾਲ ਇਨਸਾਫ ਕਰਨ ਲਈ ਕੀ ਰਾਹ ਕਢਦੇ ਹਨ? ਪ੍ਰਮਾਤਮਾ ਉਹਨਾਂ ਨੂੰ ਸੁਮਤਿ ਬਖਸ਼ੇ ਤੇ ਸਹੀ ਰਸਤਾ ਵਿਖਾਲੇ।

Sri Satguru Jagjit Singh Ji eLibrary NamdhariElibrary@gmail.com